A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 12 No: 272 Website : www.punjabiakhbaar.ca Email: editor@punjabiakhbaar.ca Friday, 18 July 2025

# 114 ਸਾਲਾ ਦੌੜਾਕ ਫ਼ੌਜਾ ਸਿੰਘ ਦਾ ਸੜਕ ਹਾਦਸੇ ਵਿੱਚ ਦੇਹਾਂਤ

## ਟੱਕਰ ਮਾਰਕੇ ਭੱਜਣ ਵਾਲੀ ਗੱਡੀ ਦੀ ਪਛਾਣ ਹੋਈ



ਜਲੰਧਰ (ਪੰਜਾਬੀ ਅਖ਼ਬਾਰ ਬਿਊਰੋ) ਫੌਜਾ ਸਿੰਘ ਨੂੰ ਟੱਕਰ ਮਾਰਣ ਵਾਲੀ ਗੱਡੀ ਦੀ ਪਛਾਣ ਫੌਰਚੂਨਰ ਦਾ ਨੰਬਰ PB 20 C 7100 ਵੱਜੋਂ ਹੋਈ ਹੈ। ਸੀਸੀਟੀਵੀ ਫੁਟੇਜ ਅਤੇ ਗੱਡੀ ਦੀ ਹੈੱਡਲਾਈਟ ਦੇ ਟੁਕੜਿਆਂ ਤੋਂ ਮਿਲੇ ਅਹਿਮ ਸੁਰਾਗ ਕਾਰਣ ਜਾਂਚ ਟੀਮ ਗੱਡੀ ਤੱਕ ਪੁੱਜ ਸਕੀ ਹੈ। ਹੁਣ ਪੁਲਿਸ ਦੀਆਂ ਵੱਖ-ਵੱਖ ਟੀਮਾਂ ਦੋਸ਼ੀ ਦੀ ਤਲਾਸ਼ 'ਚ ਲੱਗੀਆਂ ਹੋਈਆਂ ਹਨ। ਇਸ ਘਟਨਾ ਸਬੰਧੀ ਥਾਣਾ ਆਦਮਪੁਰ ਵਿੱਚ ਐਫ ਆਈ ਆਰ ਧਾਰਾ 281 ਅਤੇ 105 ਹੇਠ ਕੇਸ ਦਰਜ ਕਰਕੇ ਪੁਲਿਸ ਨੇ ਤੁਰੰਤ ਜਾਂਚ ਸ਼ੁਰੂ ਕੀਤੀ ਹੈ। ਵਰਨਣਯੋਗ ਹੈ ਕਿ ਮੈਰਾਥਨ ਦੇ ਬਜ਼ੁਰਗ ਦੌੜਾਕ ਫੌਜਾ ਸਿੰਘ ਦਾ ਬੀਤੇ ਦਿਨ ਸੜਕ ਹਾਦਸੇ ਵਿਚ ਦੇਹਾਂਤ ਹੋ ਗਿਆ ਸੀ। ਉਹ 114 ਸਾਲਾਂ ਦੇ ਸਨ। ਫੌਜਾ ਸਿੰਘ ਜਲੰਧਰ ਜ਼ਿਲ੍ਹੇ ਦੇ ਪਿੰਡ ਬਿਆਸ ਵਿਚਲੇ ਆਪਣੇ ਘਰ ਦੇ ਬਾਹਰ ਸੈਰ ਕਰ ਰਹੇ ਸਨ ਜਦੋਂ ਇੱਕ ਵਾਹਨ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ ਸੀ । ਉਨ੍ਹਾਂ ਨੂੰ ਪਹਿਲਾਂ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੋਂ ਉਨ੍ਹਾਂ ਨੂੰ ਜਲੰਧਰ ਦੇ ਨਿੱਜੀ ਹਸਪਤਾਲ ਰੈਫਰ ਕਰ ਦਿੱਤਾ ਗਿਆ ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਲਿਆਂਦਾ ਐਲਾਨ ਦਿੱਤਾ।ਫੌਜਾ ਸਿੰਘ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਬਿਆਸ ਪਿੰਡ 'ਚ 1 ਅਪਰੈਲ 1911 ਨੂੰ ਹੋਇਆ। ਫੌਜਾ ਸਿੰਘ ਪੜ੍ਹੇ-ਲਿਖੇ ਨਹੀਂ ਸਨ। ਉਹ ਪੰਜਾਬੀ ਬੋਲਣੀ ਜਾਣਦੇ ਸਨ ਪਰ ਪੜ੍ਹਨੀ ਨਹੀਂ। 1947 'ਚ ਦੇਸ਼ ਵੰਡ ਕਾਰਨ ਉਨ੍ਹਾਂ ਦਾ ਮਨ ਬਹੁਤ ਦੁਖੀ ਹੋਇਆ। ਉਹ 16 ਅਕਤੂਬਰ 2011 ਨੂੰ ਟੋਰਾਂਟੋ ਮੈਰਾਥਨ 8 ਘੰਟੇ 11 ਮਿੰਟ ਅਤੇ 6 ਸਕਿੰਟ 'ਚ ਪੂਰੀ ਕਰਕੇ ਵਿਸ਼ਵ ਦੇ ਪਹਿਲੇ 100 ਸਾਲਾ ਬਜ਼ੁਰਗ ਦੌੜਾਕ ਬਣੇ।

ਹਾਲਾਂਕਿ ਗਿੰਨੀਜ਼ ਵਰਲਡ ਰਿਕਾਰਡਜ਼ ਨੇ ਇਸ ਰਿਕਾਰਡ ਨੂੰ ਮਾਨਤਾ ਨਹੀਂ ਦਿੱਤੀ ਕਿਉਂਕਿ ਉਨ੍ਹਾਂ ਕੋਲ ਜਨਮ ਸਰਟੀਫਿਕੇਟ ਨਹੀਂ ਸੀ। 2012 ਵਿਚ ਉਹਨਾਂ ਨੇ ਲੰਡਨ ਮੈਰਾਥਨ ਵਿਚ ਵੀ ਦੌੜ ਲਗਾਈ ਅਤੇ 20 ਕਿਲੋਮੀਟਰ ਦੀ ਦੌੜ ਪੂਰੀ ਕੀਤੀ ਅਤੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ। 2013 ਵਿੱਚ ਫੌਜਾ ਸਿੰਘ ਨੇ ਆਖਰੀ ਵਾਰ ਹਾਂਗ ਕਾਂਗ ਮੈਰਾਥਨ ਵਿਚ ਪੇਸ਼ੇਵਰ ਤੌਰ ਤੇ ਭਾਗ ਲਿਆ, ਜਦੋਂ ਉਹ 101 ਸਾਲਾਂ ਦੇ ਸਨ। ਜਦੋਂ ਫੌਜਾ ਸਿੰਘ 89 ਸਾਲਾਂ ਦੇ ਸਨ ਤਾਂ ਉਹਨਾਂ ਦੀ ਪਤਨੀ ਅਤੇ ਬੱਚੇ ਦੀ ਇੱਕ ਹਾਦਸੇ ਵਿਚ ਮੌਤ ਹੋ ਗਈ ਸੀ। ਜਿਸ ਤੋਂ ਬਾਅਦ ਉਹਨਾਂ ਨੂੰ ਕਾਫ਼ੀ ਵੱਡਾ ਸਦਮਾ ਲੱਗਾ ਅਤੇ ਉਹ ਤਣਾਅ ਵਿੱਚ ਰਹਿਣ ਲੱਗ ਪਏ। ਉਦੋਂ ਤੋਂ ਹੀ ਉਹਨਾਂ ਨੇ ਮੈਰਾਥਨ ਦੌੜਨ ਦਾ ਫੈਸਲਾ ਕੀਤਾ ਸੀ।

# ਬਿਰਖ ਹੋ ਗਏ ਬੰਦੇ..!

ਚਰਨਜੀਤ ਭੁੱਲਰ

************************

ਘਰ ਦੇ ਵਿਹੜੇ ਜਾਂ ਫਿਰ ਗਲੀ ਮੁਹੱਲੇ 'ਚ ਕਿਤੇ ਕਾਗ਼ਜ਼ ਦਾ ਟੁਕੜਾ ਭੁੰਜੇ ਡਿੱਗਿਆ ਮਿਲ ਜਾਣਾ, ਜਿਸ 'ਤੇ ਗੁਰਮੁਖੀ ਦੇ ਅੱਖਰ ਹੁੰਦੇ, ਪਹਿਲੋਂ ਚੁੱਕ ਕੇ ਮੱਥੇ ਨਾਲ ਲਾਉਣਾ, ਫਿਰ ਆਲ? 'ਚ ਸੰਭਾਲ ਕੇ ਰੱਖ ਦੇਣਾ। ਇਹ ਸੋਚ ਕੇ ਕਿ ਕਿਤੇ ਸ਼ਬਦ ਦੀ ਬੇਅਦਬੀ ਨਾ ਹੋ ਜਾਵੇ। ਸਕੂਲੀ ਸਮਿਆਂ 'ਚ ਅਨਜਾਣੇ 'ਚ ਕਦੇ ਕਾਪੀ ਕਿਤਾਬ ਭੁੰਜੇ ਡਿੱਗ ਪੈਣੀ, ਪਹਿਲਾਂ ਮੱਥੇ ਨਾਲ ਲਾਉਣੀ, ਨਾਲੇ ਭੁੱਲ ਬਖ਼ਸ਼ਾਉਣੀ। ਲੋਕ ਮਨਾਂ 'ਚ ਸ਼ਬਦ ਵਸਿਆ ਹੋਇਆ ਸੀ, ਸ਼ਬਦ ਦਾ ਸਤਿਕਾਰ ਤੇ ਸ਼ਰਧਾ ਕਿਸੇ ਪੱਖੋਂ ਊਣੀ ਨਹੀਂ ਸੀ। ਭਲੇ ਵੇਲਿਆ ਦਾ ਇਹ ਸਿਖਰ ਸੀ।

ਗਲੀ-ਗਲੀ 'ਚ ਗੁਰਬਾਣੀ ਦੇ ਪੱਤਰੇ ਖਿੱਲਰੇ ਮਿਲਣੇ, ਲੰਘੇ ਦੌਰ 'ਚ ਨਿੱਤ ਦੀ ਗੱਲ ਹੋ ਗਈ ਸੀ। ਕੌਣ ਖਿਲਾਰ ਰਿਹਾ ਸੀ? ਕੀ ਮਨਸ਼ਾ ਹੋਏਗੀ? ਸ਼ਨਾਖ਼ਤ ਕਿਸ ਨੇ ਕਰਨੀ ਸੀ? ਅਜਿਹਾ ਮਾਹੌਲ ਸਿਰਜਣ ਵਾਲੇ ਕੌਣ ਹਨ? ਕਿਹੜੇ ਮਨਮੁਖ ਦਾ ਹੌਸਲਾ ਪਿਆ ਗੁਰਮੁਖ ਦੀ ਬਾਣੀ ਨੂੰ ਪੱਤਰੇ ਪੱਤਰੇ ਕਰਨ ਦਾ। ਦਮਦਮਾ ਸਾਹਿਬ ਵੱਲ ਮੂੰਹ ਕਰ, ਅਮਰਿੰਦਰ ਨੇ ਗੁਟਕਾ ਸਾਹਿਬ ਦੀ ਸਹੁੰ ਚੁੱਕੀ। ਪੱਤਰੇ ਖਿਲਾਰਨ ਵਾਲੇ ਜ਼ਰੂਰ ਮਨਾਂ 'ਚ ਇਨਸਾਫ਼ 'ਤੇ ਹੱਸੇ ਹੋਣਗੇ। ਇਹ ਪੰਜਾਬ ਦੀ ਨਿਵਾਣ ਹੈ।

ਪਟਿਆਲੇ ਵਾਲੀ ਬੀਬੀ ਨਾਲ ਪਿਛਲੀ ਸਰਕਾਰ ਸਮੇਂ ਕੋਈ ਆਨ ਲਾਈਨ ਠੱਗੀ ਮਾਰ ਗਿਆ। ਪਟਿਆਲਾ ਪੁਲੀਸ ਪਤਾਲ ਚੋਂ ਬੰਦੇ ਕੱਢ ਲਿਆਈ, ਉਹ ਵੀ ਚੌਵੀ ਘੰਟਿਆਂ 'ਚ। ਇੱਕ ਮੁੱਖ ਮੰਤਰੀ ਉਹ ਵੀ ਸਨ, ਜਿਨ੍ਹਾਂ ਨੂੰ ਧਰਤੀ 'ਤੇ ਤੁਰੀ ਜਾਂਦੀ ਕੀੜੀ ਦਿਸ ਜਾਂਦੀ ਸੀ, ਹਵਾ ਦਾ ਰੁਖ਼ ਦੇਖ ਕੇ ਚੋਣ ਨਤੀਜੇ ਸਮੇਂ ਤੋਂ ਪਹਿਲਾਂ ਜਾਣ ਲੈਂਦੇ ਸਨ। ਮੌਜੂਦਾ ਸਰਕਾਰ ਵੀ ਸਾਢੇ ਤਿੰਨ ਵਰ੍ਹਿਆਂ 'ਚ ਬੇਅਦਬੀ ਦੇ ਮਾਮਲੇ 'ਤੇ ਕੋਈ ਠੋਸ ਨਤੀਜਾ ਨਹੀਂ ਕੱਢ ਸਕੀ, ਨਿਆਂ ਫਿਰ ਕੌਣ ਦੇਵੇਗਾ।

ਧੁੜਕੂ ਜੇਹਾ ਲੱਗਿਆ ਪਿਆ ਹੈ ਕਿ ਕਿਤੇ ਚੰਡੀਗੜ੍ਹ ਦੇ ਮਸਲੇ ਵਾਂਗੂ ਬੇਅਦਬੀ ਦਾ ਮਾਮਲਾ ਸਿਆਸੀ ਤੰਦੂਰ ਬਣ ਕੇ ਨਾ ਰਹਿ ਜਾਵੇ, ਜਿਹੜਾ ਕੋਈ ਆਵੇ, ਰੋਟੀਆਂ ਸੇਕ ਕੇ ਤੁਰਦਾ ਬਣੇ। ਬੱਸ ਇੱਕੋ ਗੱਲ ਤੋਂ ਭਰੋਸਾ ਬੱਝਦਾ ਹੈ, ..ਦੇਰ ਹੈ, ਅੰਧੇਰ ਨਹੀਂ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner harmanb@bnadebtsolutions.ca
Simmie Pandher Senior Administrator Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM

ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store Play Store

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SAHIL MITTU
Director
Affinity CABINETS
• Closets • Wet Bars • Book Shelving • Cabinetry
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
ਘਰ ਦੀ ਦਿੱਖ ਢੂੰਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ,ਵੈੱਟਬਾਰ,ਬੁੱਕ ਸ਼ੈਲਫ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ


CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SHORY LAW LLP
• IMMIGRATION • BUSINESS • CRIMINAL • REAL ESTATE
www.shorylaw.com (403) 216-1199
220 - 4851 Westwinds Dr. N.E., Calgary
@shorylaw
Chetan Shory Sarvesh Jeet Devinder Shory Jatin Shory

# ਘਰ ਬਣਾਉਣ ਵਾਲੀ ਕੰਪਨੀ ਲਗਯਰੀਆ ਗਰੁੱਪ ਵੱਲੋਂ ਕੈਲਗਰੀ ਸਟੈਂਪੀਡ ਮੌਕੇ ਬਾਰਬੀਕਿਊ ਈਵੈਂਟ ਕਰਵਾਇਆ ਗਿਆ











ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜੁਲਾਈ ਦੇ ਪਹਿਲੇ ਹਫਤੇ ਕੈਲਗਰੀ ਵਿਖੇ ਧਰਤੀ ਉੱਪਰ ਲੱਗਣ ਵਾਲਾ ਵੱਡ ਅਕਾਰੀ ਮੇਲਾ ਸਟੈਂਪੀਡ ਕਰਵਾਇਆ ਜਾਂਦਾ ਹੈ। 10 ਦਿਨ ਚੱਲਣ ਵਾਲੇ ਇਸ ਮੇਲੇ ਦੇ ਦਿਨਾਂ ਦੌਰਾਨ ਹੀ ਕੈਲਗਰੀ ਸਹਿਰ ਵੱਖੋ ਵੱਖ ਬਿਜਨਿਸ ਅਦਾਰੇ ਵੀ ਇਸ ਨੂੰ ਬਾਰਬੀਕਿਊ ਕਰਕੇ ਮਨਾਉਂਦੇ ਹਨ। ਇਸੇ ਤਰਾਂ ਹੀ ਕੈਲਗਰੀ ਦੀ ਘਰ ਬਣਾਉਣ ਵਾਲੀ ਨਾਮਵਰ ਕੰਪਨੀ ਲਗਯਰੀਆ ਗਰੁੱਪ ਵੱਲੋਂ ਕੈਲਗਰੀ ਸਟੈਂਪੀਡ ਮੌਕੇ ਬਾਰਬੀਕਿਊ ਈਵੈਂਟ 11 ਜੁਲਾਈ 2025 ਵਾਲੇ ਦਿਨ ਕਰਵਾਇਆ ਗਿਆ। ਇਸ ਮੌਕੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਗੁਰਵੀਰ ਰਣਦੇਵ ਨੇ ਦੱਸਿਆ ਕਿ ਆਪਣੇ ਗਾਹਕਾਂ ਨੂੰ ਕੁਆਲਿਟੀ ਪ੍ਰਦਾਨ ਕਰਨਾ ਉਹਨਾਂ ਦਾ ਮੁੱਖ ਉਦੇਸ਼ ਹੈ। ਉਹਨਾਂ ਕੈਲਗਰੀ ਵਾਸੀਆਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਕੈਲਗਰੀ ਵਾਸੀਆਂ ਦੇ ਸਹਿਯੋਗ ਨੇ ਹੀ ਲਗਯਰੀਆ ਗਰੁੱਪ ਨੂੰ ਬੁਲੰਦੀਆਂ ਬਖਸ਼ੀਆਂ ਹਨ। ਇਸੇ ਲਈ ਇਸ ਬਾਰਬੀਕਿਊ ਦੇ ਬਹਾਨੇ ਉਹ ਉਹਨਾਂ ਨਾਲ ਮਿਲਣੀਆਂ ਕਰਕੇ ਉਹਨਾਂ ਦਾ ਧੰਨਵਾਦ ਕਰਦੇ ਹਨ। ਹਰਵੀਰ ਰਣਦੇਵ, ਗੁਰਵੀਰ ਰਣਦੇਵ, ਅਜੈਬ ਨਾਹਲ, ਮਨਪ੍ਰੀਤ ਨਾਹਲ ਅਤੇ ਲਗਯਰੀਆ ਗਰੁੱਪ ਦੇ ਸੱਦੇ ਉੱਪਰ ਕੈਲਗਰੀ ਦੀਆਂ ਨਾਮਵਰ ਸ਼ਖਸੀਅਤਾਂ ਜਿਹਨਾਂ ਵਿੱਚ ਮੈਂਬਰ ਪਾਰਲੀਮੈਂਟ ਜਸਰਾਜ ਹੱਲਣ, ਮੈਂਬਰ ਪਾਰਲੀਮੈਂਟ ਅਮਨਪ੍ਰੀਤ ਗਿੱਲ, ਮੈਂਬਰ ਪਾਰਲੀਮੈਂਟ ਦਲਵਿੰਦਰ ਗਿੱਲ, ਅਲਬਰਟਾ ਸੂਬੇ ਦੀ ਮੰਤਰੀ ਰਾਜਨ ਸਾਹਨੀ, ਐਮ ਐਲ ਏ ਪਰਮੀਤ ਸਿੰਘ ਬੋਪਾਰਾਇ ਕੈਲਗਰੀ ਸ਼ਹਿਰ ਦੀ ਮੇਅਰ ਜੋਤੀ ਗੌਂਡੇਕ, ਕੌਂਸਲਰ ਰਾਜ ਧਾਲੀਵਾਲ, ਚੈਸਟਰਮੇਰ ਸ਼ਹਿਰ ਦੀ ਕੌਂਸਲਰ ਕਿਰਨ ਰੰਧਾਵਾ, ਪ੍ਰਾਈਮ ਏਸੀਆ ਟੈਲੀਵੀਜ਼ਨ ਤੋਂ ਅਵਨੀਤ ਸਿੰਘ ਤੇਜਾ, ਪਰਮਵੀਰ ਬਾਠ, ਗੁਰਪ੍ਰੀਤ ਸੰਧਾਵਾਲੀਆ, ਰੀਐਲਟਰ ਸੁਖਬੀਰ ਸੰਧੂ, ਨਿਊ ਸਟਾਰ ਕੈਬਨਿਟ ਵਾਲੇ ਮਨਪ੍ਰੀਤ ਖਿੰਦ, ਜਸਵੀਰ ਸਿਹੋਤਾ, ਸਾਬਕਾ ਇੰਜੀਨੀਅਰ ਗੁਰਦਿਆਲ ਸਿੰਘ ਖੈਰਾ, ਅਤੇ ਕੈਲਗਰੀ ਦੇ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਪੁੱਜੇ ਹੋਏ ਸਨ।

# ਪਹਿਲਾ "ਰੈੱਡ ਐਫ ਐਮ ਸਮਰ ਭੰਗੜਾ ਜੈਮ -2025" ਕੈਲਗਰੀ ਵਾਸੀਆਂ ਦੇ ਮਨਾਂ ਉੱਪਰ ਅਮਿੱਟ ਛਾਪ ਛੱਡ ਗਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) -ਬੀਤੀ 12 ਜੁਲਾਈ 2025 ਵਾਲੇ ਦਿਨ ਕੈਲਗਰੀ 'ਚ ਰੈਡ ਐਫ ਐਮ ਰੇਡੀਓ ਦੇ ਸੰਚਾਲਕ ਕੁਲਵਿੰਦਰ ਸੰਘੇੜਾ ਤੇ ਉਹਨਾਂ ਦੀ ਸਮੁੱਚੀ ਟੀਮ ਵੱਲੋਂ ਟੋਰਾਂਟੋ ਅਤੇ ਵੈਨਕੋਵਰ ਵਿੱਚ ਮਿਲੀ ਅਪਾਰ ਸਫਲਤਾ ਉਪਰੰਤ ਕੈਲਗਰੀ ਵਿੱਚ ਪਹਿਲੀ ਵਾਰ ਪ੍ਰੇਅਰੀ ਵਿੰਡਸ ਪਾਰਕ ਦੀਆਂ ਗਰਾਉਂਡਾਂ ਵਿੱਚ "ਰੈੱਡ ਐਫ ਐਮ ਸਮਰ ਭੰਗੜਾ ਜੈਮ -2025" ਸੱਭਿਆਚਾਰਕ ਮੇਲਾ ਕਰਵਾਇਆ ਗਿਆ ।ਇਸ ਮੇਲੇ ਵਿੱਚ ਸਾਫ ਸੁਥਰੀ ਗਾਇਕੀ ਦੇ ਬਾਦਸ਼ਾਹ ਪੰਜਾਬੀ ਗਾਇਕ ਹਰਜੀਤ ਹਰਮਨ ਤੇ ਗਾਇਕ ਅਤੇ ਫਿਲਮੀ ਕਲਾਕਾਰ ਗੁਰਨਾਮ ਭੁੱਲਰ ਨੇ ਆਪਣਿਆਂ ਗੀਤਾਂ ਨਾਲ ਹਾਜ਼ਰੀ ਲਗਵਾਈ। ਹਰਜੀਤ ਹਰਮਨ ਨੇ ਆਪਣੇ ਪੁਰਾਣੇ ਤੇ ਨਵੇਂ ਗੀਤਾਂ ਨਾਲ "ਮਿੱਤਰਾਂ ਦਾ ਨਾਂ ਚੱਲਦਾ, ਜੱਟ 24 ਕੈਰੇਟ ਦਾ, ਸਿੱਧੀ ਸਾਦੀ ਜੱਟੀ ਵਰਗੇ ਗੀਤਾਂ ਨਾਲ ਦਰਸਕਾਂ ਨੂੰ ਕੀਲਕੇ ਰੱਖਿਆ। ਜਦੋਂ ਕਿ ਗੁਰਨਾਮ ਭੁੱਲਰ ਨੇ "ਡਾਇਮੰਡ ਦੀ ਝਾਂਜਰ" ਸਮੇਤ ਆਪਣੇ ਹੋਰ ਚਰਚਿਤ ਗੀਤ ਗਾਏ। ਇਸ ਮੇਲੇ ਦਾ ਨਾਂ "ਰੈੱਡ ਐਫ ਐਮ ਸਮਰ ਭੰਗੜਾ ਜੈਮ -2025" ਸੀ ਇਸ ਲਈ ਮੇਲੇ ਚ ਭੰਗੜੇ ਦੇ ਮੁਕਾਬਲੇ ਵੀ ਕਰਵਾਏ ਗਏ । ਇਸ ਵਿੱਚ ਪਹਿਲਾ ਇਨਾਮ ਪੰਜਾਬੀ ਫੋਕ ਡਾਂਸ ਅਕੈਡਮੀ ਐਡਮਿੰਟਨ ਨੇ 6,000 ਡਾਲਰ ਜਿੱਤਿਆ। ਦੂਸਰਾ ਇਨਾਮ ਨੱਚਦਾ ਪੰਜਾਬ ਭੰਗੜਾ ਅਕੈਡਮੀ ਕੈਲਗਰੀ 3,000 ਤੇ ਤੀਸਰੇ ਸਥਾਨ ਉੱਪਰ ਅਸ਼ਕੇ ਫੋਕ ਆਰਟਸ ਅਕੈਡਮੀ ਕੈਲਗਰੀ ਭੰਗੜਾ ਟੀਮ ਨੂੰ 1,000 ਡਾਲਰ ਦਿੱਤਾ ਗਿਆ । ਗੈਸਟ ਪਰਫਾਰਮੈਂਸ ਦੀ ਬਾ-ਕਮਾਲ ਪੇਸ਼ਕਾਰੀ ਵਿੱਚ ਫੋਕ ਬੀਟ ਗਿੱਧਾ ਅਕੈਡਮੀ, ਕੈਲਗਰੀ ਵਾਸੀ ਸਥਾਨਿਕ ਗਾਇਕ ਪਰਮ ਗੁਰਾਇਆ ਤੇ ਸਫਲ ਸ਼ੇਰ ਮਾਲਵਾ ਨੇ ਵੀ ਮੰਚ ਉਪਰੋਂ ਆਪਣੀ ਹਾਜਰੀ ਲਗਵਾਈ।ਮੇਲੇ ਵਿੱਚ ਹਰ ਕਿਸੇ ਲਈ ਦਾਖਲਾ ਬਿਲਕੁੱਲ ਮੁਫਤ ਸੀ ਸੋ ਇੱਕ ਅੰਦਾਜ਼ੇ ਮੁਤਾਬਿਕ ਤਕਰੀਬਨ 17,000 ਤੋਂ 20,000 ਲੋਕਾਂ ਨੇ ਇਸ ਮੇਲੇ ਵਿੱਚ ਹਿੱਸਾ ਲਿਆ। ਬੱਚਿਆ ਦੇ ਖੇਡਣ ਲਈ ਤੇ ਬਜ਼ੁਰਗਾਂ ਲਈ ਵਿਸ਼ੇਸ਼ ਤੌਰ ਤੇ ਪ੍ਰਬੰਧ ਕੀਤੇ ਗਏ ਸਨ । ਰੈੱਡ ਐਫ ਐਮ ਕੈਲਗਰੀ , ਰੈੱਡ ਐਫ ਐਮ ਵੈਨਕੂਵਰ , ਰੈੱਡ ਐਫ ਐਮ ਟੋਰੰਟੋ ਦੀ ਸਮੁੱਚੀ ਟੀਮ ਅਤੇ ਵਲੰਟੀਅਰਾਂ ਦੀ ਅਣਥੱਕ ਮਿਹਨਤ ਸਦਕਾ ਇਹ ਮੇਲਾ ਹਰ ਪੱਖੋਂ ਸਫਲ ਰਿਹਾ । ਰੈੱਡ ਐਫ ਐਮ ਦੇ ਸੀ ਈ ਓ ਅਤੇ ਪ੍ਰੈਜੀਡੈਂਟ ਕੁਲਵਿੰਦਰ ਸੰਘੇੜਾ ਨੇ ਤਹਿ ਦਿਲੋਂ ਸਾਰੀ ਕਮਿਊਨਟੀ , ਸਪਾਂਸਰ, ਵਿਓਪੱਰਕ ਅਦਾਰੇ ਅਤੇ ਵਾਲੰਟੀਅਰ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ। ਇਸ ਮੇਲੇ ' ਚ ਏਅਰ ਪੌਡਸ, ਆਈ ਫ਼ੋਨ, ਟੀਵੀ ਆਦਿ ਲੱਕੀ ਡਰਾਅ ਵੀ ਕੱਢੇ ਗਏ।

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000



ਪੰਜਾਬੀ ਅਖ਼ਬਾਰ ਰੋਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

Vol: 12 No: 272 Website : www.punjabiakhbaar.ca Email: editor@punjabiakhbaar.ca Friday, 18 July 2025

# ਚੈਸਟਰਮੇਰ ਸ਼ਹਿਰ ਵਿੱਚ ਹੁਣ ਮਨੋਰੰਜਨ ਕੇਂਦਰ ਲਈ ਜ਼ਮੀਨ ਖਰੀਦ ਸਮਝੌਤੇ ਨੂੰ ਮਨਜ਼ੂਰੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 8 ਜੁਲਾਈ, 2025 ਦੀ ਕੌਂਸਲ ਮੀਟਿੰਗ ਵਿੱਚ, ਚੈਸਟਰਮੇਰ ਸ਼ਹਿਰ ਨੇ ਰੌਕੀ ਵਿਊ ਕਾਉਂਟੀ ਤੋਂ ਚੈਸਟਰਮੇਰ ਖੇਤਰੀ ਮਨੋਰੰਜਨ ਕੇਂਦਰ ਵਾਲੀਆਂ ਜ਼ਮੀਨਾਂ ਦੀ ਪੂਰੀ ਮਾਲਕੀ ਪ੍ਰਾਪਤ ਕਰਨ ਲਈ ਇੱਕ ਸ਼ਰਤੀਆ ਖਰੀਦ ਸਮਝੌਤੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਜੇਕਰ ਅੰਤਿਮ ਰੂਪ ਦਿੱਤਾ ਜਾਂਦਾ ਹੈ, ਤਾਂ ਸ਼ਹਿਰ ਇਸ ਮੁੱਖ ਸਾਈਟ ਲਈ ਜ਼ਮੀਨਾਂ ਦਾ ਇਕਲੌਤਾ ਮਾਲਕ ਬਣ ਜਾਵੇਗਾ, ਜਿਸ ਨਾਲ ਸਾਨੂੰ ਸਾਡੇ ਵਧ ਰਹੇ ਭਾਈਚਾਰੇ ਲਈ ਮਨੋਰੰਜਨ ਯੋਜਨਾਬੰਦੀ ਲਈ ਵਧੇਰੇ ਏਕੀਕ੍ਰਿਤ ਅਤੇ ਭਵਿੱਖ-ਕੇਂਦ੍ਰਿਤ ਪਹੁੰਚ ਅਪਣਾਉਣ ਦੀ ਸਥਿਤੀ ਮਿਲੇਗੀ। ਇਹ ਸਮਝੌਤਾ ਸਾਡੀਆਂ ਸਭ ਤੋਂ ਕੀਮਤੀ ਭਾਈਚਾਰਕ ਸੰਪਤੀਆਂ ਵਿੱਚੋਂ ਇੱਕ ਦਾ ਪ੍ਰਬੰਧਨ, ਵੱਲ ਇੱਕ ਮਹੱਤਵਪੂਰਨ ਕਦਮ



ਕਿਰਨ ਰੰਧਾਵਾ ਕੌਂਸਲਰ ਚੈਸਟਰਮੇਰ

ਨਿਵੇਸ਼ ਅਤੇ ਅੰਤ ਵਿੱਚ ਆਧੁਨਿਕੀਕਰਨ ਕਰਨ ਦੀ ਸ਼ਹਿਰ ਦੀ ਯੋਗਤਾ ਨੂੰ ਵਧਾਉਣ ਦਰਸਾਉਂਦਾ ਹੈ। ਇਹ ਮਨੋਰੰਜਨ ਲਈ ਸਾਡੇ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਨਾਲ ਮੇਲ ਖਾਂਦਾ ਹੈ ਅਤੇ ਸਪਸ਼ਟ ਸ਼ਾਸਨ, ਬਿਹਤਰ ਭੂਮੀ-ਵਰਤੋਂ ਤਾਲਮੇਲ, ਅਤੇ ਵਧੇਰੇ ਜਵਾਬਦੇਹ ਸੇਵਾ ਪ੍ਰਦਾਨ ਕਰਨ ਨੂੰ ਸਮਰੱਥ ਬਣਾਏਗਾ। ਅਸੀਂ ਰੌਕੀ ਵਿਊ ਕਾਉਂਟੀ ਦੇ ਉਨ੍ਹਾਂ ਦੇ ਦਹਾਕਿਆਂ ਦੀ ਭਾਈਵਾਲੀ ਲਈ, ਅਤੇ ਚੈਸਟਰਮੇਰ ਰੀਜਨਲ ਕਮਿਊਨਿਟੀ ਐਸੋਸੀਏਸ਼ਨ ਦੇ ਸੁਵਿਧਾ ਸੰਚਾਲਨ ਅਤੇ ਕਮਿਊਨਿਟੀ ਪ੍ਰੋਗਰਾਮਿੰਗ ਵਿੱਚ ਉਨ੍ਹਾਂ ਦੀ ਨਿਰੰਤਰ ਅਗਵਾਈ ਲਈ ਧੰਨਵਾਦੀ ਹਾਂ।

CRCA ਆਪਣੇ ਮੌਜੂਦਾ ਲੀਜ਼ ਸਮਝੌਤੇ ਦੀਆਂ ਸ਼ਰਤਾਂ ਦੇ ਤਹਿਤ ਮਨੋਰੰਜਨ ਕੇਂਦਰ ਦਾ ਸੰਚਾਲਨ ਜਾਰੀ ਰੱਖੇਗਾ। ਚੈਸਟਰਮੇਰ ਸਿਟੀ ਦੇ ਮੇਅਰ ਸ਼ੈਨਨ ਡੀਨ ਦਾ ਕਹਿਣਾ ਹੈ ਕਿ। "ਇਸ ਸਮਝੌਤੇ ਵਿੱਚ ਦਾਖਲ ਹੋ ਕੇ, ਅਸੀਂ ਸਿਰਫ਼ ਇੱਕ ਜ਼ਮੀਨੀ ਸੌਦੇ 'ਤੇ ਗੱਲਬਾਤ ਨਹੀਂ ਕਰ ਰਹੇ ਹਾਂ, ਅਸੀਂ ਇੱਕ ਮਜ਼ਬੂਤ, ਵਧੇਰੇ ਜਵਾਬਦੇਹ ਮਨੋਰੰਜਨ ਵਾਲੇ ਭਵਿੱਖ ਲਈ ਨੀਂਹ ਰੱਖ ਰਹੇ ਹਾਂ। ਇਹ ਉਨ੍ਹਾਂ ਲੋਕਾਂ ਵਿੱਚ ਨਿਵੇਸ਼ ਕਰਨ ਬਾਰੇ ਹੈ ਜੋ ਇਸ ਜਗ੍ਹਾ ਦੀ ਵਰਤੋਂ ਕਰਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਇਹ ਸਾਡੇ ਭਾਈਚਾਰੇ ਦੀ ਚੰਗੀ ਤਰ੍ਹਾਂ ਸੇਵਾ ਕਰਦਾ ਰਹੇ।" ਚੈਸਟਰਮੇਰ ਸਿਟੀ ਦੀ ਪੰਜਾਬੀ ਮੂਲ ਦੀ ਕੌਂਸਲਰ ਕਿਰਨ ਰੰਧਾਵਾ ਨੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਦੱਸਿਆ ਚੈਸਟਰਮੀਅਰ ਦੇ ਵਸਨੀਕਾਂ ਨੂੰ ਆਪਣੀਆਂ ਸਮਾਜਿਕ ਗਤੀਵਿਧੀਆਂ ਸਕੇਟਿੰਗ , ਟੂਰਨਾਮੈਂਟ, ਭਾਈਚਾਰਕ ਜਸ਼ਨ," ਨੂੰ ਅਸਲੀ ਜਾਮਾ ਪਹਿਨਾਉਣ ਲਈ ਅਜਿਹੇ ਉਪਰਾਲੇ ਦੀ ਲੋੜ ਸੀ ਜਿਸ ਨੂੰ ਅਸੀਂ ਹੁਣ ਪੂਰਾ ਹੁੰਦਿਆਂ ਦੇਖ ਰਹੇ ਹਾਂ।

# ਪੁਤਿਨ ਦਿਨ ਵੇਲੇ ਮਿੱਠਾ ਬੋਲਦੇ ਹਨ ਅਤੇ ਰਾਤ ਨੂੰ ਬੰਬ ਸੁੱਟਦੇ ਹਨ-ਟਰੰਪ

ਵਾਸ਼ਿੰਗਟਨ (ਪੰਜਾਬੀ ਅਖ਼ਬਾਰ ਬਿਊਰੋ ) ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ 'ਤੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ ਹੈ। ਮੀਡੀਆ ਨਾਲ ਗੱਲ ਕਰਦੇ ਹੋਏ ਟਰੰਪ ਨੇ ਕਿਹਾ ਕਿ ਪੁਤਿਨ ਦਿਨ ਵੇਲੇ ਮਿੱਠਾ ਬੋਲਦੇ ਹਨ ਅਤੇ ਰਾਤ ਨੂੰ ਸਾਰਿਆਂ 'ਤੇ ਬੰਬ ਸੁੱਟਦੇ ਹਨ। ਸਾਨੂੰ ਇਹ ਪਸੰਦ ਨਹੀਂ ਹੈ। ਟਰੰਪ ਨੇ ਐਲਾਨ ਕੀਤਾ ਕਿ ਅਮਰੀਕਾ ਯੂਕਰੇਨ ਨੂੰ ਪੈਟ੍ਰਿਅਟ ਹਵਾਈ ਰੱਖਿਆ ਪ੍ਰਣਾਲੀ ਦੇਵੇਗਾ। ਇਸ ਲਈ, ਟਰੰਪ ਇਸ ਹਫ਼ਤੇ ਨਾਟੋ ਦੇ ਸਕੱਤਰ ਜਨਰਲ ਮਾਰਕ ਰੁਟੇ ਨਾਲ ਮੁਲਾਕਾਤ ਕਰਨਗੇ।ਟਰੰਪ ਦੇ ਕਰੀਬੀ ਰਿਪਬਲਿਕਨ ਸੈਨੇਟਰ ਲਿੰਡਸੇ ਗ੍ਰਾਹਮ ਦਾ ਕਹਿਣਾ ਹੈ ਕਿ ਯੁੱਧ ਹੁਣ ਇੱਕ ਨਿਰਣਾਇਕ ਮੋੜ 'ਤੇ ਹੈ। ਟਰੰਪ ਰੂਸ ਦੇ ਖਿਲਾਫ ਯੂਕਰੇਨ ਨੂੰ ਫੌਜੀ ਸਹਾਇਤਾ ਦੇਣ ਦੇ ਹੱਕ ਵਿੱਚ ਆ ਗਏ ਹਨ। ਗ੍ਰਾਹਮ ਦੇ ਅਨੁਸਾਰ, ਆਉਣ ਵਾਲੇ ਦਿਨਾਂ ਵਿੱਚ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ ਇੱਕ ਰਿਕਾਰਡ ਪੱਧਰ 'ਤੇ ਸ਼ੁਰੂ ਹੋਵੇਗੀ। ਉਨ੍ਹਾਂ ਕਿਹਾ, "ਪੁਤਿਨ ਦੀ ਸਭ ਤੋਂ ਵੱਡੀ ਗਲਤੀ ਇਹ ਸੀ ਕਿ ਉਨ੍ਹਾਂ ਨੇ ਟਰੰਪ ਨੂੰ ਹਲਕੇ ਵਿੱਚ ਲਿਆ। ਹੁਣ ਦੇਖੋ, ਕੁਝ ਹਫ਼ਤਿਆਂ ਵਿੱਚ, ਪੁਤਿਨ 'ਤੇ ਭਾਰੀ ਦਬਾਅ ਪਾਇਆ ਜਾਵੇਗਾ।"






# ਡੋਨਾਲਡ ਟਰੰਪ ਦੇ 35 ਪ੍ਰਤੀਸ਼ਤ ਟੈਰਿਫ ਕਾਰਣ ਸਸਕੈਚਵਨ ਨੌਕਰੀਆਂ, ਭਾਈਚਾਰੇ ਅਤੇ ਨਿਰਯਾਤ ਉਦਯੋਗ ਸਿੱਧੇ ਖ਼ਤਰੇ ਵਿੱਚ ਹਨ ਭਜਨ ਬਰਾੜ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਡੋਨਾਲਡ ਟਰੰਪ ਦੁਆਰਾ ਕੈਨੇਡੀਅਨ ਆਯਾਤ 'ਤੇ 35 ਪ੍ਰਤੀਸ਼ਤ ਟੈਰਿਫ ਦੀ ਜੋ ਯੋਜਨਾ ਬਣਾਈ ਗਈ ਹੈ ਉਸ ਦੇ ਮੁਕਾਬਲੇ ਸੈਸਕ ਪਾਰਟੀ ਦੀ ਸਰਕਾਰ ਕੋਲ ਜਵਾਬੀ ਲੜਾਈ ਲੜਨ ਦੀ ਕੋਈ ਯੋਜਨਾ ਨਹੀਂ ਹੈ। ਨਵੇਂ ਟੈਰਿਫ ਧਮਕੀਆਂ ਦੇ ਬਾਵਜੂਦ, ਸਕਾਟ ਮੋਅ ਨੇ ਅਜੇ ਤੱਕ ਡੋਨਾਲਡ ਟਰੰਪ ਦਾ ਸਾਹਮਣਾ ਨਹੀਂ ਕੀਤਾ । ਮੌਜੂਦਾ ਸੈਸਕ ਪਾਰਟੀ ਨੇਤਾ ਨੇ ਆਪਣੀਆਂ ਕੈਨੇਡਾ-ਪੱਖੀ ਅਤੇ ਸਸਕੈਚਵਨ-ਪੱਖੀ ਖਰੀਦ ਨੀਤੀਆਂ ਨੂੰ ਉਲਟਾ ਦਿੱਤਾ ਹੈ। ਇਸ ਸਬੰਧੀ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ



ਭਜਨ ਬਰਾੜ ਐਮਐਲਏ ਰਿਜ਼ਾਇਨਾ ਪਾਸਾਕੁਆ

ਰੀਜਾਇਨਾ ਪਾਸਾਕੂਆ ਤੋਂ ਐਮ ਐਲ ਏ ਭਜਨ ਬਰਾੜ ਨੇ ਆਖਿਆ ਕਿ ਟਰੰਪ ਦੇ ਇਸ ਐਲਾਨ ਦਾ ਉਦੇਸ਼ ਸੈਸਕੈਚਵਨ ਕਾਮਿਆਂ ਅਤੇ ਉਦਯੋਗਾਂ 'ਤੇ ਸਿੱਧਾ ਹਮਲਾ ਹੈ। ਡੋਨਾਲਡ ਟਰੰਪ ਸਾਡੀ ਆਰਥਿਕਤਾ ਨੂੰ ਕੁਚਲਣ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਜੋ ਉਹ ਸਾਨੂੰ 51ਵਾਂ ਰਾਜ ਬਣਾ ਸਕੇ। ਸਾਡੀ ਸੈਸਕ ਸਰਕਾਰ ਦੀ ਇਹ ਲਾਪਰਵਾਹੀ ਹੈ ਅਤੇ ਇਹ ਖ਼ਤਰਨਾਕ ਹੈ। ਪਾਰਟੀ ਕੋਲ ਕਹਿਣ ਲਈ ਕੁੱਝ ਨਹੀਂ ਹੈ। ਸਾਡੀ ਆਰਥਿਕਤਾ ਦੀ ਰੱਖਿਆ ਕਰਨ ਦੀ ਕੋਈ ਯੋਜਨਾ ਨਹੀਂ, ਭਵਿੱਖ 'ਤੇ ਕੋਈ ਧਿਆਨ ਨਹੀਂ ਹੈ। ਸਕਾਟ ਮੋਅ ਦਾ ਕੈਨੇਡਾ ਵਿੱਚ ਦੂਜਾ ਸਭ ਤੋਂ ਭੈੜਾ ਨੌਕਰੀ ਸਿਰਜਣ ਰਿਕਾਰਡ ਹੈ। ਮੁੱਖ ਦਫ਼ਤਰਾਂ ਨੇ ਸੈਸਕਾਚੈਵਾਨ ਸੂਬਾ ਛੱਡ ਦਿੱਤਾ ਹੈ ਅਤੇ ਕਿਰਤ ਬਾਜ਼ਾਰ ਸੁੰਗੜ ਰਿਹਾ ਹੈ। ਸੈਸਕ ਪਾਰਟੀ ਅਤੇ ਉਨ੍ਹਾਂ ਦੇ ਮੌਜੂਦਾ ਨੇਤਾ ਟਰੰਪ ਪ੍ਰਤੀ ਨਰਮ ਹਨ। ਉਨ੍ਹਾਂ ਦੇ ਬਜਟ ਵਿੱਚ ਵਪਾਰ ਨੂੰ ਹੱਲ ਕਰਨ ਲਈ ਕੋਈ ਅਚਨਚੇਤੀ ਯੋਜਨਾ ਨਹੀਂ ਹੈ। ਸੈਸਕ ਪਾਰਟੀ ਨੂੰ ਸਸਕੈਚਵਨ ਲਈ ਖੜ੍ਹੇ ਹੋਣ ਦੀ ਜ਼ਰੂਰਤ ਹੈ ਜਿਸ ਤਹਿਤ ਸਸਕੈਚਵਨ-ਪੱਖੀ ਅਤੇ ਕੈਨੇਡਾ-ਪੱਖੀ ਖਰੀਦ ਨਿਯਮਾਂ ਨੂੰ ਬਹਾਲ ਕਰਨਾ ਅਤੇ ਅਮਰੀਕੀ ਸ਼ਰਾਬ ਨੂੰ ਦੁਬਾਰਾ ਸ਼ੈਲਫਾਂ ਤੋਂ ਹਟਾਉਣਾ ਸ਼ਾਮਿਲ ਹੋਵੇ।








# ਜਹਾਜ ਵਿੱਚ ਹੋਈ ਲੜਾਈ,ਈਸ਼ਾਨ ਸ਼ਰਮਾ ਹਿਰਾਸਤ ਵਿੱਚ ਲਿਆ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਵਿੱਚ ਬੀਤੇ ਦਿਨੀ ਫਿਲਾਡੇਲਫੀਆ ਤੋਂ ਮਿਆਮੀ ਜਾ ਰਹੀ ਫਰੰਟੀਅਰ ਏਅਰਲਾਈਨਜ਼ ਦੀ ਉਡਾਣ ਵਿੱਚ ਇੱਕ ਮੁਸਾਫ਼ਰ ਉਤੇ ਕਥਿਤ ਤੌਰ 'ਤੇ ਹਮਲਾ ਕਰਨ ਦੇ ਮਾਮਲੇ ਵਿੱਚ ਇੱਕ ਭਾਰਤੀ ਮੂਲ ਦੇ 21 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ । ਇਸ ਸਬੰਧੀ ਸੋਸ਼ਲ ਮੀਡੀਆ ਉੱਪਰ ਇੱਕ ਵੀਡੀ? ਵੀ ਵਾਇਰਲ ਹੋ ਰਹੀ ਹੈ ਜਿਸ ਵਿਚ ਨਿਊ ਜਰਸੀ ਦੇ ਨੇਵਾਰਕ ਦੇ ਈਸ਼ਾਨ ਸ਼ਰਮਾ ਅਤੇ ਇੱਕ ਹੋਰ ਮੁਸਾਫ਼ਰ ਕੀਨੂ ਇਵਾਨਜ਼ ਵਿਚਕਾਰ ਹੱਥੋਪਾਈ ਹੁੰਦੀ ਦਿਖਾਈ ਦੇ ਰਹੀ ਹੈ। ਰਿਪੋਰਟਾਂ ਅਨੁਸਾਰ ਸ਼ਰਮਾ ਦੇ ਆਪਣੀ ਸੀਟ 'ਤੇ ਵਾਪਸ ਆਉਣ ਤੋਂ ਥੋੜ੍ਹੀ ਦੇਰ ਬਾਅਦ ਟਕਰਾਅ ਸ਼ੁਰੂ ਹੋ ਗਿਆ ਸੀ ।ਸ਼ਰਮਾ ਨੂੰ ਮਿਆਮੀ ਵਿੱਚ ਉਤਰਨ 'ਤੇ ਹਿਰਾਸਤ ਵਿੱਚ ਲੈ ਲਿਆ ਗਿਆ।















# ਜਨਮ ਦਿਨ ਇੰਝ ਵੀ ਮਨਾਇਆ ਜਾ ਸਕਦੈ!



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਮਿੱਲਵੁਡ ਕਲਚਰਲ ਸੁਸਾਇਟੀ ਸੀਨੀਅਰਜ ਰਿਟਾਇਰਡ ਐਂਡ ਸੈਮੀ ਰਿਟਾਇਰਡ ਐਡਮਿੰਟਨ ਦੇ ਸੀਨੀਅਰ ਮੈਂਬਰ ਸਤੀਸ਼ ਸਚਦੇਵਾ ਨੇ ਆਪਣਾ 72 ਵਾਂ ਜਨਮਦਿਨ ਨਿਵੇਕਲੇ ਢੰਗ ਨਾਲ ਮਨਾਇਆ। ਇਸ ਮੌਕੇ ਉਹ ਚੱਲਦੀ ਫਿਰਦੀ ਲਾਇਬ੍ਰੇਰੀ ਸੁਸਾਇਟੀ ਵਿੱਚ ਲੈ ਕੇ ਆਏ। ਉਨ੍ਹਾਂ ਮੈਬਰਾਂ ਨੂੰ ਆਪਣੀ ਆਪਣੀ ਪਸੰਦ ਦੀ ਕਿਤਾਬ ਲੈ ਕੇ ਜਾਣ ਲਈ ਦਿੱਤੀ।

ਇਸ ਮੌਕੇ ਉਨ੍ਹਾਂ ਬੋਲਦਿਆਂ ਕਿਹਾ ਕਿ ਵਧੀਆ ਤੇ ਉਸਾਰੂ ਸਾਹਿਤ ਦੀਆਂ ਚੰਗੀਆਂ ਕਿਤਾਬਾਂ ਪੜ੍ਹਨ ਨਾਲ ਜ਼ਿੰਦਗੀ ਜਿਉਣ ਦਾ ਨਜ਼ਰੀਆ ਬਦਲ ਜਾਂਦਾ ਹੈ। ਬੱਚਿਆਂ ਨੂੰ ਮਾਂ ਬੋਲੀ ਨਾਲ ਜੋੜਿਆ ਜਾਣਾ ਚਾਹੀਦਾ ਹੈ। ਜਿੰਨਾ ਮਾਨਸਿਕ ਵਿਕਾਸ ਬੱਚੇ ਦਾ ਮਾਂ ਬੋਲੀ ਨਾਲ ਹੋ ਸਕਦਾ ਹੈ, ਵਿਦੇਸ਼ੀ ਭਾਸ਼ਾ ਉਸਦੇ ਸਾਹਮਣੇ ਹੀਣੀ ਪੈ ਜਾਂਦੀ ਹੈ। ਉਨ੍ਹਾਂ ਬੋਲਦਿਆਂ ਕਿਹਾ ਕਿ ਜਰਮਨੀ, ਜਪਾਨ, ਫਰਾਂਸ, ਸਵਿੱਟਜਰਲੈਂਡ, ਚੀਨ ਵਿੱਚ ਆਪਣੀ ਮਾਂ ਬੋਲੀ ਵਿੱਚ ਸਿੱਖਿਆ ਦਿੱਤੀ ਜਾਂਦੀ ਹੈ। ਵੱਖ-ਵੱਖ ਭਾਸ਼ਾਵਾਂ ਸਿੱਖਣੀਆਂ ਕੋਈ ਮਾੜੀ ਗੱਲ ਨਹੀਂ, ਪਰ ਸਾਨੂੰ ਆਪਣੀ ਮਾਂ ਬੋਲੀ ਨਹੀਂ ਵਿਸਾਰਨੀ ਚਾਹੀਦੀ। ਇਸ ਮੌਕੇ ਪਾਠਕਾਂ ਨੂੰ ਪੰਜਾਬੀ ਅਖ਼ਬਾਰ ਨੂੰ ਪੜ੍ਹਨ ਲਈ ਪ੍ਰੇਰਿਤ ਕੀਤਾ ਗਿਆ। ਕਿਤਾਬਾਂ ਵੀ ਪੜ੍ਹਨ ਲਈ ਦਿੱਤੀਆਂ ਗਈਆਂ। ਸੰਸਥਾ ਦੇ ਪ੍ਰਧਾਨ ਸ੍ਰੀ ਬਲਵੀਰ ਸਿੰਘ ਜੀ ਹੋਰਾਂ ਸਭਨਾਂ ਦਾ ਧੰਨਵਾਦ ਕੀਤਾ।



### ॥ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ॥

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਜਾਣ ਕੇ ਖੁਸ਼ੀ ਹੋਏਗੀ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਜੋ Sikh society of Saskatchewan gurdwara sahib ਲਈ ਨਵੀ ਜਮੀਨ ਖਰੀਦੀ ਗਈ ਸੀ ਦਿਨ ਐਤਵਾਰ 12 ਜੁਲਾਈ ਨੂੰ ਅਰਦਾਸ ਸਮਾਗਮ ਵਿਚ ਗੁਰਦਵਾਰਾ ਸਾਹਿਬ ਪ੍ਰਬੰਧਕ ਕਮੇਟੀ ਦੇ ਸਾਰੇ ਮੇਮ ਬਰਸ ਅਤੇ Saskatoon ਦੀਆਂ ਸੰਗਤਾਂ ਵਲੋਂ ਹਾਜਰੀ ਭਰੀ ਗਈ ਜਿਸ ਵਿਚ ਗੁਰਦਵਾਰਾ ਸਾਹਿਬ ਦੇ ਮੁਖ ਸੇਵਾਦਾਰ ਮਨਦੀਪ ਸਿੰਘ ਸੇਠੀ, ਹਰਪ੍ਰੀਤ ਸਿੰਘ ਜੱਸਲ,ਡਾਕਟਰ ਬਲਜੀਤ ਸਿੰਘ vice president university of Saskatchewan ਵਲੋਂ ਸੰਗਤਾਂ ਨੂੰ ਗੁਰਦਵਾਰਾ ਸਾਹਿਬ ਦੇ ਆਉਣ ਵਾਲੇ ਪ੍ਰੋਜੈਕਟ ਬਾਰੇ ਦਸਿਆ ਗਿਆ ਤੇ Saskatoon ਅਤੇ ਸਾਰੀਆਂ ਕੈਨੇਡਾ ਦੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਗੁਰਦਵਾਰਾ ਸਾਹਿਬ ਦੀ ਜਮੀਨ ਲਈ ਆਪਣੀ ਕਿਰਤ ਕਮਾਈ ਵਿੱਚੋ ਦਸਵੰਦ ਕੱਢਕੇ ਇਹ ਕਾਰਜਾਂ ਨੂੰ ਸਫਲ ਬਣਾਉਣ ਵਿਚ ਹਿੱਸਾ ਪਾਇਆ

# ਕਨੇਡਾ ਡੇਅ ਮੌਕੇ ਬਿਉਮਾਉਟ ਦੇ ਪੰਜਾਬੀਆਂ ਨੇ ਲੰਗਰ ਲਗਾਇਆ



ਐਡਮਿੰਟਨ (ਸਤੀਸ ਸੱਚਦੇਵਾ) ਏਥੋਂ 10 ਕਿਲੋਮੀਟਰ ਦੂਰ ਬਿਉਮਾਉਟ ਸਿਟੀ ਵੱਲੋ ਫੋਰ ਸੀਜਨ ਪਾਰਕ ਵਿੱਖੇ ਕਨੇਡਾ ਡੇਅ ਰਵਾਇਤੀ ਤਰੀਕੇ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਸਥਾਨਿਕ ਲੋਕ ਨਾਚ ਡਾਂਸ ਅਤੇ ਵੱਖੋ ਵੱਖ ਭਾਈਚਾਰਿਆਂ ਵੱਲੋਂ ਆਪਣੇ ਸੱਭਿਆਚਾਰਕ ਪ੍ਰੋਗਰਾਮ ਪੇਸ ਕੀਤੇ ਗਏ। ਏਸੇ ਕੜੀ ਤਹਿਤ ਸਿੱਖ ਸੰਗਤ ਆਫ ਬਿਉਮਾਉਟ ਵੱਲੋ ਫਰੀ ਠੰਡਾ ਪਾਣੀ, ਹਾਟ ਚਾਕਲੇਟ, ਗਰਨੋਲਾ ਬਾਰਸ ਵੰਡਕੇ ਸਮੂਹ ਬਿਉਮਾਉਟ ਨਿਵਾਸੀਆਂ ਨਾਲ ਆਪਣੀ ਇੱਕਮੁਠਤਾ ਦਾ ਪ੍ਰਗਟਾਵਾ ਕੀਤਾ। ਇਸ ਸਮਾਗਮ ਵਿੱਚ ਸਿੱਖ ਸੰਗਤ ਵੱਲੋ ਭਰਵੀ ਹਾਜ਼ਰੀ ਦਰਜ ਕਰਵਾਉਂਦਿਆਂ ਗੁਰਜੀਤ ਸਰਾ, ਕਸ਼ਮੀਰ ਸਿੰਘ ਗਿੱਲ, ਸੁਖਦੇਵ ਸਿੰਘ ਗੋਸਲ, ਸੁਖਦੇਵ ਸਿੱਧੂ, ਗੁਰਮੁੱਖ ਸਿੰਘ ਮੁੰਡੀ, ਕਾਬਲ ਸਿੰਘ, ਇੰਦਰਜੀਤ ਸਿੰਘ, ਗੁਰਪ੍ਰੀਤ ਸਿੱਧੂ, ਜੋਬਨ ਵਿਰਕ, ਨਰਿੰਦਰ ਸਿੰਘ, ਹਰਪਾਲ ਸਿੰਘ, ਸੁਰਿੰਦਰ ਸਿੰਘ ਕੁਲਾਰ ਅਤੇ ਮੈਡਮ ਭੁਵਿੰਦਰ ਕੌਰ ਗਿੱਲ ਨੇ ਬਤੌਰ ਵਾਲੰਟੀਅਰ ਸੇਵਾ ਨਿਭਾਈ।

# ਸਫ਼ਰਨਾਮਾ 'ਲਹਿੰਦੇ ਪੰਜਾਬ 'ਚ 14 ਦਿਨ' ਕੈਲਗਰੀ ਵਿਖੇ ਲੋਕ ਅਰਪਣ ਹੋਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ ਜੁਲਾਈ ਮਹੀਨੇ ਦੀ ਮੀਟਿੰਗ ਵਿੱਚ ਪੰਜਾਬੀ ਦੀ ਸਥਾਪਿਤ ਲੇਖਿਕਾ ਗੁਰਚਰਨ ਕੌਰ ਥਿੰਦ ਦੀ ਨਵਪ੍ਰਕਾਸ਼ਿਤ ਪੁਸਤਕ 'ਲਹਿੰਦੇ ਪੰਜਾਬ 'ਚ 14 ਦਿਨ' ਲੋਕ ਅਰਪਣ ਕੀਤੀ ਗਈ। ਇਹ ਉਨ੍ਹਾਂ ਦੀ ਸੰਨ 2023 ਦੇ ਫਰਵਰੀ ਮਹੀਨੇ ਲਹਿੰਦੇ ਪੰਜਾਬ ਦੀ 14 ਦਿਨ ਦੀ ਯਾਤਰਾ ਦਾ ਸੁਚਿੱਤਰ ਸਫ਼ਰਨਾਮਾ ਹੈ। ਬਲਵਿੰਦਰ ਕੌਰ ਬਰਾੜ, ਜੋ ਇਸ ਕਿਤਾਬ ਦੇ ਮੁੱਖ-ਬੰਦ ਦੇ ਰਚੇਤਾ ਹਨ, ਨੇ ਕਿਤਾਬ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਦੇ ਨਾਲ ਨਾਲ ਆਪਣੀ ਲਹਿੰਦੇ ਪੰਜਾਬ ਦੀ ਸੰਖੇਪ ਫੇਰੀ ਦੇ ਤਜਰਬੇ ਅਤੇ ਅਨੁਭਵ ਵੀ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਸਫ਼ਰਨਾਮੇ ਵਿੱਚ ਵਿਸ਼ੇਸ਼ ਤੌਰ ਤੇ ਮੁਲਾਕਾਤਾਂ ਵਾਲਾ ਹਿੱਸਾ ਅਤਿ ਅਹਿਮ ਹੈ। ਇਸ ਵਿੱਚ ਲਹਿੰਦੇ ਪੰਜਾਬ ਦੀਆਂ ਨਾਮਵਰ ਹਸਤੀਆਂ ਆਸ਼ਿਕ ਰਹੀਲ, ਈਸਾਨ ਬਾਜਵਾ, ਬਾਬਾ ਨਜ਼ਮੀ, ਦੀਪ ਸਾਈਦਾ ਅਤੇ ਅਹਿਮਦ ਰਜ਼ਾ ਪੰਜਾਬੀ ਨਾਲ



ਲੇਖਿਕਾ ਦੁਆਰਾ ਕੀਤੀਆਂ ਮੁਲਾਕਾਤਾਂ ਦਾ ਹਰਫ਼-ਬਹਰਫ਼ ਅੱਖਰੀਕਰਨ ਸ਼ਾਮਿਲ ਹੈ ਜੋ ਲਹਿੰਦੇ ਪੰਜਾਬ ਦੀ ਮਾਨਸਿਕਤਾ, ਹਾਲਾਤਾਂ ਤੇ ਪ੍ਰਸਥਿਤੀਆਂ ਤੇ ਬਾਖ਼ੂਬੀ ਝਾਤ ਪਵਾਉਂਦਾ ਹੈ। ਜਸਵਿੰਦਰ ਸਿੰਘ ਰੁਪਾਲ ਜੀ ਨੇ, 14 ਦਿਨ ਦੀ ਯਾਤਰਾ ਦੇ ਇਸ ਸਫ਼ਰਨਾਮੇ ਬਾਰੇ 14 ਨੁਕਤੇ ਉਭਾਰੇ। ਉਨ੍ਹਾਂ ਕਿਹਾ ਕਿ ਇਸ ਸਫ਼ਰਨਾਮੇ ਵਿੱਚ ਲੇਖਿਕਾ ਨੇ ਨਿੱਜੀ ਯਾਦਾਂ, ਮੁਹੱਬਤੀ ਸਾਂਝ, ਵੰਡ ਦਾ ਦੁਖਾਂਤ, ਸਭਿਆਚਾਰਕ ਸਾਂਝ, ਅਦਬੀ ਸਾਂਝ, ਪੰਜਾਬੀ ਬੋਲੀ, ਹਿੰਦ-ਪਾਕ ਸਮੱਸਿਆਵਾਂ, ਵਾਤਾਵਰਣ ਅਤੇ ਇਸਤ੍ਰੀ ਜਾਤੀ ਦੀ ਦਸ਼ਾ ਦੇ ਨਾਲ ਨਾਲ ਉੱਥੋਂ ਦੇ ਇਤਿਹਾਸਕ ਪੱਖ, ਆਰਥਿਕ ਪੱਖ, ਵਿਦਿਅਕ ਪੱਖ ਨੂੰ ਆਪਣੇ ਵਿਲੱਖਣ ਸਾਹਿਤਕ ਅੰਦਾਜ਼ ਵਿੱਚ ਕਲਮਬੱਧ ਕੀਤਾ ਹੈ।

ਗੁਰਦੀਸ਼ ਗਰੇਵਾਲ ਨੇ ਕਿਹਾ ਕਿ ਇੰਜ ਲਗਦਾ ਜਿਵੇਂ ਕਿਤਾਬ ਪੜ੍ਹਦਿਆਂ ਅਸੀਂ ਉਨ੍ਹਾਂ ਥਾਵਾਂ, ਘਟਨਾਵਾਂ ਦੇ ਨਾਲ ਨਾਲ ਚਲ ਰਹੇ ਹੋਈਏ। ਗੁਰਚਰਨ ਕੌਰ ਥਿੰਦ ਨੇ ਆਪਣੇ ਸੰਬੋਧਨ ਵਿੱਚ ਉਨ੍ਹਾਂ ਬਾਰਡਰ ਵਾਲੀ ਲਕੀਰ ਪਾਰ ਕਰ ਪਰਲੇ ਪਾਸੇ ਪੈਰ ਧਰਨ ਵੇਲੇ ਅਤੇ 14 ਦਿਨ ਬਾਦ ਵਾਪਸ ਮੁੜਨ ਸਮੇਂ ਦੇ ਭਾਵੁਕ ਪਲਾਂ, ਅੱਖੀਂ ਵੇਖੀਆਂ ਕੁੱਝ ਅਹਿਮ ਘਟਨਾਵਾਂ, ਅਹਿਮ ਤੇ ਆਮ ਲੋਕਾਂ ਨਾਲ ਮੇਲ-ਗੇਲ, ਨਿੱਜੀ ਅਹਿਸਾਸਾਂ ਤੇ ਅਨੁਭਵਾਂ ਦੀ ਸਾਂਝ ਪਾਈ। ਗੁਰਦਿਆਲ ਸਿੰਘ ਖਹਿਰਾ ਜੀ ਅਤੇ ਗੁਰਮੀਤ ਸਿੰਘ ਤੰਬੜ ਜੀ ਹੁਰਾਂ ਵੀ ਆਪਣੀਆਂ ਲਹਿੰਦੇ ਪੰਜਾਬ ਦੀਆਂ ਫੇਰੀਆਂ ਨੂੰ ਸਾਂਝਾ ਕੀਤਾ। ਸੰਯੋਗ ਹੀ ਸੀ ਕਿ ਲਹੌਰ ਦੀ ਕੋਰਟ ਵਿੱਚ ਬਤੌਰ ਵਕੀਲ ਕੰਮ ਕਰ ਚੁੱਕੇ ਵਕੀਲ ਸਈਦ ਵੜੈਚ ਇਸ ਸਮਾਗਮ ਵਿੱਚ ਸ਼ਾਮਲ ਹੋਏ। ਉਹ ਇਸ ਕਿਤਾਬ ਬਾਰੇ ਚਰਚਾ ਸੁਣ ਇਹ ਕਹਿਣੋਂ ਨਾ ਰਹਿ ਸਕੇ ਕਿ ਸਾਨੂੰ ਲੋਕਾਂ ਨੂੰ ਆਪਣੇ ਪੰਜਾਬ ਬਾਰੇ ਇਨੀ ਅਵੇਅਰਨੈੱਸ ਨਹੀਂ ਜਿਨੀ ਬਾਰੀਕੀ ਨਾਲ ਤੁਸੀਂ ਇਸ ਨੂੰ ਵੇਖਿਆ ਤੇ ਲਿਖਿਆ ਹੈ। ਚੰਡੀਗੜ੍ਹ ਤੋਂ ਕੈਲਗਰੀ ਆਏ ਬਲਦੀਪ ਕੌਰ ਸੰਧੂ ਨੂੰ ਸਭਾ ਵੱਲੋਂ ਸਨਮਾਨ ਪੱਤਰ ਨਾਲ ਸਨਮਾਨਿਤ ਕੀਤਾ ਗਿਆ।ਸਭਾ ਦੇ ਪ੍ਰਧਾਨ ਜਸਵੀਰ ਸਿੰਘ ਸਿਹੋਤਾ ਜੀ ਨੇ ਲੇਖਿਕਾ ਨੂੰ ਉਨ੍ਹਾਂ ਦੀ ਕਿਤਾਬ ਦੇ ਲੋਕ ਅਰਪਣ ਦੀ ਵਧਾਈ ਦਿੱਤੀ ਅਤੇ ਸਭ ਹਾਜ਼ਰੀਨ ਦਾ ਉਨ੍ਹਾਂ ਦੀ ਭਰਵੀਂ ਸ਼ਮੂਲੀਅਤ ਲਈ ਧੰਨਵਾਦ ਕੀਤਾ।

# ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਦੇ ਸਾਲਾਨਾ ਜਨਰਲ ਇਜਲਾਸ ਮੌਕੇ ਨਵੀਂ ਕਮੇਟੀ ਚੁਣੀ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ 11 ਜੁਲਾਈ 2025 ਵਾਲੇ ਦਿਨ ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਦਾ ਸਾਲਾਨਾ ਇਜਲਾਸ ਹੋਇਆ ਜਿਸ ਵਿੱਚ ਬਚਿੱਤਰ ਸਿੰਘ ਗਿੱਲ ਨੂੰ ਕਮੇਟੀ ਦੀ ਚੋਣ ਸਬੰਧੀ ਪ੍ਰਜਾਈਡਿੰਗ ਅਫਸਰ ਨਿਯੁਕਤ ਕੀਤਾ ਗਿਆ ਸੀ ਜਿਨਾਂ ਨੇ ਨਵੀਂ ਕਮੇਟੀ ਲਈ ਆਈਆਂ ਅਰਜੀਆਂ ਅਤੇ ਉਹਨਾਂ ਦੇ ਨਾਵਾਂ ਅਤੇ ਅਹੁਦਿਆਂ ਬਾਰੇ ਇਸ ਅਜਲਾਸ ਨੂੰ ਦੱਸਿਆ। ਇਹ ਚੋਣ ਸਰਬ ਸੰਮਤੀ ਨਾਲ ਹੋਈ। ਜਿਸ ਦੀ ਪ੍ਰਵਾਨਗੀ ਇੱਕੋ ਆਵਾਜ਼ ਨਾਲ ਹਾਜ਼ਰੀਨ ਵਿੱਚੋਂ ਸਭਨਾਂ ਨੇ ਦਿੱਤੀ। ਬਚਿੱਤਰ ਸਿੰਘ ਗਿੱਲ ਨੇ ਸਾਥ ਦੇਣ ਲਈ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਸਾਰਿਆਂ ਨੇ ਨਵੀਂ ਕਮੇਟੀ ਨੂੰ ਮੁਬਾਰਕਬਾਦ ਦਿੱਤੀ। ਨਵੀਂ ਚੁਣੀ ਗਈ ਕਮੇਟੀ ਵਿੱਚ ਮੋਤਾ ਸਿੰਘ ਮਿਨਹਾਸ ਨੂੰ ਪ੍ਰਧਾਨ ਚੁਣਿਆ ਗਿਆ ਹੈ ਜਦੋਂ ਕਿ ਉਪ ਪ੍ਰਧਾਨ ਸਰਦਾਰ ਸੁਰਮਖ ਸਿੰਘ ਕੂਨਰ ਹੋਣਗੇ। ਦਰਸ਼ਨ ਸਿੰਘ ਔਲਖ ਜਨਰਲ ਸੈਕਟਰੀ, ਠਾਣਾ ਸਿੰਘ ਜੋਇੰਟ ਸੈਕਟਰੀ, ਜਸਵੀਰ ਸਿੰਘ ਗਿੱਲ ਖਜਾਨਚੀ, ਨਛੱਤਰ ਸਿੰਘ ਗਿੱਲ ਜੋਇੰਟ ਖਜਾਨਚੀ,ਅਤੇ ਮੇਜਰ ਸਿੰਘ ਧਾਲੀਵਾਲ ਪ੍ਰੈਸ ਸਕੱਤਰ ਹੋਣਗੇ। ਮੱਖਣ ਸਿੰਘ ਨੂੰ ਸੇਖੋਂ ਨੂੰ ਕੈਸੀਨੋ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਪ੍ਰੋਗਰਾਮ ਦੇ ਸ਼ੁਰੂ ਵਿੱਚ ਮੇਜਰ ਸਿੰਘ ਧਾਲੀਵਾਲ ਨੇ ਪ੍ਰੋਗਰਾਮ ਦੀ ਜਾਣਕਾਰੀ ਦਿੱਤੀ ਅਤੇ ਖਜਾਨਚੀ ਗੁਰਮੀਤ ਸਿੰਘ ਨੇ ਸਾਲ 2024 ਅਤੇ 2025 ਦਾ ਲੇਖਾ ਜੋਖਾ ਪੇਸ਼




ਕੀਤਾ। ਮੇਜਰ ਸਿੰਘ ਧਾਲੀਵਾਲ ਨੇ ਕੈਸੀਨੋ ਆਡਿਟ ਦੇ ਗੰਭੀਰ ਮਸਲੇ ਦਾ ਵੇਰਵਾ ਦਿੱਤਾ ਜਿਸ ਨੂੰ ਬਿੱਕਰ ਸਿੰਘ ਸੰਧੂ ਨੇ ਬੜੀ ਮਿਹਨਤ ਅਤੇ ਸਿਆਣਪ ਨਾਲ ਹੱਲ ਕੀਤਾ। ਪ੍ਰਿੰਸੀਪਲ ਸਤਪਾਲ ਕੌਸ਼ਿਲ ਨੇ ਮੈਂਬਰਾਂ ਦੀ ਏਕਤਾ ਬਣਾਈ ਰੱਖਣ ਤੇ ਜ਼ੋਰ ਦਿੱਤਾ। ਜਰਨੈਲ ਸਿੰਘ ਤੱਗੜ ਨੇ ਵੀ ਆਪਣੇ ਵਿਚਾਰ ਰੱਖੇ। ਬਿੱਕਰ ਸਿੰਘ ਸੰਧੂ ਨੇ ਸੰਸਥਾ ਦੀ ਬੇਹਤਰੀ ਲਈ ਕੁੱਝ ਅਹਿਮ ਨੁਕਤਿਆਂ ਦਾ ਜ਼ਿਕਰ ਕੀਤਾ। ਹਾਜ਼ਰੀਨ ਨੇ ਸਾਰੇ ਪ੍ਰੋਗਰਾਮ ਨੂੰ ਧਿਆਨ ਨਾਲ ਸੁਣਿਆ। ਇਸ ਮੌਕੇ ਬੁਲਾਰਿਆਂ ਨੇ ਪਹਿਲਾਂ ਵਾਲੀਆਂ ਕਮੇਟੀਆਂ ਵੱਲੋਂ ਵਧੀਆ ਕੰਮ ਕਰਨ ਬਦਲੇ ਧੰਨਵਾਦ ਕੀਤਾ ਅਤੇ ਨਵੀਂ ਕਮੇਟੀ ਤੋਂ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਕੰਮ ਕਰਨ ਦੀ ਉਮੀਦ ਜਾਹਿਰ ਕੀਤੀ। ਸੰਸਥਾ ਦੇ ਪ੍ਰਧਾਨ ਸਰਦਾਰ ਮੋਤਾ ਸਿੰਘ ਮਨਹਾਸ ਨੇ ਸਭਨਾਂ ਦਾ ਸ਼ੁਕਰੀਆ ਅਦਾ ਕੀਤਾ। ਇਸ ਮੌਕੇ ਚਾਹ ਪਾਣੀ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।


## ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪਹਿਲੀ ਵਾਰ ਆਜ਼ਾਦੀ ਇੰਨੇ ਖ਼ਤਰੇ ਵਿੱਚ ਹੈ- ਇਮੈਨੂਅਲ ਮੈਕਰੋਂ

ਪੈਰਿਸ (ਪੰਜਾਬੀ ਅਖ਼ਬਾਰ ਬਿਊਰੋ) ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਂਕਰੋ ਨੇ ਫਰਾਂਸ ਦੇ ਰਾਸ਼ਟਰੀ ਦਿਵਸ (ਬੈਸਟਿਲ ਡੇ) ਤੋਂ ਇੱਕ ਦਿਨ ਪਹਿਲਾਂ ਫਰਾਂਸੀਸੀ ਸੈਨਿਕਾਂ ਨੂੰ ਸੰਬੋਧਨ ਕੀਤਾ। ਇਸ ਦੌਰਾਨ, ਉਨ੍ਹਾਂ ਕਿਹਾ ਕਿ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪਹਿਲੀ ਵਾਰ ਆਜ਼ਾਦੀ ਇੰਨੇ ਖ਼ਤਰੇ ਵਿੱਚ ਹੈ। ਰੂਸ, ਯੂਕਰੇਨ ਯੁੱਧ ਅਤੇ ਸਾਈਬਰ ਅਪਰਾਧ ਨੂੰ ਯੂਰਪ ਲਈ ਮੁੱਖ ਖ਼ਤਰਾ ਦੱਸਦੇ ਹੋਏ, ਮੈਂਕਰੋ ਨੇ ਕਿਹਾ ਕਿ ਇਸ ਦੁਨੀਆ ਵਿੱਚ ਆਜ਼ਾਦ ਰਹਿਣ ਲਈ ਡਰ ਪੈਦਾ ਕਰਨਾ ਜ਼ਰੂਰੀ ਹੈ, ਅਤੇ ਡਰ ਪੈਦਾ ਕਰਨ ਲਈ ਸ਼ਕਤੀਸ਼ਾਲੀ ਹੋਣਾ ਪਵੇਗਾ। ਉਨ੍ਹਾਂ 2026 ਲਈ ਦੇਸ਼ ਦੇ ਰੱਖਿਆ ਬਜਟ ਵਿੱਚ 315 ਬਿਲੀਅਨ ਯੂਰੋ ਅਤੇ 2027 ਵਿੱਚ 3 ਬਿਲੀਅਨ ਯੂਰੋਦਾ ਵਾਧਾ ਕਰਨ ਦਾ ਐਲਾਨ ਕੀਤਾ ਮੈਂਕਰੋ ਫਰਾਂਸ ਦੇ ਰੱਖਿਆ ਬਜਟ ਨੂੰ ਵਧਾ ਕੇ ਦੇਸ਼ ਦੀ ਫੌਜੀ ਸਮਰੱਥਾ, ਆਧੁਨਿਕ ਹਥਿਆਰਾਂ ਦੀ ਸਪਲਾਈ ਅਤੇ ਪ੍ਰਮਾਣੂ ਸ਼ਕਤੀ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਨ। ਹਾਲਾਂਕਿ, ਮੈਂਕਰੋ ਦਾ ਇਹ ਪ੍ਰਸਤਾਵ ਅਜੇ ਵੀ ਫਰਾਂਸੀਸੀ ਸਰਕਾਰ ਅਤੇ ਸੰਸਦ ਦੀ ਪ੍ਰਵਾਨਗੀ ਦੀ ਉਡੀਕ ਕਰ ਰਿਹਾ ਹੈ।









# ਕੈਲਗਰੀ ਵੁਮੈਨ ਕਲਚਰਲ ਐਸੋਸੀਏਸ਼ਨ ਨੇ ਵੱਖੋ-ਵੱਖ ਪ੍ਰੋਗਰਾਮਾਂ ਤਹਿਤ ਪਾਈਆਂ ਨਵੀਆਂ ਪਿਰਤਾਂ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੁਮੈਨ ਕਲਚਰਲ ਐਸੋਸੀਏਸ਼ਨ ਵੱਲੋਂ ਅਲਬਰਟਾ ਗੌਰਮਿੰਟ ਦੇ 'ਨਿਊ ਹੋਰਾਈਜ਼ਨ ਫਾਰ ਸੀਨੀਅਰਜ਼ ਪ੍ਰੋਗਰਾਮ' ਤਹਿਤ 'ਰੇਸ਼ੇਲਾਈਜ਼ਡ ਸੀਨੀਅਰ ਔਰਤਾਂ ਲਈ ਜਾਗਰੂਕਤਾ' ਪ੍ਰਾਜੈਕਟ ਹੇਠ ਜੂਨ ਮਹੀਨੇ ਵਿੱਚ ਸੀਨੀਅਰ ਔਰਤਾਂ ਦੇ ਸਸ਼ਕਤੀਕਰਨ ਲਈ ਵਿਸ਼ੇਸ਼ ਐਕਟਿਵੀਟੀਜ਼ ਅਤੇ 'ਐਂਮਪਾਵਰਿੰਗ ਸੈਲਫ਼ ਐਸਟੀਮ ਐਂਡ ਵੈੱਲਬੀਅੰਗ' ਬੈਨਰ ਹੇਠ ਅਵੇਅਰਨੈਸ ਈਵੈਂਟ ਦਾ ਆਯੋਜਨ ਕੀਤਾ ਗਿਆ। ਮੀਟਿੰਗ ਵਿੱਚ ਸੀਨੀਅਰਜ਼ ਵਲੋਂ ਚਿਰਾਂ ਤੋਂ ਵਿਸਰੀ ਕਲਮ ਨੂੰ ਮੁੜ ਫੜਾਉਣ ਦਾ ਉਪਰਾਲਾ ਕਤਾ ਗਿਆ। ਮੇਜ਼ਾਂ ਦੇ ਚੁਫ਼ੇਰੇ ਬੈਠ ਹਰੇਕ ਨੂੰ ਕਾਗਜ਼ ਤੇ ਪੈਨਸਿਲ ਦੇ ਕੇ ਕੁੱਝ ਨਾ ਕੁੱਝ ਲਿਖਣ ਲਈ ਪ੍ਰੇਰਿਆ ਗਿਆ। ਬਹੁਤਿਆਂ ਨੇ ਆਪਣਾ ਨਾਮ ਲਿਖਿਆ। ਫਿਰ ਇਸ ਨੂੰ ਖੁਸ਼ਖੱਤ ਕਰਕੇ ਲਿਖਣ ਦੀ ਜਾਂਚ ਸਭਾ ਦੀ ਨੌਜੁਆਨ ਮੈਂਬਰ ਮਨਿੰਦਰ ਕੌਰ ਨੇ ਬੋਰਡ ਤੇ ਲਿਖ ਕੇ ਕਰਵਾਈ। ਮਨਿੰਦਰ ਕੈਲਿਓਗਰਾਫ਼ੀ ਦੀ ਮਾਹਿਰ ਹੈ, ਉਸ ਦੇ ਦਿਸ਼ਾ ਨਿਰਦੇਸ਼ ਹੇਠ ਭੈਣਾਂ ਨੇ ਸੁੰਦਰ ਲਿਖਤ ਤੇ ਹੱਥ ਅਜ਼ਮਾਇਆ। ਇਸ ਤਰ੍ਹਾਂ ਉਨ੍ਹਾਂ ਨੂੰ ਆਪਣੀ ਇਕੱਲਤਾ ਵਿੱਚ ਇੱਕ ਹੋਰ ਮਨਪਸੰਦ ਰੁਝੇਵਾਂ ਅਪਣਾਉਣ ਦੀ ਮੁਹਾਰਤ ਹਾਸਲ ਹੋਈ।

ਇਸੇ ਤਰਾਂ ਆਯੋਜਿਤ ਅਵੇਅਰਨੈੱਸ ਈਵੈਂਟ ਵੀ ਵਿਲੱਖਣ ਸਾਬਤ ਹੋਈ। ਜੈਨੇਸਿਜ਼ ਸੈਂਟਰ ਦੇ ਮਲਟੀਪਰਪਸ ਏ ਤੇ ਬੀ ਕਮਰਿਆਂ ਦੇ ਵੱਡੇ ਹਾਲ ਵਿੱਚ ਸੀਨੀਅਰ ਔਰਤਾਂ ਦੀ ਭਰਵੀਂ ਹਾਜ਼ਰੀ ਵਿੱਚ ਆਪਣੇ ਸਵੈਮਾਣ, ਸਤਿਕਾਰ, ਸਲਾਮਤੀ ਤੇ ਸੁਖ-ਸਾਂਦ ਦੀ ਲੋੜ ਤੇ ਮਹੱਤਤਾ ਸਬੰਧੀ, ਪੀਸੀਐਚਐਸ ਤੋਂ ਆਏ ਮਨੋਵਿਗਿਆਨਕ ਮਾਹਿਰ ਸੰਦੀਪ ਕੌਰ ਵੜਿੰਗ ਨੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਪਰੰਤ ਗੋਲ ਮੇਜ਼ ਡਿਸਕਸ਼ਨ ਹੋਈ, ਜਿਸ ਵਿੱਚ 80 ਦੇ ਲਗਪਗ ਭੈਣਾਂ ਨੇ 10 ਮੇਜ਼ਾਂ ਦੁਆਲੇ ਬੈਠ ਸੰਜੀਦਾ ਵਾਰਤਾਲਾਪ ਵਿੱਚ ਹਿੱਸਾ ਲਿਆ। ਗੱਲਬਾਤ ਤੋਰਨ ਲਈ ਹਰ ਮੇਜ਼ ਉਪਰ ਮੌਜੂਦ ਫੈਸੀਲੀਟੇਟਰ ਦੇ ਹੱਥ ਅੱਜ ਦੇ ਵਿਸ਼ੇ ਸਬੰਧੀ ਕੁੱਝ ਸੁਆਲ ਸਨ, ਜਿਨ੍ਹਾਂ ਨੂੰ ਉਸ ਸਾਰਿਆਂ ਨਾਲ ਸਾਂਝਾ ਕੀਤਾ ਅਤੇ ਮੇਜ਼ ਦੁਆਲੇ ਬੈਠੀਆਂ ਭੈਣਾਂ ਨੇ ਆਪਣੇ ਨਿੱਜੀ ਅਨੁਭਵਾਂ ਤੇ ਤਜਰਬਿਆਂ ਅਨੁਸਾਰ ਆਪਣੇ ਵਿਚਾਰਾਂ ਦੀ ਸਾਂਝ ਪਾਈ। ਜਿਸ ਨੂੰ ਫੈਸੀਲੀਟੇਟਰ ਨਾਲੋ ਨਾਲ ਨੋਟ ਕਰਦੇ ਗਏ। ਉਪਰੰਤ ਹਰੇਕ ਫੈਸੀਲੀਟੇਟਰ ਨੇ ਆਪਣੇ ਮੇਜ਼ ਤੇ ਹੋਈ ਗੱਲਬਾਤ ਦਾ ਸਾਰ-ਅੰਸ਼ ਸਾਰਿਆਂ ਨਾਲ ਸਾਂਝਾ ਕੀਤਾ ਤਾਂ ਬਹੁਤ ਰੌਚਕ ਜਾਣਕਾਰੀ, ਤਜਰਬੇ, ਅਨੁਭਵ ਤੇ ਸੁਝਾਅ ਸਾਹਮਣੇ ਆਏ। ਇਸ ਨਾਲ ਸੀਨੀਅਰ ਔਰਤਾਂ ਨੂੰ ਆਪਣੀ ਮਨਮਰਜ਼ੀ ਨਾਲ ਆਪਣਾ ਅੰਦਰਲਾ ਫਰੋਲਣ ਦਾ ਮੌਕਾ ਮਿਲਿਆ ਅਤੇ ਕੁੱਝ ਨਵਾਂ ਕਰਨ ਦੀ ਪ੍ਰਾਪਤੀ ਤੇ ਤਸੱਲੀ ਵੀ ਹੋਈ। ਸਭਾ ਦੇ ਅਹੁਦੇਦਾਰਾਂ ਤੇ ਐਗਜ਼ੈਕਟਿਵ ਕਮੇਟੀ ਵੱਲੋਂ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਨਿਸ਼ਟਾ ਨਾਲ ਨਿਭਾ ਈਵੈਂਟ ਨੂੰ ਸਫ਼ਲ ਬਣਾਉਣ ਲਈ ਪ੍ਰਧਾਨ ਬਲਵਿੰਦਰ ਬਰਾੜ ਨੇ ਸਭ ਦਾ ਧੰਨਵਾਦ ਕੀਤਾ ਅਤੇ ਸਭਾ ਦੀ ਕੋਆਰਡੀਨੇਟਰ ਗੁਰਚਰਨ ਥਿੰਦ ਨੂੰ ਇਸ ਈਵੈਂਟ ਨੂੰ ਉਲੀਕਣ ਅਤੇ ਨੇਪਰੇ ਚੜ੍ਹਾਉਣ ਲਈ ਕੀਤੇ ਗਏ ਅਣਥੱਕ ਯਤਨਾਂ ਦਾ ਸ਼ਾਲ ਦੇ ਰੂਪ ਵਿੱਚ ਸਨਮਾਨ ਭੇਟ ਕਰ ਸਨਮਾਨਿਤ ਕੀਤਾ ਗਿਆ।ਜੈਨੇਸਜ਼ ਸੈਂਟਰ ਦੀ ਬਾਹਰਲੀ ਗਰਾਊਂਡ ਵਿੱਚ ਸਭਾ ਵੱਲੋਂ 'ਯੰਗਸਤਾਨ ਸਪੋਰਟਸ ਤੇ ਕਲਚਰਲ ਐਸੋਸੀਏਸ਼ਨ' ਦੇ ਸਹਿਯੋਗ ਨਾਲ ਸੀਨੀਅਰਜ਼ ਲਈ ਹਲਕੀਆਂ ਫੁਲਕੀਆਂ ਖੇਡਾਂ ਵਿੱਚ ਸੌ ਮੀਟਰ ਦੀ ਦੌੜ, ਚਾਟੀ ਰੇਸ, ਚਮਚਾ-ਆਲੂ ਰੇਸ, ਗ੍ਰੈਂਡਮਾਂ-ਗ੍ਰੈਂਡਕਿਡ ਰੇਸ, ਤੇ ਫੈਮਲੀ ਰੀਲੇਅ ਰੇਸ ਨਾਲ ਅੰਦਰਲੀ ਝਿਜਕ ਨੂੰ ਦੂਰ ਕਰ ਸਵੈਮਾਣ ਤੇ ਸਨਮਾਨ ਨਾਲ ਮੁੜ ਜੁੜਨ ਦੀ ਪ੍ਰਵਿਰਤੀ ਨੂੰ ਉਭਾਰਨਾ ਅਤੇ ਖਾਸ ਤੌਰ ਤੇ ਪੀੜ੍ਹੀ-ਪਾੜਾ ਤੇ ਪੁੱਲ ਉਸਾਰਨਾ ਸੀ। ਦਾਦੀ/ਨਾਨੀ ਆਪਣੇ ਪੋਤੇ-ਪੋਤੀ/ਦੋਹਤੇ-ਦੋਹਤੀ ਦਾ ਹੱਥ ਫੜ ਦੌੜਦੀ ਅਤੇ ਇੱਕ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਇੱਕ ਦੂਜੇ ਨੂੰ ਹੱਲਾਸ਼ੇਰੀ ਦੇ ਰੀਲੇਅ ਰੇਸ ਜਿੱਤਣ ਲਈ ਉਤਸ਼ਾਹਿਤ ਕਰਦੀਆਂ ਸਹਿਜ-ਸੁਭਾਅ ਹੀ ਪਰਿਵਾਰ ਨੂੰ ਇੱਕ ਮੁੱਠ ਹੋਣ ਦਾ ਸੁਨੇਹਾ ਦੇ ਗਈਆਂ। ਸਭਾ ਵਲੋਂ 'ਯੰਗਸਤਾਨ ਸਪੋਰਟਸ ਤੇ ਕਲਚਰਲ ਐਸੋਸੀਏਸ਼ ਦੇ ਪ੍ਰਧਾਨ ਸੁਖਵੀਰ ਗਰੇਵਾਲ ਜੀ, ਸਮੁੱਚੀ ਟੀਮ ਤੇ ਵਲੰਟੀਅਰਜ਼ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਗੱਲਾਂ ਪੰਜਾਬ ਦੀਆਂ 18 ਨੂੰ ਹੋਣਗੀਆਂ, ਬਾਰੇ ਪੋਸਟਰ ਰਿਲੀਜ਼ ਹੋਇਆ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ 18 ਜੁਲਾਈ ਨੂੰ ਮੂਨਲਾਈਟ ਬੈਂਕਿਊਟ ਹਾਲ ਵਿਖੇ ਹੋਣ ਜਾ ਰਹੇ ਸੱਭਿਆਚਾਰਕ ਪ੍ਰੋਗਰਾਮ "ਗੱਲਾਂ ਪੰਜਾਬ ਦੀਆਂ" ਦਾ ਪੋਸਟਰ ਇੰਡੀਅਨ ਤੇਵਰਨ ਰੈਸਟੋਰੈਂਟ ਵਿਖੇ ਰਿਲੀਜ਼ ਕੀਤਾ ਗਿਆ । ਇਸ ਮੌਕੇ ਸ਼ੋਅ ਦੇ ਮੁੱਖ ਪਰਬੰਧਕ ਵਿਵੇਕ ਮਹਾਜਨ ਅਤੇ ਮੁਕੇਸ਼ ਨਡਿਆਲ ਇੰਡੀਅਨ ਤੇਵਰਨ ਰੈਸਟੋਰੈਂਟ ਦੇ ਮਾਲਕ ਨੇ ਦੱਸਿਆ ਕਿ ਇਹ ਸ਼ੋਅ ਪੂਰਾ ਪਰਿਵਾਰਕ ਹੋਵੇਗਾ। ਇਸ ਸ਼ੋਅ ਦੇ ਸਾਰੇ ਹੀ ਟੇਬਲ ਬੁੱਕ ਹੋ ਚੁੱਕੇ ਹਨ। ਮੰਚ ਉਪਰਲੀਆਂ ਪੇਸ਼ਕਾਰੀਆਂ ਬਾਰੇ ਜਾਣਕਾਰੀ ਦਿੰਦਿਆਂ ਉਹਨਾਂ ਦੱਸਿਆ ਕਿ ਭਾਵੇਂ ਦਰਸਕਾਂ ਲਈ ਸਰਪਰਾਈਜ਼ ਦੇ ਤੌਰ 'ਤੇ ਇੱਕ ਕਲਾਕਾਰ ਪੰਜਾਬੀ ਗੀਤਕਾਰੀ ਅਤੇ ਗਾਇਕੀ ਵਿੱਚ ਬੁਲੰਦਗੀ ਵਾਲਾ ਨਾਂ ਹਾਲੇ ਨਹੀਂ ਦੱਸਿਆ ਜਾ ਰਿਹਾ ਪਰ "ਬਾਜੀ ਮਾਰ ਗਿਆ ਬਠਿੰਡੇ ਆਲਾ ਗੱਭਰੂ"-ਮਨਜੀਤ ਰੂਪੋਵਾਲੀਆ, "ਵੰਗਾਂ ਮੇਚ ਨਾ ਆਈਆਂ" -ਸੁਖਵਿੰਦਰ ਸੁੱਖੀ, ਸਿਮਰਨ ਸਹੋਤਾ,ਅਤੇ ਹੋਰ ਕਈ ਨਾਮੀ ਕਲਾਕਾਰ ਆਪੋ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ। ਮੰਚ ਸੰਚਾਲਨ ਸਰੀਨਾ ਬੁਬਰ ਕਰਨਗੇ। ਮੁੱਖ ਮਹਿਮਾਨ ਮੈਂਬਰ ਪਾਰਲੀਮੈਂਟ ਦਲਵਿੰਦਰ ਗਿੱਲ ਹੋਣਗੇ। ਪੋਸਟਰ ਰਿਲੀਜ਼ ਵਾਲੇ ਦਿਨ ਮਨਜੀਤ ਰੂਪੋਵਾਲੀਆ ਦਾ ਸਬੱਬੀਂ ਜਨਮ ਦਿਨ ਵੀ ਸੀ ਸੋ ਇਸ ਮੌਕੇ ਉਹਨਾਂ ਦੇ ਜਨਮ ਦਿਨ ਦਾ ਕੇਕ ਵੀ ਕੱਟਿਆ ਗਿਆ।

# ਆਪਣੇ ਵਰਕਰਾਂ ਅਤੇ ਵਪਾਰਕ ਅਦਾਰਿਆਂ ਦੀ ਰੱਖਿਆ ਵਾਸਤੇ ਮਜ਼ਬੂਤੀ ਨਾਲ ਕੰਮ ਕਰਾਂਗੇ -ਮਾਰਕ ਕਾਰਨੀ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ ) ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ ਦੇ ਉਤਪਾਦਾਂ ਤੇ 35 ਫੀਸਦੀ ਟੈਰਿਫ ਲਗਾਏ ਜਾਣ ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਖਿਆ ਹੈ ਕਿ ਕੈਨੇਡਾ ਸਰਕਾਰ ਆਪਣੇ ਵਰਕਰਾਂ ਅਤੇ ਵਪਾਰਕ ਅਦਾਰਿਆਂ ਦੀ ਰੱਖਿਆ ਵਾਸਤੇ ਬੜੀ ਮਜਬੂਤੀ ਦੇ ਨਾਲ ਕੰਮ ਕਰੇਗੀ। ਦੇਰ ਰਾਤ ਸੋਸ਼ਲ ਮੀਡੀਆ ਤੇ ਪਾਈ ਪੋਸਟ ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਖਿਆ ਕਿ ਕੈਨੇਡਾ ਅਮਰੀਕਾ ਦੇ ਰਾਸ਼ਟਰਪਤੀ ਵੱਲੋਂ ਦਿੱਤੀ ਗਈ ਇੱਕ ਅਗਸਤ ਦੀ ਨਵੀਂ ਡੈਡਲਾਈਨ ਤੋਂ ਪਹਿਲਾਂ ਅਮਰੀਕਾ ਨਾਲ ਇੱਕ ਵਪਾਰਕ ਸਮਝੌਤਾ ਨੇਪਰੇ ਚਾੜਨ ਵਾਸਤੇ ਲਗਾਤਾਰ ਕੰਮ ਕਰਦਾ ਰਹੇਗਾ। ਉਹਨਾਂ ਨਾਲ ਹੀ ਆਖਿਆ ਕਿ ਫੈਂਟਾਨਿਲ ਦੀ ਤਸਕਰੀ ਰੋਕਣ ਵਾਸਤੇ ਕਾਫ਼ੀ ਕੁੱਝ ਕੀਤਾ ਗਿਆ ਹੈ। ਉਹਨਾਂ ਆਖਿਆ ਕਿ ਅਸੀਂ ਅਮਰੀਕਾ ਨਾਲ ਮਿਲ ਕੇ ਦੋਹਾਂ ਦੇਸ਼ਾਂ ਵਿੱਚ ਕੀਮਤੀ ਜਿੰਦਗੀਆਂ ਅਤੇ ਕਮਿਊਨਿਟੀਆਂ ਨੂੰ ਬਚਾਉਣ ਲਈ ਮਿਲ ਕੇ ਕੰਮ ਕਰਦੇ ਰਹਾਂਗੇ। ਉਹਨਾਂ ਨਾਲ ਹੀ ਆਖਿਆ ਕਿ ਇੱਕ ਕਨੇਡੀਅਨ ਆਰਥਿਕਤਾ ਵਾਸਤੇ ਫ਼ੈਡਰਲ ਸਰਕਾਰ ਨੇ ਸੂਬਾਈ ਸਰਕਾਰਾਂ ਅਤੇ ਟੈਰੀਟਰੀਜ਼ ਨੇ ਮਿਲ ਕੇ ਕਾਫੀ ਮਹੱਤਵਪੂਰਨ ਪ੍ਰਗਤੀ ਕੀਤੀ ਹੈ। ਉਹਨਾਂ ਆਖਿਆ ਕਿ ਅਸੀਂ ਵੱਡੇ ਨਵੇਂ ਪ੍ਰੋਜੈਕਟਾਂ ਦੀ ਉਸਾਰੀ ਵੱਲ ਵੱਧ ਰਹੇ ਹਾਂ ਅਤੇ ਇਸ ਦੇ ਨਾਲ ਹੀ ਪੂਰੀ ਦੁਨੀਆਂ ਦੇ ਵਿੱਚ ਅਸੀਂ ਆਪਣੀ ਵਪਾਰਕ ਭਾਈਵਾਲੀ ਨੂੰ ਮਜ਼ਬੂਤ ਕਰ ਰਹੇ ਹਾਂ।












# ਕੈਲਗਰੀ ਦੇ ਵਾਰਡ 5 ਤੋਂ ਕੌਂਸਲਰ ਉਮੀਦਵਾਰ ਰੀਤ ਮੁਛਿਆਣਾ ਨੇ ਆਪਣੀ ਚੋਣ ਮੁਹਿਮ ਆਰੰਭੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਕਤੂਬਰ ਮਹੀਨੇ ਆ ਰਹੀਆਂ ਕੈਲਗਰੀ ਸ਼ਹਿਰ ਦੀ ਕੌਂਸਿਲ ਦੀਆਂ ਚੋਣਾਂ ਲਈ ਮੈਦਾਨ ਭੱਖਣ ਲੱਗਾ ਹੈ । ਪੰਜਾਬੀ ਭਾਈਚਾਰੇ ਦੀ ਬਹੁ-ਗਿਣਤੀ ਵਸੋਂ ਵਾਲੇ ਵਾਰਡ 5 ਦਾ ਰਾਜਨੀਤਕ ਪਿੜ ਸਮਾਂ ਰਹਿੰਦੇ ਹੀ ਗਰਮਾਉਣ ਲੱਗਾ ਹੈ। ਬੀਤੇ ਦਿਨੀ ਸਟੈਂਪੀਡ ਬਾਰਬੀਕਿਊ ਦੇ ਨਾਲ ਨਾਲ ਆਪਣੀ ਚੋਣ ਮੁਹਿੰਮ ਦਾ ਉਦਘਾਟਨ ਕਰਦਿਆਂ ਪੰਜਾਬੀ ਮੂਲ ਦੀ ਰੀਤ ਮੁਛਿਆਣਾ ਨੇ ਵਾਰਡ 5 ਵੋਟਰਾਂ ਕੋਲੋਂ ਸਹਿਯੋਗ ਦੀ ਮੰਗ ਕੀਤੀ। ਉਹਨਾਂ ਨੇ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਸ ਨੂੰ ਆਪਣੇ ਇਸ ਵਾਰਡ ਦੀ ਸੇਵਾ ਦਾ ਮੌਕਾ ਦਿੱਤਾ ਜਾਵੇ ਤਾਂ ਕਿ ਸਾਡੀਆਂ ਅਧੂਰੀਆਂ ਲੋੜਾਂ ਦੀ ਪੂਰਤੀ ਲਈ ਉਪਰਾਲੇ ਕੀਤੇ ਜਾ ਸਕਣ। ਇਸ ਮੌਕੇ ਪੰਜਾਬੀ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿੱਚ ਪੁੱਜੇ ਹੋਏ ਸਨ।

# ਕੈਲਗਰੀ ਵਿਖੇ ਗਦਰੀ ਬਾਬਿਆਂ ਦਾ ਮੇਲਾ 4 ਅਗਸਤ ਨੂੰ, ਪੋਸਟਰ ਰਿਲੀਜ ਕੀਤਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗਦਰੀ ਬਾਬਿਆਂ ਦੀ ਲਾਸਾਨੀ ਕੁਰਬਾਨੀ, ਕਾਮਾਗਾਟਾ ਮਾਰੂ ਜਹਾਜ਼ ਜਿਸਨੂੰ ਗੁਰੂ ਨਾਨਕ ਜਹਾਜ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ, ਸ਼ਹੀਦ ਮੇਵਾ ਸਿੰਘ ਲੋਪੋਕੇ, ਬਾਬਾ ਗੁਰਦਿੱਤ ਸਿੰਘ ਅਤੇ ਹੋਰ ਅਨੇਕਾਂ ਸ਼ਹੀਦਾਂ ਨੂੰ ਸਮਰਪਿਤ ਮੇਲਾ ਗਦਰੀ ਬਾਬਿਆਂ ਦਾ ਕੈਲਗਰੀ ਵਿਖੇ 4 ਅਗਸਤ 2025 ਨੂੰ ਕਰਵਾਇਆ ਜਾ ਰਿਹਾ ਹੈ । ਇਸ ਸਬੰਧੀ ਇੱਕ ਪੋਸਟਰ ਕੈਲਗਰੀ ਦੇ ਗੁਰਦੁਆਰਾ ਦਸ਼ਮੇਸ਼ ਕਲਚਰ ਸੈਂਟਰ ਵਿਖੇ ਸਹਿਜਮਾਨ ਰਿਕਾਰਡ, ਪ੍ਰੋਟੈਕਸ ਬਲਾਕ, ਵਾਰਿਸ ਪ੍ਰੋਡਕਸ਼ਨ, ਸਿੱਖ ਮੋਟਰਸਾਈਕਲ ਕਲੱਬ ਅਤੇ ਸਮੂਹ ਕੈਲਗਰੀ ਵਾਸੀਆਂ ਦੇ ਸਹਿਯੋਗ ਨਾਲ ਰਿਲੀਜ਼ ਕੀਤਾ ਗਿਆ। 4 ਅਗਸਤ 2025 ਦਿਨ ਸੋਮਵਾਰ ਅਲਬਰਟਾ ਹੈਰੀਟੇਜ ਦਿਹਾੜੇ ਮੌਕੇ ਫਾਲਕਿਨਰਿੱਜ ਕਮਿਊਨਿਟੀ ਹਾਲ ਵਿਖੇ ਇਹ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ । ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਉਸ ਦਿਨ ਦਸਮੇਸ਼ ਕਲਚਰ ਸੈਂਟਰ ਤੋਂ ਸ਼ੁਰੂ ਹੋ ਕੇ ਮੋਟਰਸਾਈਕਲ ਜਥਾ ਰੈਲੀ ਦੇ ਰੂਪ ਵਿੱਚ ਫਾਲਕਿਨਰਿੱਜ ਕਮਿਊਨਿਟੀ ਹਾਲ ਪੁੱਜੇਗਾ ਅਤੇ ਫਿਰ ਇਸ ਸਮਾਗਮ ਦੀ ਸ਼ੁਰੂਆਤ ਹੋਵੇਗੀ। ਕਮਿਊਨਿਟੀ ਹਾਲ ਵਿੱਚ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਇੱਕ ਪ੍ਰਦਰਸ਼ਨ ਵੀ ਲਗਾਈ ਜਾਵੇਗੀ। ਖਾਲਸਾਈ ਪਰੰਪਰਾ ਅਨੁਸਾਰ ਗੱਤਕੇ ਦੇ ਜੌਹਰ ਅਤੇ ਬੱਚਿਆਂ ਵੱਲੋਂ ਗਦਰੀ ਬਾਬਿਆਂ ਨੂੰ ਸਮਰਪਿਤ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ ਜਾਣਗੇ। ਗਦਰੀ ਬਾਬਿਆਂ ਦੀ ਸੋਚ ਨੂੰ ਸਮਰਪਿਤ ਨਾਟਕ, ਗਦਰੀ ਲਹਿਰ ਅਤੇ ਗੁਰੂ ਨਾਨਕ ਜਹਾਜ ਦੀ ਯਾਤਰਾ ਬਾਰੇ ਖੋਜ ਭਰਪੂਰ ਲੈਕਚਰ ਹੋਣਗੇ। ਪ੍ਰਸਿੱਧ ਢਾਡੀ ਜਥਾ ਜਿਨਾਂ ਵਿੱਚ ਪ੍ਰਸਿੱਧ ਕਵੀਸ਼ਰ ਅਤੇ ਸਾਰੰਗੀ ਵਾਦਕ ਚਮਕੌਰ ਸਿੰਘ ਸੇਖੋਂ ਅਤੇ ਨਵਦੀਪ ਸਿੰਘ ਗਿੱਲ ਮੰਡੀ ਕਲਾਂ ਦਾ ਕਵੀਸ਼ਰੀ ਜਥਾ ਗਦਰੀ ਬਾਬਿਆਂ ਦੀ ਗਾਥਾ ਪੇਸ਼ ਕਰੇਗਾ। ਇਸ ਮੌਕੇ ਗੁਰਦੁਆਰਾ ਦਸ਼ਮੇਸ਼ ਕਲਚਰ ਸੈਂਟਰ ਵੱਲੋਂ ਚਾਹ ਪਾਣੀ ਅਤੇ ਲੰਗਰ ਦਾ ਪ੍ਰਬੰਧ ਕੀਤਾ ਜਾਵੇਗਾ। ਸਮੂਹ ਕੈਲਗਰੀ ਵਾਸੀਆਂ ਨੂੰ ਬੇਨਤੀ ਹੈ ਕਿ ਆਓ ਉਸ ਦਿਨ ਸਮੇਂ ਸਿਰ ਠੀਕ 12 ਵਜੇ ਫਾਲਕਿਨਰਿੱਜ ਕਮਿਊਨਿਟੀ ਸੈਂਟਰ ਕੈਲਗਰੀ ਵਿਖੇ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰੀਏ।

# ਨਾਵਲਕਾਰ ਬੂਟਾ ਸਿੰਘ ਸ਼ਾਦ ਦੇ ਨਾਵਲ ਕੁੱਤਿਆਂ ਵਾਲੇ ਸਰਦਾਰ ਦੀ ਕਹਾਣੀ ਚੋਰੀ ਕਰਕੇ ਫਿਲਮ ਬਣਾਏ ਜਾਣ ਦਾ ਮਾਮਲਾ

## ਪਰਿਵਾਰ ਵੱਲੋਂ ਸਾਹਿਤਕ ਚੋਰੀ ਕਰਨ ਵਾਲਿਆਂ ਖ਼ਿਲਾਫ਼ ਅਦਾਲਤ ਵਿੱਚ ਜਾਣ ਦਾ ਫ਼ੈਸਲਾ

ਸਿਰਸਾ( ਜਗਤਾਰ ਸਮਾਲਸਰ) ਫਿਲਮ ਮੈਂ ਤੇਰੇ ਕੁਰਬਾਨ ਵਿੱਚ ਜਗਤ ਪ੍ਰਸਿੱਧ ਨਾਵਲਕਾਰ ਮਰਹੂਮ ਬੂਟਾ ਸਿੰਘ ਸ਼ਾਦ ਦੇ ਨਾਵਲ ਕੁੱਤਿਆਂ ਵਾਲੇ ਸਰਦਾਰ ਦੀ ਕਹਾਣੀ ਨੂੰ ਪੂਰੀ ਤਰ੍ਹਾਂ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ ਜੋਂ ਅਤਿ ਨਿੰਦਣਯੋਗ ਹੈ। ਇਹ ਸ਼ਬਦ ਮਰਹੂਮ ਬੂਟਾ ਸਿੰਘ ਸ਼ਾਦ ਦੇ ਭਤੀਜੇ ਐਡਵੋਕੇਟ ਅਜਾਇਬ ਸਿੰਘ ਬਰਾੜ ਨੇ ਗੱਲਬਾਤ ਕਰਦਿਆਂ ਕਹੇਂ। ਉਨ੍ਹਾਂ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਇਸ ਸਬੰਧੀ ਸੋਸ਼ਲ ਮੀਡੀਆ ਤੇ ਵੀ ਕਾਫੀ ਚਰਚਾ ਚੱਲ ਰਹੀ ਹੈ ਅਤੇ ਇਸ ਮਾਮਲੇ ਵਿੱਚ ਉਹ ਜਲਦੀ ਹੀ ਕੋਰਟ ਵਿੱਚ ਕੇਸ ਦਾਇਰ ਕਰਕੇ ਉਪਰੋਕਤ ਫਿਲਮ ਦੇ ਨਿਰਮਾਤਾ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕਰਨਗੇ। ਐਡਵੋਕੇਟ ਬਰਾੜ ਨੇ ਕਿਹਾ ਕਿ ਉਨ੍ਹਾਂ ਦੇ ਚਾਚਾ ਬੂਟਾ ਸਿੰਘ ਸ਼ਾਦ ਬਿਮਾਰੀ ਕਾਰਨ ਜੂਨ 2015 ਵਿੱਚ ਮੁੰਬਈ ਤੋਂ ਆ ਕੇ ਉਨ੍ਹਾਂ ਕੋਲ ਪਿੰਡ ਕੁਮਥਲਾ (ਏਲਨਾਬਾਦ ) ਵਿੱਚ ਰਹਿਣ ਲੱਗੇ ਪਏ ਸਨ। 20 ਨਵੰਬਰ 2015 ਨੂੰ ਉਨ੍ਹਾਂ ਨੇ ਮੁੰਬਈ ਵਾਲਾ ਫਲੈਟ ਵੀ ਵੇਚ ਦਿੱਤਾ ਸੀ ਅਤੇ ਉਸਤੋਂ ਬਾਅਦ ਉਹ ਪੂਰੀ ਤਰ੍ਹਾਂ ਉਨ੍ਹਾਂ ਨਾਲ ਪਿੰਡ ਕੁਮਥਲਾ (ਏਲਨਾਬਾਦ ) ਵਿੱਚ ਰਹੇ। ਉਨ੍ਹਾਂ ਦੀ ਮੌਤ 3 ਮਈ 2023 ਨੂੰ ਹੋਈ। ਇਸ ਤਰ੍ਹਾਂ ਬੂਟਾ ਸਿੰਘ ਸ਼ਾਦ ਉਨ੍ਹਾਂ ਨਾਲ ਪਿੰਡ ਕੁਮਥਲਾ ਵਿੱਚ ਲਗਭਗ 8 ਸਾਲ ਰਹੇ। ਉਹ ਅਕਸਰ ਉਨ੍ਹਾਂ ਨਾਲ ਸਭ ਗੱਲਾਂ ਸਾਂਝੀਆਂ ਕਰਦੇ ਸਨ ਪਰ ਉਨ੍ਹਾਂ ਨੇ ਕਦੇ ਵੀ ਕਿਸੇ ਲੇਖਕ ਨੂੰ ਆਪਣੇ ਕਿਸੇ ਨਾਵਲ ਤੇ ਫਿਲਮ ਬਣਾਉਣ ਦਾ ਅਧਿਕਾਰ ਦਿੱਤੇ ਜਾਣ ਦੀ ਗੱਲ ਸਾਂਝੀ ਨਹੀ ਕੀਤੀ ਸੀ। ਐਡਵੋਕੇਟ ਬਰਾੜ ਨੇ ਕਿਹਾ ਕਿ ਲਗਭਗ 3 ਮਹੀਨੇ ਪਹਿਲਾ ਨਿਰਦੇਸ਼ਕ ਰਵਿੰਦਰ ਰਵੀ ਵੀ ਉਨ੍ਹਾਂ ਨੂੰ ਏਲਨਾਬਾਦ ਆ ਕੇ ਮਿਲੇ ਸਨ ਅਤੇ ਉਨ੍ਹਾਂ 2013 ਵਿੱਚ ਬੂਟਾ ਸਿੰਘ ਸ਼ਾਦ ਵੱਲੋਂ ਉਨ੍ਹਾਂ ਨੂੰ 'ਕੁੱਤਿਆ ਵਾਲੇ ਸਰਦਾਰ ਨਾਵਲ' ਦੇ ਅਧਿਕਾਰ ਦਿੱਤੇ ਜਾਣ ਦਾ ਦਾਅਵਾ ਕੀਤਾ ਸੀ ਪਰ ਇਸ ਮਾਮਲੇ ਨੂੰ ਬਹੁਤ ਸਮਾਂ ਹੋ ਗਿਆ ਹੈ ਅਤੇ ਹੁਣ ਨਿਰਮਾਤਾ ਰਵਿੰਦਰ ਰਵੀ ਸਹਿਤ ਕਿਸੇ ਕੋਲ ਵੀ ਮਰਹੂਮ ਬੂਟਾ ਸਿੰਘ ਸ਼ਾਦ ਦੇ ਕਿਸੇ ਵੀ ਨਾਵਲ ਦੇ ਰਾਈਟਸ ਨਹੀਂ ਹਨ। ਉਨ੍ਹਾਂ ਕਿਹਾ ਕਿ ਉਹ ਕੁੱਤਿਆ ਵਾਲੇ ਸਰਦਾਰ ਨਾਵਲ ਨੂੰ ਤੋੜ-ਮਰੋੜ ਕੇ 'ਮੈਂ ਤੇਰੇ ਕੁਰਬਾਨ' ਫਿਲਮ ਬਣਾਉਣ ਵਾਲੇ ਨਿਰਮਾਤਾ ਅਨਿਲ ਕੇ ਭੰਡਾਰੀ ਵਿਰੁੱਧ ਅਦਾਲਤ ਵਿੱਚ ਜਾਣਗੇ ਅਤੇ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਕਰਨਗੇ। ਐਡਵੋਕੇਟ ਬਰਾੜ ਨੇ ਕਿਹਾ ਕਿ ਭਵਿੱਖ ਵਿੱਚ ਵੀ ਜੇਕਰ ਕੋਈ ਮਰਹੂਮ ਬੂਟਾ ਸਿੰਘ ਸ਼ਾਦ ਦੇ ਕਿਸੇ ਵੀ ਨਾਵਲ 'ਤੇ ਫਿਲਮ ਬਣਾਉਣ ਦੀ ਗੱਲ ਕਰਦਾ ਹੈ ਅਤੇ ਕਹਿੰਦਾ ਹੈ ਕਿ ਇਹ ਉਨ੍ਹਾਂ ਦੇ ਅਧਿਕਾਰਾਂ 'ਤੇ ਅਧਾਰਤ ਹੈ ਤਾਂ ਉਹ ਉਸ ਵਿਰੁੱਧ ਅਦਾਲਤ ਵਿੱਚ ਜਾਣਗੇ।



ਗੱਲਬਾਤ ਕਰਦੇ ਹੋਏ ਐਡਵੋਕੇਟ ਅਜਾਇਬ ਸਿੰਘ ਬਰਾੜ।

# ਅਰਪਨ ਲਿਖਾਰੀ ਸਭਾ ਵੱਲੋਂ 26 ਜੁਲਾਈ ਨੂੰ ਨੀਰ ਸ਼ਰਧਾਂਜਲੀ ਸਮਾਗਮ ਲਈ ਸੱਦਾ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮਹੀਨਾਵਾਰ ਮੀਟਿੰਗ ਮੌਕੇ ਸ਼ਾਇਰ ਅਤੇ ਗਾਇਕ ਸੁਖਮੰਦਰ ਗਿੱਲ ਦਾ ਲੱਚਰ ਗੀਤਕਾਰੀ ਨੂੰ ਨਕਾਰਦਾ ਹੋਇਆ 'ਯਾਰਾਂ ਦੀ ਮੋਟਰ 'ਤੇ ਨਾ ਮੁੜ ਖੜਕਣ ਗਲਾਸੀਆਂ'' ਨਵੇਂ ਗੀਤਕਾਰਾਂ ਨੂੰ ਉਸਾਰੂ ਤੇ ਮਿਆਰੀ ਲਿਖਣ ਦੀ ਤਾਗੀਦ ਕਰ ਗਿਆ । ਮਾਸਟਰ ਹਰਭਜਨ ਸਿੰਘ ਨੇ ਵਿਅੰਗ ਲੇਖਕ ਗੁਰਨਾਮ ਸਿੰਘ ਤੀਰ ਦਾ ਲੇਖ 'ਜ਼ਮਾਨਾ ਖ਼ਰਾਬ ਹੈ' ਸੁਣਾ ਕੇ ਹਸਾਉਣ ਅਤੇ ਵਿਚਾਰ-ਮਗਨ ਕਰਨ ਦਾ ਮਾਹੌਲ ਸਿਰਜਿਆ। ਡਾ: ਮਨਮੋਹਨ ਬਾਠ ਨੇ ਜਸਵੀਰ ਸਿੰਘ ਸਿਹੋਤਾ ਦਾ ਲਿਖਿਆ ਗੀਤ 'ਸੁਫ਼ਨਾ ਤੇਰੇ ਪੰਜਾਬ ਦਾ ਸਾਡੇ ਦਿਲ ਵਿੱਚ ਰਹਿ ਗਿਆ' ਅਤੇ ਕੇਸਰ ਸਿੰਘ ਨੀਰ ਦੀ ਇਹ ਗ਼ਜ਼ਲ ਤਰੰਨਮ ਵਿੱਚ ਪੇਸ਼ ਕਰ ਕੇ ਰੰਗ ਬੰਨ੍ਹਿਆਂ। ਦਰਸ਼ਨ ਸਿੰਘ ਬਰਾੜ ਨੇ ਛੰਦ-ਬਧ ਕਵਿਤਾ, ਜ਼ੀਰ ਸਿੰਘ ਬਰਾੜ ਨੇ ਪੰਜਾਬ ਰਾਜ ਬਿਜਲੀ ਬੋਰਡ ਵਿਚ ਨੌਕਰੀ ਕਰਦਿਆਂ, ਸਮੇਂ ਦੇ ਨਿਜੀ ਤਜਰਬੇ, ਜਸਵੀਰ ਸਿਹੋਤਾ ਨੇ ਪੰਜਾਬ ਫੇਰੀ ਦੌਰਾਨ ਹੋਏ ਅਨੁਭਵ ਸਾਂਝੇ ਕੀਤੇ।ਸਤਨਾਮ ਸਿੰਘ ਢਾਅ ਨੇ ਵਿਧਾਤਾ ਸਿੰਘ ਧੀਰ ਦੀ ਲਿਖੀ, ਮਹਾਰਾਜਾ ਰਣਜੀਤ ਸਿੰਘ ਦੇ ਪਰਜਾ ਦੇ ਸੇਵਾਦਾਰ ਵੱਜੋਂ ਕੀਤੀ ਸੇਵਾ ਨੂੰ 'ਪਾਂਡੀ ਪਾਤਸ਼ਾਹ' ਪ੍ਰਭਾਵਸ਼ਾਲੀ ਕਵਿਤਾ ਰਾਹੀਂ ਪੇਸ਼ ਕੀਤਾ। ਕੈਲਗਰੀ ਦੇ ਦਾਨੀ ਸ੍ਰ ਮੁਖਿੰਦਰਪਾਲ ਸਿੰਘ ਉੱਪਲ ਨੇ ਪੰਜਾਬ ਜਾ ਕੇ ਨੇਕ ਕੰਮਾਂ ਲਈ ਦਿਲ ਖੋਲ੍ਹ ਕੇ ਦਾਨ ਕਰਨ ਦੀ ਅਹਿਮ ਜਾਣਕਾਰੀ ਸਾਂਝੀ ਕੀਤੀ ਅਤੇ ਲੋੜਵੰਦਾਂ ਦੀ ਮੱਦਦ ਕਰਨ ਲਈ ਵੀ ਪ੍ਰੇਰਨਾ ਦਿੱਤੀ। ਦਿੱਲੀ ਤੋਂ ਆਏ ਜਸਵਿੰਦਰ ਸਿੰਘ ਨੇ 1984 ਦੇ ਦਿੱਲੀ ਵਿੱਚ ਹੋਏ ਸਿੱਖਾਂ ਦੇ ਕਤਲੇਆਮ ਦੇ ਅੱਖੀਂ ਵੇਖੇ ਹਾਲਾਤ ਬਿਆਨ ਕੀਤੇ। ਲਹਿੰਦੇ ਪੰਜਾਬ ਤੋਂ ਜਨਾਬ ਮੁਹੰਮਦ ਸਈਦ ਵੜੈਚ ਨੇ ਬਾਬਾ ਬੁੱਲ੍ਹੇ ਸ਼ਾਹ ਦਾ ਕਲਾਮ ਵਿਲੱਖਣ ਅੰਦਾਜ਼ ਵਿਚ ਸੁਣਾ ਕੇ ਹਾਜ਼ਰੀ ਲਗਵਾਈ। ਜਗਦੇਵ ਸਿੰਘ ਸਿੱਧੂ ਨੇ ਢੁਕਵੀਂਆਂ ਟਿਪਣੀਆਂ ਕਰਦੇ ਹੋਏ ਸਕੱਤਰ ਦੀਆਂ ਸੇਵਾਵਾਂ ਨਿਭਾਉਂਦਿਆਂ ਸਰੋਤਿਆਂ ਨੂੰ ਕੀਲੀ ਰੱਖਿਆ। ਅਖ਼ੀਰ ਵਿੱਚ ਪ੍ਰਧਾਨ ਡਾ: ਜੋਗਾ ਸਿੰਘ ਸਹੋਤਾ ਨੇ ਪਿਛਲੇ ਦਿਨੀਂ ਵਿਛੜ ਗਏ ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੂੰ ਯਾਦ ਕਰਦਿਆਂ ਜੁਲਾਈ 26,ਦਿਨ ਸ਼ਨਿੱਚਰਵਾਰ ਨੂੰ ਦੁਪਹਿਰ 1 ਵਜੇ ਟੈਂਪਲ ਕਮਿਊਨਟੀ ਹਾਲ ਵਿੱਚ ਰੱਖੇ ਸ਼ਰਧਾਂਜਲੀ ਸਮਾਗਮ ਵਿੱਚ ਪਹੁੰਚਣ ਦੀ ਪੁਰਜ਼ੋਰ ਅਪੀਲ ਵੀ ਕੀਤੀ।

# ਡਗ ਫੋਰਡ ਅਤੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਵੱਲੋਂ ਸਮਝੌਤੇ ਤੇ ਦਸਤਖ਼ਤ



ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ ) ਓਂਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਅਤੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਵੱਲੋਂ ਇੱਕ ਸਮਝੌਤੇ ਤੇ ਦਸਤਖਤ ਕੀਤੇ ਗਏ ਹਨ ਜਿਸ ਤਹਿਤ ਦੋਹਾਂ ਸੂਬਿਆਂ ਵਿਚਾਲੇ ਰੇਲ ਲਾਈਨ ਅਤੇ ਪਾਈਪ ਲਾਈਨ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ ਲਈ ਅਧਿਅਨ ਕੀਤਾ ਜਾਵੇਗਾ। ਕੈਲਗਰੀ ਵਿੱਚ ਦੋਹਾਂ ਪ੍ਰੀਮਿਅਰਾਂ ਵੱਲੋਂ ਸਾਈਨ ਕੀਤੇ ਗਏ ਐਮਓਯੂ ਅਨੁਸਾਰ ਅਲਬਰਟਾ ਤੋਂ ਤੇਲ ਗੈਸ ਅਤੇ ਕ੍ਰਿਟੀਕਲ ਮਿਨਰਲਜ਼ ਓਂਟਾਰੀਓ ਦੇ ਜੇਮਸ ਬੇਅ ਤੱਕ ਪਹੁੰਚਾਉਣ ਅਤੇ ਓਂਟਾਰੀਓ ਦਾ ਸਟੀਲ ਅਲਬਰਟਾ ਚ ਲਿਆਉਣ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਦੋਹਾਂ ਸੂਬਿਆਂ ਵਿਚਾਲੇ ਅਲਕੋਹਲ ਅਤੇ ਵਾਹਨਾਂ ਦੇ ਵਪਾਰ ਨੂੰ ਵਧਾਉਣ ਉੱਪਰ ਧਿਆਨ ਕੇਂਦਰਿਤ ਕੀਤਾ ਗਿਆ ਹੈ। ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਇਸ ਮੌਕੇ ਆਖਿਆ ਕਿ ਇਸ ਸਮਝੌਤੇ ਨਾਲ ਦੋਹਾਂ ਸੂਬਿਆਂ ਵਿੱਚ ਨਿਵੇਸ਼ ਵਧੇਗਾ ਅਤੇ ਇੰਡਸਟਰੀ ਵਿਕਾਸ ਕਰੇਗੀ, ਜਦੋਂ ਕਿ ਓਂਟਾਰੀਓ ਦੇ ਪ੍ਰੀਮੀਅਰ ਡਗ ਫ਼ੋਰਡ ਨੇ ਆਖਿਆ ਕਿ ਸਾਰੇ ਸੂਬੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਤਾਰੀਫਾਂ ਦਾ ਮੁਕਾਬਲਾ ਕਰਨ ਲਈ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ।ਉਹਨਾਂ ਉਮੀਦ ਪ੍ਰਗਟ ਕੀਤੀ ਕਿ ਫੈਡਰਲ ਸਰਕਾਰ ਆਪਣੇ ਐਨਰਜੀ ਕਾਨੂੰਨਾਂ ਨੂੰ ਜਿਸ ਵਿੱਚ ਨੈਟ ਜ਼ੀਰੋ ਅਮਿਸ਼ਨ ਟਾਰਗੇਟ ਵੀ ਸ਼ਾਮਿਲ ਹੈ ਨੂੰ ਵਾਪਸ ਲੈ ਲਵੇਗੀ।


# ਸ਼ਰਧਾਂਜਲੀ ਸਮਾਗਮ



## ਅਰਪਨ ਲਿਖਾਰੀ ਸਭਾ ਵੱਲੋਂ ਕੇਸਰ ਸਿੰਘ ਨੀਰ ਨਿਮਿਤ ਸ਼ਰਧਾਂਜਲੀ ਸਮਾਗਮ

ਦਿਨ: 26 ਜੁਲਾਈ, ਸ਼ਨਿੱਚਰਵਾਰ
ਸਮਾਂ : ਦੁਪਹਿਰ 1 ਵਜੇ
ਸਥਾਨ: ਟੈਂਪਲ ਕਮਿਊਨਟੀ ਹਾਲ
167 ਟੈਂਪਲ ਗਰੀਨ ਰੋਡ
ਨੌਰਥ ਈਸਟ ਕੈਲਗਰੀ

ਸਾਰੀਆਂ ਸਾਹਿਤਕ, ਸਮਾਜਿਕ ਜਥੇਬੰਦੀਆਂ ਅਤੇ ਸਾਰੇ ਸਾਹਿਤ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਹੈ। ਆਓ ਸਾਰੇ ਮਿਲ ਕੇ ਕੈਲਗਰੀ ਦੇ ਮਾਣ, ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੂੰ ਯਾਦ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਟ ਕਰੀਏ।

ਹੋਰ ਜਾਣਕਾਰੀ ਲਈ ਸੰਪਰਕ :
ਡਾ. ਜੋਗਾ ਸਿੰਘ ਸਹੋਤਾ 403-207-4412. ਜਸਵੰਤ ਸਿੰਘ ਸੇਖੋਂ 403-681-3132

## ਸੰਪਾਦਕੀ



ਸਮੇਂ ਦੇ ਹਿਸਾਬ ਨਾਲ ਜੋ ਹੋ ਜਾਏ ਉਹ ਠੀਕ ਹੁੰਦਾ ਹੈ। ਕਿਉਂਕਿ ਇਸ ਵਿਚ ਸਮੇਂ ਦੀ ਇੱਛਾ ਹੁੰਦੀ ਹੈ।

## ਬੇਅਦਬੀ ਖ਼ਿਲਾਫ਼ ਬਿਲ-ਇੱਕ ਹੋਰ ਇੰਤਜ਼ਾਰ

ਪੰਜਾਬ ਵਿਧਾਨ ਸਭਾ ਵਿੱਚ ਬੇਅਦਬੀ ਖ਼ਿਲਾਫ਼ ਬਿੱਲ ਨੂੰ ਸਿਲੈਕਟ ਕਮੇਟੀ ਕੋਲ ਭੇਜਣ ਦਾ ਫ਼ੈਸਲਾ ਕੀਤਾ ਹੈ। ਹੁਣ ਇਸ ਕਮੇਟੀ ਦਾ ਗਠਨ ਕੀਤਾ ਜਾਵੇਗਾ ਅਤੇ ਇਹ ਕਮੇਟੀ 6 ਮਹੀਨੇ ਦੇ ਅੰਦਰ ਅੰਦਰ ਆਪਣੀ ਰਿਪੋਰਟ ਦੇਵੇਗੀ। ਸਿਲੈਕਟ ਕਮੇਟੀ ਕਿਸੇ ਰਾਜ ਵਿਧਾਨ ਸਭਾ ਵਿੱਚ, ਜੇਕਰ ਕੋਈ ਬਿੱਲ ਪੇਸ਼ ਕੀਤਾ ਜਾਂਦਾ ਹੈ, ਤਾਂ ਇਸਨੂੰ ਹੋਰ ਜਾਂਚ ਲਈ ਸਿਲੈਕਟ ਕਮੇਟੀ ਕੋਲ ਭੇਜਿਆ ਜਾ ਸਕਦਾ ਹੈ। ਕਮੇਟੀ ਬਿੱਲ 'ਤੇ ਵਿਸਥਾਰ ਨਾਲ ਵਿਚਾਰ ਕਰੇਗੀ, ਅਲੱਗ ਅਲੱਗ ਨੁਮਾਇੰਦਿਆਂ ਤੋਂ ਸੁਝਾਅ ਲਵੇਗੀ, ਅਤੇ ਫਿਰ ਵਿਧਾਨ ਸਭਾ ਨੂੰ ਆਪਣੀਆਂ ਸਿਫ਼ਾਰਸ਼ਾਂ ਦੇ ਨਾਲ ਇੱਕ ਰਿਪੋਰਟ ਪੇਸ਼ ਕਰੇਗੀ।


ਸਿਲੈਕਟ ਕਮੇਟੀ ਇੱਕ ਅਸਥਾਈ ਕਮੇਟੀ ਹੁੰਦੀ ਹੈ ਜੋ ਵਿਧਾਨ ਸਭਾ ਦੁਆਰਾ ਬਣਾਈ ਜਾਂਦੀ ਹੈ ਜਿਸਦਾ ਉਦੇਸ਼ ਕਿਸੇ ਖਾਸ ਵਿਸ਼ੇ ਜਾਂ ਬਿੱਲ 'ਤੇ ਵਿਸਥਾਰ ਨਾਲ ਵਿਚਾਰ ਕਰਨਾ ਅਤੇ ਆਪਣੀਆਂ ਸਿਫ਼ਾਰਸ਼ਾਂ ਦੇਣਾ ਹੁੰਦਾ ਹੈ। ਧਾਰਮਿਕ ਗ੍ਰੰਥਾਂ ਦੀ ਬੇਅਦਬੀ ਨੂੰ ਲੈਕੇ ਲੰਬੇ ਸਮੇਂ ਤੋਂ ਇਹ ਮੰਗ ਉਠਦੀ ਆਈ ਹੈ ਕਿ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਪੰਜਾਬ ਵਿੱਚ ਜਦੋਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਸਾਹਮਣੇ ਆਏ ਹਨ, ਉਨ੍ਹਾਂ ਨੂੰ ਲੋਕਾਂ ਅਤੇ ਸਰਕਾਰਾਂ ਨੇ ਗੰਭੀਰਤਾ ਨਾਲ ਤਾਂ ਲਿਆ ਹੈ ਪਰ ਨਾਲ-ਨਾਲ ਸਿਆਸਤ ਵੀ ਚੱਲਦੀ ਆਈ ਹੈ। ਅਕਾਲੀ ਭਾਜਪਾ ਸਰਕਾਰ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਦੀਆਂ ਵੱਡੀਆਂ ਘਟਨਾਵਾਂ ਸਾਹਮਣੇ ਆਈਆਂ। ਉਸ ਸਮੇਂ ਪੰਜਾਬ ਦੇ ਲੋਕਾਂ ਨੇ ਅਕਾਲੀ ਸਰਕਾਰ ਉੱਤੇ ਇਸ ਲਈ ਵਿਸ਼ਵਾਸ ਰੱਖਿਆ ਕਿਉਂਕਿ ਇਹ ਪੰਥਕ ਸਰਕਾਰ ਹੈ ਇਸ ਲਈ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਵੇਗੀ। ਪਰ ਅਫ਼ਸੋਸ ਇਸ ਗੱਲ ਦਾ ਰਿਹਾ ਕਿ ਇਸ ਸਰਕਾਰ ਨੇ ਇਸ ਮਾਮਲੇ ਵਿੱਚ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਥਾਂ ਉੱਤੇ ਉਨ੍ਹਾਂ ਲੋਕਾਂ ਨਾਲ ਧੱਕਾ ਕੀਤਾ ਜੋ ਇਨ੍ਹਾਂ ਬੇਅਦਬੀਆਂ ਖ਼ਿਲਾਫ਼ ਖੜ੍ਹੇ ਹੋਏ ਸਨ। ਅਕਾਲੀ ਸਰਕਾਰ ਉੱਤੇ ਤਾਂ ਦੋਸ਼ ਇਹ ਵੀ ਲੱਗਾ ਕਿ ਜਿਨ੍ਹਾਂ ਨੇ ਬੇਅਦਬੀਆਂ ਕੀਤੀਆਂ ਉਨ੍ਹਾਂ ਤੋਂ ਸਿਆਸੀ ਲਾਹਾ ਲੈਣ ਲਈ ਅਕਾਲੀ ਲੀਡਰਸ਼ਿਪ ਨੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ਾਂ ਕੀਤੀਆਂ। ਇਹੀ ਕਾਰਨ ਹੈ ਕਿ ਲੋਕਾਂ ਨੇ ਉਸ ਲੀਡਰਸ਼ਿਪ ਨੂੰ ਅਜਿਹਾ ਸਬਕ ਸਿਖਾਇਆ ਕਿ ਉਹ ਹੁਣ ਤੱਕ ਆਪਣੀ ਸਿਆਸੀ ਜ਼ਮੀਨ ਭਾਲ ਰਹੇ ਹਨ। ਅੱਗਿਓਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਲੋਕਾਂ ਨਾਲ ਵਾਅਦਾ ਕੀਤਾ ਕਿ ਉਹ ਦੋਸ਼ੀਆਂ ਨੂੰ ਹਰ ਹਾਲਤ ਵਿੱਚ ਸਜ਼ਾ ਦਿਵਾਉਣਗੇ। ਇਸ ਸਰਕਾਰ ਨੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਵਿਧਾਨ ਸਭਾ ਵਿੱਚ ਵੀ ਲਿਆਂਦਾ ਪਰ ਅੱਗਿਓਂ ਕੇਂਦਰ ਵਿੱਚ ਸੰਵਿਧਾਨਕ ਰੁਕਾਵਟਾਂ ਦੀ ਭੇਟ ਚੜ੍ਹ ਗਿਆ। ਆਮ ਆਦਮੀ ਪਾਰਟੀ ਨੇ ਵੀ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਈਆਂ ਜਾਣਗੀਆਂ। ਜਿਸ ਪੁਲਿਸ ਅਫ਼ਸਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸਿਆਸਤ ਵਿੱਚ ਆਉਣ ਦਾ ਫ਼ੈਸਲਾ ਕੀਤਾ ਉਸ ਨੂੰ ਆਪ ਸਰਕਾਰ ਨੇ ਕਦੇ ਪੁੱਛਿਆ ਤੱਕ ਨਹੀਂ। ਵਿਰੋਧੀ ਇਸ ਸਰਕਾਰ ਉੱਤੇ ਦੋਸ਼ ਲਗਾਉਂਦੇ ਰਹੇ ਹਨ ਕਿ ਸਾਢੇ ਤਿੰਨ ਸਾਲ ਤੱਕ ਇਸ ਸਰਕਾਰ ਨੇ ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਉਸ ਤਰ੍ਹਾਂ ਕਦਮ ਨਹੀਂ ਚੁੱਕੇ ਜਿਸ ਤਰ੍ਹਾਂ ਦਾ ਉਹ ਦਾਅਵਾ ਕਰਦੀ ਆਈ ਸੀ। ਜਿਵੇਂ ਕਹਿੰਦੇ ਹਨ ਕਿ ਦੇਰ ਆਏ,ਦਰੁਸਤ ਆਏ, ਹੁਣ ਇੱਕ ਵਾਰ ਫਿਰ ਵਿਧਾਨ ਸਭਾ ਵਿੱਚ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੀ ਵਿਵਸਥਾ ਨਾਲ ਬਿਲ ਪੇਸ਼ ਹੋਇਆ ਹੈ। ਹੁਣ ਦੋਸ਼ੀਆਂ ਨੂੰ ਉਮਰ ਕੈਦ ਤੱਕ ਵੀ ਹੋ ਸਕਦੀ ਹੈ ਅਤੇ ਨਾਲ-ਨਾਲ 10 ਲੱਖ ਦਾ ਜੁਰਮਾਨਾ ਵੀ ਹੋ ਸਕਦਾ ਹੈ। ਹੁਣ ਛੇ ਮਹੀਨੇ ਤੱਕ ਤਾਂ ਸਿਲੈਕਟ ਕਮੇਟੀ ਆਪਣੀਆਂ ਸਿਫ਼ਾਰਿਸ਼ਾਂ ਦੇਵੇਗੀ। ਉਸ ਤੋਂ ਬਾਅਦ ਵਿਧਾਨ ਸਭਾ ਵਿੱਚ ਪਾਸ ਹੋਵੇਗਾ ਅਤੇ ਅੱਗਿਓਂ ਫਿਰ ਸੰਵਿਧਾਨਕ ਉਪਚਾਰਿਕਾਵਾਂ ਲਈ ਪਹਿਲਾਂ ਰਾਜਪਾਲ ਕੋਲ ਜਾਵੇਗਾ। ਜੇਕਰ ਰਾਜਪਾਲ ਸਹਿਮਤ ਹੁੰਦੇ ਹਨ ਤਾਂ ਕਾਨੂੰਨ ਬਣ ਜਾਵੇਗਾ। ਰਾਜਪਾਲ ਪੁਨਰਵਿਚਾਰ ਲਈ ਵੀ ਕਹਿ ਸਕਦੇ ਹਨ ਤੇ ਉਹ ਰਾਸ਼ਟਰਪਤੀ ਕੋਲ ਵਿਚਾਰਨ ਲਈ ਵੀ ਭੇਜ ਸਕਦੇ ਹਨ। ਉੱਥੋਂ ਵਾਪਸੀ ਤੱਕ ਫਿਰ ਇੰਤਜ਼ਾਰ ਰਹੇਗਾ। ਫਿਰ ਜਾ ਕੇ ਇਹ ਕਾਨੂੰਨੀ ਰੂਪ ਲਵੇਗਾ। ਇੱਕ ਲੰਬੀ ਇੰਤਜ਼ਾਰ ਫਿਰ ਰਹੇਗੀ ਤੇ ਸਿਆਸਤ ਇਸੇ ਪ੍ਰਕਾਰ ਚੱਲਦੀ ਰਹੇਗੀ।ਇਸ ਤਰਾਂ ਕਰਦੇ ਕਰਦੇ ਸਾਲ 2027 ਦੀਆਂ ਚੋਣਾਂ ਆ ਜਾਣਗੀਆਂ । ਚੋਣ ਮੈਦਾਨ ਵਿੱਚ ਉਹੀ ਲਾਰੇ -ਉਹੀ ਨਾਹਰੇ ਲੋਕਾਂ ਦੇ ਵੋਟ ਬੈਂਕ ਨੂੰ ਆਪਣੇ ਹਿਤਾਂ ਲਈ ਵਰਤਣਗੇ। ਪਿਛਲੇ ਸਾਲਾਂ ਦੇ ਲਾਰਿਆਂ ਵਰਤਾਰਿਆਂ ਦੇ ਹਿਸਾਬ ਨਾਲ ਤਾਂ ਹੁਣ ਵੀ ਕੁੱਝ ਪੱਲੇ ਨਹੀਂ ਪੈਣ ਵਾਲਾ ਲੱਗਦਾ! ਜੇਕਰ ਲੋਕ ਸੁਚੇਤ ਹੋਣ ਤਾਂ ਸਾਲ 2027 ਵਿੱਚ ਸਾਰੀਆਂ ਹੀ ਪਾਰਟੀਆਂ ਦੇ ਲਾਰਿਆਂ ਨੂੰ ਵਰਤਾਰਿਆਂ ਵਿੱਚ ਬਦਲ ਸਕਦੇ ਹਨ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸ਼ਤਿਹਾਰਾਂ ਸਬੰਧੀ , ਸਬੰਧਤ ਚੀਜ਼ਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਐਡਿਟ ਜਾਂ ਨਾ ਐਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਜਨਤਾ ਦੇ ਸੇਵਕ-ਰਾਜੇ ਮਹਾਰਾਜੇ ਕਿਉਂ ਬਣੇ ?



ਗੁਰਮੀਤ ਸਿੰਘ ਪਲਾਹੀ
-9815802070

-ਗੁਰਮੀਤ ਸਿੰਘ ਪਲਾਹੀ

ਲੋਕਤੰਤਰਿਕ ਦੇਸ਼ਾਂ ਵਿੱਚ ਪੁਰਾਣੀ ਰਾਜਾਸ਼ਾਹੀ ਪ੍ਰਥਾ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ । ਸਾਡੇ ਮਹਾਨ ਦੇਸ਼ ਭਾਰਤ ਵਿੱਚ ਚੋਣ ਜਿੱਤਣ ਤੋਂ ਬਾਅਦ ਲੋਕ ਆਪਣੇ-ਆਪ ਨੂੰ ਮਹਾਰਾਜਾ ਸਮਝਣ ਲਗਦੇ ਹਨ। ਦੇਸ਼ ਦਾ ਆਮ ਆਦਮੀ ਸਿਆਸਤਦਾਨਾਂ ਦੇ ਨਖ਼ਰਿਆਂ ਅਤੇ ਆਪਹੁਦਰੇਪਨ ਤੋਂ ਪੂਰੀ ਤਰ੍ਹਾਂ ਤੰਗ ਆਇਆ ਹੋਇਆ ਹੈ, ਇਸ ਵੇਲੇ!

ਸਿਆਸੀ ਲੋਕ ਆਪਣੇ-ਆਪ ਨੂੰ ਵੀ.ਆਈ.ਪੀ. (ਵੱਡੇ ਆਦਮੀ) ਸਮਝਦੇ ਹਨ ਅਤੇ ਆਮ ਲੋਕਾਂ ਦੀ ਪ੍ਰਵਾਹ ਕਰਨੀ ਛੱਡ ਦਿੰਦੇ ਹਨ। ਉਹਨਾ ਆਮ ਲੋਕਾਂ ਦੀ, ਜਿਹਨਾ ਨੇ ਉਹਨਾ ਨੂੰ ਆਪਣੇ ਵੋਟ ਦੇ ਕੇ ਵਿਧਾਨ ਸਭਾ ਜਾਂ ਲੋਕ ਸਭਾ ਵਿੱਚ ਭੇਜਿਆ ਹੁੰਦਾ ਹੈ।

ਦੇਸ਼ ਵਿੱਚ "ਵੀ.ਆਈ.ਪੀ." ਕਲਚਰ ਕੈਂਸਰ ਰੋਗ ਵਾਂਗਰ ਫ਼ੈਲ ਚੁੱਕਾ ਹੈ। ਗਿਆਰਾਂ ਸਾਲ ਪਹਿਲਾਂ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਬਨਣ ਦੇ ਫੌਰਨ ਬਾਅਦ ਦਿੱਲੀ 'ਚ ਸੰਸਦ ਮੈਂਬਰਾਂ ਦੀਆਂ ਗੱਡੀਆਂ ਤੋਂ ਲਾਲ ਬੱਤੀਆਂ ਹਟਵਾ ਲਈਆਂ ਸਨ ਅਤੇ ਵੀ.ਆਈ.ਪੀ. ਕਲਚਰ ਦੇ ਵਿਰੁੱਧ ਬੋਲੇ ਹਨ। ਲੇਕਿਨ ਫਿਰ ਜਿਵੇਂ ਉਹ ਭੁੱਲ ਹੀ ਗਏ ਕਿ "ਜਨਤਾ ਦੇ ਇਹਨਾ ਸੇਵਕਾਂ" ਦੀਆਂ ਵਿਗੜੀਆਂ ਆਦਤਾਂ ਸੁਧਾਰਨ ਦੀ ਸਖ਼ਤ ਲੋੜ ਹੈ।

ਸਾਡੇ ਸੂਬੇ ਦੇ ਮੌਜੂਦਾ ਮੁੱਖ ਮੰਤਰੀ ਨੂੰ ਵੀ ਵੀ.ਆਈ.ਪੀ. ਕਲਚਰ ਤੋਂ ਸਖ਼ਤ ਨਫ਼ਰਤ ਸੀ। ਪਰ ਹੁਣ ਤਾਂ ਉਹ ਵੀ ਆਪਣੇ ਕੀਤੇ ਹੋਏ ਵਾਅਦਿਆਂ ਨੂੰ ਜਿਵੇਂ ਭੁੱਲ ਹੀ ਚੁੱਕੇ ਹਨ, ਕਿਉਂਕਿ ਪੰਜਾਬ ਵਿੱਚ ਵੀ ਸਿਆਸਤਦਾਨ ਹੁਣ "ਆਮ ਆਦਮੀ" ਨਹੀਂ ਖ਼ਾਸ ਆਦਮੀ ਬਣ ਚੁੱਕਾ ਹੈ।

ਵਿਕਸਤ ਪੱਛਮੀ ਦੇਸ਼ਾਂ ਵਿੱਚ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਇੱਥੋਂ ਤਕ ਕਿ ਰਾਜਾ ਵੀ ਮੈਟਰੋ ਜਾਂ ਬੱਸ 'ਚ ਸਫ਼ਰ ਕਰਦਾ ਹੈ। ਪਰ ਭਾਰਤ ਵਿੱਚ ਤਾਂ ਇਹ ਚੀਜ਼ਾਂ ਸੁਪਨੇ ਸਮਾਨ ਹਨ। ਜਦ ਕੋਈ ਭਾਰਤੀ "ਲੋਕ ਨੁਮਾਇੰਦਾ" ਟੀ.ਵੀ. ਕੈਮਰੇ ਸਾਹਮਣੇ ਆਪਣੀ ਝੂਠੀ ਨਿਮਰਤਾ ਸਾਬਤ ਕਰਨਾ ਚਾਹੁੰਦਾ ਹੈ ਤਾਂ ਹੀ ਉਹ ਬੱਸ, ਰੇਲ ਗੱਡੀ 'ਚ ਨਜ਼ਰ ਆਉਂਦਾ ਹੈ। ਹੁਣ ਤਾਂ ਸਥਿਤੀ ਇਹ ਹੈ ਕਿ ਇਹ ਲੋਕ-ਨੁਮਾਇੰਦੇ ਚੋਣ ਜਿੱਤਣ ਤੋਂ ਬਾਅਦ ਜਨਤਾ ਨੂੰ ਭੁੱਲਕੇ ਐਸ਼ੋ-ਅਰਾਮ ਦੀ ਜ਼ਿੰਦਗੀ ਵਸਰ ਕਰਨ ਲੱਗਦੇ ਹਨ, ਉਦੋਂ ਤੱਕ ਜਦੋਂ ਤੱਕ ਦੂਜੀ ਚੋਣ ਸਿਰ 'ਤੇ ਨਹੀਂ ਆ ਜਾਂਦੀ।

ਸਿਆਸੀ ਲੋਕਾਂ ਦੀ ਸੋਚ 'ਚ ਇੰਨਾ ਨਿਘਾਰ ਆ ਚੁੱਕਾ ਹੈ । ਉਹ ਇਹ ਵੀ ਭੁੱਲ ਜਾਂਦੇ ਹਨ ਕਿ ਉਹਨਾ ਦਾ ਕੰਮ ਜਨਤਾ ਦੀ ਸੇਵਾ ਕਰਨਾ ਹੈ, ਨਾ ਕਿ ਆਪਣੇ ਸਕੇ-ਸੰਬੰਧੀਆਂ ਦੀ। ਹੈਰਾਨ ਹੋਈਦਾ ਹੈ ਉਸ ਵੇਲੇ ਕਿ ਇਹਨਾ ਜਨਤਾ ਸੇਵਕਾਂ ਕੋਲ ਮਹਿੰਗੀਆਂ ਗੱਡੀਆਂ ਕਿੱਥੋਂ ਆ ਜਾਂਦੀਆਂ ਹਨ? ਕਿਵੇਂ ਉਹ ਰਾਜੇ-ਮਹਾਰਾਜਿਆਂ ਵਾਂਗਰ ਪੰਜ ਤਾਰਾ ਹੋਟਲਾਂ 'ਚ ਖਾਣਾ ਖਾਣ ਜਾਂਦੇ ਹਨ? ਆਪਣੇ ਲਈ ਵਧੀਆ ਮਹੱਲ, "ਸ਼ੀਸ਼ ਮਹੱਲ" ਉਸਾਰ ਲੈਂਦੇ ਹਨ। ਆਉਂਦੀਆਂ ਕਈ ਪੁਸ਼ਤਾਂ ਲਈ ਧੰਨ ਇਕੱਠਾ ਕਰ ਲੈਂਦੇ ਹਨ। ਕਿਵੇਂ ਉਹ ਆਮ ਲੋਕਾਂ ਵਿਚਲੀ ਪਹਿਲੀ ਰਿਹਾਇਸ਼ ਛੱਡਕੇ, ਮਹੀਨਿਆਂ, ਦਿਨਾਂ 'ਚ ਉਹਨਾ ਮਹਿੰਗੇ ਰਿਹਾਇਸ਼ੀ ਇਲਾਕਿਆਂ 'ਚ ਜਾ ਵਸੇਰਾ ਕਰਦੇ ਹਨ, ਜਿਥੇ 90 ਫ਼ੀਸਦੀ ਵੱਡੇ ਧਨਾਢ ਕਾਰੋਬਾਰੀ ਨਿਵਾਸ ਰੱਖਦੇ ਹਨ ਅਤੇ ਇਹੀ "ਚੁਣੇ ਸੇਵਕ" , ਵੱਡੇ ਸਕਿਉਰਿਟੀ ਗਾਰਡਾਂ ਅਤੇ ਆਪਣੇ ਨਾਲ ਰੱਖੇ ਨੌਕਰਾਂ-ਚਾਕਰਾਂ ਦੀਆਂ ਵੱਡੀਆਂ ਟੋਲੀਆਂ ਨਾਲ ਵਿਚਰਨ ਲੱਗਦੇ ਹਨ, ਖ਼ਾਸ ਕਰਕੇ ਉਹਨਾ ਲੋਕਾਂ 'ਚ ਜਿਹੜੇ ਵੱਡੇ ਧੰਨ-ਕੁਬੇਰ ਹਨ, ਹੋਟਲਾਂ, ਵਪਾਰਕ ਅਦਾਰਿਆਂ ਦੇ ਮਾਲਕ ਹਨ।

ਚੋਣ ਉਪਰੰਤ ਬਣੇ ਵੱਡੇ ਸੇਵਕ ਸਿਆਸੀ ਹੈਂਕੜ 'ਚ ਆਕੇ ਲੋਕਾਂ ਨਾਲ ਬੋਲ ਚਾਲ ਤਾਂ ਜਿਵੇਂ ਬਦਲ ਹੀ ਲੈਂਦੇ ਹਨ। ਉਹ ਆਪਣੇ ਸਿਆਸੀ ਵਿਰੋਧੀਆਂ 'ਤੇ ਤਿੱਖੇ ਬਾਣ ਚਲਾਉਣ ਤੋਂ ਵੀ ਦਰੇਗ ਨਹੀਂ ਕਰਦੇ। ਪਿਛਲੇ ਦਿਨਾਂ 'ਚ ਪੰਜਾਬ ਵਿਧਾਨ ਸਭਾ 'ਚ ਵਾਪਰੀਆਂ ਉਹਨਾ ਬਹਿਸਾਂ ਦਾ ਇਥੇ ਜ਼ਿਕਰ ਕਰਨਾ ਬਣਦਾ ਹੈ, ਜਿਥੇ ਸਿਆਸੀ ਸੋਚ ਨਾਲੋਂ ਨਿੱਜੀ ਕਿੜਾਂ ਕੱਢਣ ਲਈ ਹਾਕਮ ਤੇ ਵਿਰੋਧੀ ਧਿਰ ਦੇ ਵੱਡੇ ਨੇਤਾ ਇੱਕ-ਦੂਜੇ ਨਾਲ ਉਲਝਦੇ ਵੇਖੇ ਗਏ। ਉਹਨਾ ਤਨਜਾਂ ਕੱਸੀਆਂ, ਬਿਲਕੁਲ ਉਵੇਂ ਹੀ ਜਿਵੇਂ ਸ਼ਰੀਕ ਆਪਸ 'ਚ ਲੜਦੇ ਹਨ, "ਮੁੱਛਾਂ ਨੂੰ ਤਾਅ ਦਿੰਦੇ ਹਨ, "ਦੇਖ ਲੈਣ" ਦੀਆਂ ਧਮਕੀਆਂ ਦਿੰਦੇ ਹਨ।" ਕਿਹੋ ਜਿਹਾ ਸਿਆਸੀ ਕਿਰਦਾਰ ਰਹਿ ਗਿਆ ਹੈ ਇਹਨਾ ਸੇਵਕਾਂ ਦਾ? ਜੋ ਲੋਕ ਅਸਲਿਆਂ ਤੋਂ ਮੂੰਹ ਮੋੜਕੇ ਸਿਰਫ਼ ਕੁਰਸੀ ਲਈ ਯੁੱਧ ਕਰਦੇ ਨਜ਼ਰ ਆਉਂਦੇ ਹਨ। ਭਾਰਤੀ ਸਿਆਸਤਦਾਨਾਂ ਦੀ ਸਵਾਰਥੀ ਸੋਚ ਨੇ ਭਾਰਤੀ ਲੋਕ ਮਸਲਿਆਂ ਤੋਂ ਮੂੰਹ ਮੋੜਿਆ ਹੋਇਆ ਹੈ, ਉਹਨਾ ਦਾ ਮੁੱਖ ਨਿਸ਼ਾਨਾ ਲੋਕ ਸੇਵਾ ਨਹੀਂ ਸਗੋਂ ਕੁਰਸੀ ਹਥਿਆਉਣਾ ਹੈ।

ਲੋਕ ਰਾਜ ਦੇ ਨਾਂਅ 'ਤੇ ਦੇਸ਼ ਦੇ ਮੌਜੂਦਾ ਵੱਡੇ ਹਾਕਮ ਦੇ ਸੱਤਾ ਹਥਿਆਉਣ ਤੇ ਸੱਤਾ ਬਰਕਰਾਰ ਰੱਖਣ ਦੇ ਪੈਂਤੜੇ ਕਿਸੇ ਤੋਂ ਲੁਕੇ ਛੁਪੇ ਨਹੀਂ ਹਨ। ਉਸ ਵੱਲੋਂ ਸਾਮ-ਦਾਮ-ਦੰਡ ਦੀ ਵਰਤੋਂ ਕਰਦਿਆਂ ਅਤੇ ਜਾਤ-ਧਰਮ ਦੀ ਰਾਜਨੀਤੀ ਕਰਦਿਆਂ "ਸਿਆਸਤਦਾਨਾਂ" ਦੇ ਅਸਲੀ ਅਕਸ ਉਤੇ ਲਗਾਤਾਰ ਛਿੱਟੇ ਪਾਏ ਗਏ ਹਨ। ਤਦੇ ਇਹ ਸਿਰਫ਼ ਤਾਕਤ ਦੇ ਭੁੱਖੇ ਸਿਆਸਤਦਾਨ ਲੋਕ ਮਸਲਿਆਂ ਤੋਂ ਪਿੱਛਾ ਛੁਡਾਉਂਦੇ, ਆਮ ਲੋਕਾਂ ਨੂੰ ਭਰਮਾਉਂਦੇ ਅਤੇ ਆਪਣਾ ਹਿੱਤ ਸਾਧਦੇ ਨਜ਼ਰ ਆਉਂਦੇ ਹਨ।

ਸੂਬਾ ਪੰਜਾਬ ਦੇ ਸਿਆਸਤਦਾਨਾਂ ਦੀ ਕਾਰਗੁਜ਼ਾਰੀ ਕਈ ਪੱਖਾਂ ਤੋਂ ਨਿਰਾਸ਼ ਕਰਨ ਵਾਲੀ ਹੈ। ਵਿਰੋਧੀ 'ਤੇ ਹਾਕਮ ਧਿਰ ਵਿਚਲੀ ਤਲਖ਼ਕਲਾਮੀ ਕਾਫ਼ੀ ਦੁੱਖਦਾਇਕ ਹੈ, ਉਸ ਵੇਲੇ ਜਦੋਂ ਪੰਜਾਬ ਕਈ ਹਾਲਤਾਂ 'ਚ ਪੱਛੜ ਰਿਹਾ ਹੈ। ਉਸ ਵੇਲੇ ਜਦੋਂ ਪੰਜਾਬ ਨਸ਼ਿਆਂ 'ਚ ਗਰਕਿਆ ਪਿਆ ਹੈ। ਉਸ ਵੇਲੇ ਜਦੋਂ ਪੰਜਾਬ ਖੇਤੀ ਸੰਕਟ 'ਚ ਹੈ। ਉਸ ਵੇਲੇ ਜਦੋਂ ਪੰਜਾਬ ਬੇਰੁਜ਼ਗਾਰੀ ਦਾ ਮਾਰਿਆ ਹੋਇਆ ਹੈ। ਉਸ ਵੇਲੇ ਜਦੋਂ ਪੰਜਾਬ ਦਾ ਨੌਜਵਾਨ ਪ੍ਰੇਸ਼ਾਨ ਹੈ, ਪ੍ਰਵਾਸ ਹੰਢਾਉਣ ਲਈ ਮਜ਼ਬੂਰ ਹੈ। ਉਸ ਵੇਲੇ ਜਦੋਂ ਪੰਜਾਬ ਕੋਲ ਆਪਣਾ ਕੋਈ ਤਰੱਕੀ "ਵਿਜ਼ਨ" ਹੀ ਨਹੀਂ ਹੈ। ਪੰਜਾਬ ਦੇ ਸਿਆਸਤਦਾਨ ਸਿਰ ਜੋੜਕੇ ਕੋਈ ਹੱਲ ਲੱਭਣ ਦੀ ਵਿਜਾਏ ਨਿੱਜੀ ਗੱਲਾਂ ਅਤੇ ਕਿੜ੍ਹਾਂ ਕੱਢਣ ਦੀ ਕੋਸ਼ਿਸ਼ 'ਚ ਲੱਗੇ ਹੋਏ ਹਨ। ਇੱਕ-ਦੂਜੇ ਵਿਰੁੱਧ ਬੋਲਦਿਆਂ ਮਰਿਆਦਾ ਭੁੱਲ ਚੁੱਕੇ ਹਨ। ਇਵੇਂ ਲਗਦਾ ਹੈ ਜਿਵੇਂ ਸੱਤਾਧਾਰੀ ਸੱਤਾ ਦੇ ਗਰੂਰ 'ਚ ਹਨ ਅਤੇ ਵਿਰੋਧੀ ਧਿਰ ਵਾਲੇ ਈਰਖਾ ਨਾਲ ਭਰੇ ਹੋਏ। ਪੰਜਾਬ ਆਰਥਿਕ ਅਤੇ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਦੀ ਅਮਨ ਕਾਨੂੰਨ ਸਥਿਤੀ ਵੀ ਕਈ ਹਾਲਤਾਂ 'ਚ ਗੰਭੀਰ ਬਣੀ ਹੋਈ ਹੈ। ਕੀ ਆਪਸੀ ਦੂਸ਼ਣਬਾਜ਼ੀ ਅਜਿਹੇ ਗੰਭੀਰ ਮਸਲਿਆਂ ਦਾ ਹੱਲ ਹੋ ਸਕਦੀ ਹੈ?

ਪੰਜਾਬ ਇਸ ਸਮੇਂ ਸਿਆਸੀ ਖਿਲਾਅ 'ਚ ਹੈ। ਪੰਜਾਬ ਦੀਆਂ ਇਲਾਕਾਈ ਮੰਗਾਂ ਸਮੇਤ ਖ਼ੁਦਮੁਖਤਾਰੀ ਦੀ ਮੰਗ ਦੀ ਪੂਰਤੀ ਲਈ ਇਲਾਕਾਈ ਪਾਰਟੀ ਦੀ ਲੋੜ ਪੂਰੀ ਨਾ ਹੋਣ ਦੇ ਕਾਰਨ ਪੰਜਾਬ ਦੇ ਲੋਕ ਮਨੋ ਪ੍ਰੇਸ਼ਾਨ ਹਨ। ਉਹ ਕਿਸੇ ਵੀ ਤਰ੍ਹਾਂ ਦਿੱਲੀ ਦੇ ਹਾਕਮਾਂ ਦੀ ਟੈਂਅ ਮੰਨਣ ਦੇ ਮੂਡ ਵਿੱਚ ਨਹੀਂ ਹਨ, ਕਿਉਂਕਿ ਕਿਸੇ ਵੀ ਰਾਸ਼ਟਰੀ ਧਿਰ ਨੇ ਬੀਤੇ ਸਮੇਂ 'ਚ ਪੰਜਾਬੀਆਂ ਨਾਲ ਇਨਸਾਫ਼ ਨਹੀਂ ਕੀਤਾ। ਉਹਨਾ ਨੂੰ ਸਮੇਂ-ਸਮੇਂ ਵੱਡੇ ਜ਼ਖ਼ਮ ਦਿੱਤੇ ਪਰ ਉਹਨਾ ਦੇ ਫੈਹਾ ਲਾਉਣ ਲਈ ਕਿਸੇ ਨੇ ਵੀ ਪਹਿਲਕਦਮੀ ਨਹੀਂ ਕੀਤੀ, ਸਗੋਂ ਹਰ ਹੀਲੇ ਉਹਨਾ ਨੂੰ ਵਰਤਣ ਦਾ ਯਤਨ ਕੀਤਾ। ਪੰਜਾਬ ਦੀਆਂ ਵੱਖੋ-ਵੱਖਰੀਆਂ ਪਾਰਟੀਆਂ ਦੇ ਸਿਆਸਤਦਾਨਾਂ ਸਮੇਤ ਇਲਾਕਾਈ ਪਾਰਟੀ ਦੇ ਸਿਆਸਤਦਾਨਾਂ ਨੇ ਪੰਜਾਬ ਦੇ ਲੋਕਾਂ ਦੇ ਦਰਦ ਨੂੰ ਨਹੀਂ ਸਮਝਿਆ, ਸਗੋਂ ਆਪਣੀਆਂ ਗੱਦੀਆਂ ਪੱਕੀਆਂ ਕਰਨ ਲਈ ਨਾਪਾਕ ਗੱਠਜੋੜ ਕੀਤੇ। ਪਿਛਲੇ ਸਮੇਂ 'ਚ ਪਾਰਟੀਆਂ ਨੇ ਪੰਜਾਬ ਨੂੰ ਕਾਬੂ ਕਰਨ ਲਈ "ਆਇਆ ਰਾਮ ਗਿਆ ਰਾਮ" ਵਾਲੀ ਸਿਆਸਤ ਕਰਦਿਆਂ , ਇੱਕ-ਦੂਜੇ ਦੀਆਂ ਪਾਰਟੀਆਂ ਦੇ ਨੇਤਾ ਆਪਣੇ ਪਾਲੇ 'ਚ ਕੀਤੇ। ਉਦਾਹਰਨ ਕਾਂਗਰਸ ਹੈ। ਉਦਾਹਰਨ ਅਕਾਲੀ ਦਲ ਪਾਰਟੀ ਹੈ। ਭਾਜਪਾ 'ਚ ਕਾਂਗਰਸ ਸ਼ਾਮਲ ਹੋਏ। ਆਮ ਆਦਮੀ ਪਾਰਟੀ 'ਚ ਕਾਂਗਰਸੀ ਜਾ ਵੜੇ। ਅਕਾਲੀ ਦਲ ਦੋ ਨਹੀਂ ਕਈ ਹਿੱਸਿਆਂ 'ਚ ਵੰਡਿਆ ਗਿਆ। ਅਸੂਲ ਕਿਥੇ ਹਨ, ਉਹ ਭੁੱਲ ਗਏ।

ਅੱਜ ਸਥਿਤੀ ਇਹ ਹੈ ਕਿ ਕਾਂਗਰਸ ਦੇ ਨੇਤਾ ਆਪੋ-ਆਪਣੇ ਰਾਹ ਹਨ। ਉਹਨਾ ਨੂੰ ਹਿੱਤ ਪੰਜਾਬੀਆਂ ਦਾ ਨਹੀਂ, ਆਪਣਾ ਹੈ। ਅਕਾਲੀ ਦਲ ਖੇਰੂ-ਖੇਰੂ ਹੋ ਗਿਆ। ਮੁੜ ਉਭਰੇਗਾ ਕਿ ਨਹੀਂ? ਨਿੱਜੀ ਰੰਜਿਸ਼ਾਂ, ਨਿੱਜੀ ਟੱਕਰਾਂ, ਪੰਥਕ ਸੋਚ ਨੂੰ ਤਿਲਾਂਜਲੀ ਉਹਨਾ ਦਾ ਕਿਰਦਾਰ ਬਣ ਚੁੱਕਾ ਹੈ।

ਸੱਤਾਧਾਰੀ ਪਾਰਟੀ ਨੇ ਬੜਕਾਂ ਮਾਰਕੇ ਲੋਕ ਡਰਾ ਰੱਖੇ ਹਨ। ਕਿਸਾਨਾਂ ਦੇ ਮਸਲੇ, ਮਜ਼ਦੂਰਾਂ ਦੀਆਂ ਮੰਗਾਂ, ਬੇਰੁਜ਼ਗਾਰ ਮੁਲਾਜ਼ਮਾਂ ਨਾਲ ਡਾਂਗ-ਸੋਟਾ ਨਿੱਤ-ਦਿਹਾੜੇ ਵੇਖਣ ਨੂੰ ਮਿਲ ਰਿਹਾ ਹੈ। ਕੀ ਸਿਰਫ਼ ਅੰਕੜਿਆਂ ਅਤੇ ਭਾਸ਼ਣਾਂ ਨਾਲ ਸਰਕਾਰ ਦੀ ਦਿੱਖ ਚੰਗੇਰੀ ਬਣਾਈ ਜਾ ਸਕਦੀ ਹੈ? ਕੀ ਇੰਜ ਪੰਜਾਬੀਆਂ ਦਾ ਮਨ ਜਿੱਤਿਆ ਜਾ ਸਕਦਾ ਹੈ? ਕੀ ਸਿਰਫ਼ "ਜਲੰਧਰ", "ਲੁਧਿਆਣਾ" ਜਿਮਨੀ ਚੋਣ ਜਿੱਤਣ ਨੂੰ ਹਰਮਨ ਪਿਆਰਤਾ ਆਖਿਆ ਜਾ ਸਕਦਾ ਹੈ? ਜਦੋਂ ਕਿ ਉਥੇ ਵੋਟਾਂ ਦੀ ਪ੍ਰਤੀਸ਼ਤ ਕੁੱਲ ਵੋਟਾਂ ਦੇ ਅੱਧ ਨੂੰ ਮਸਾ ਹੀ ਟੱਪ ਸਕੀ।

ਪੰਜਾਬ ਦੇ ਮੌਜੂਦਾ ਹਾਲਾਤ ਪ੍ਰਪੱਕ ਸਿਆਸਤਦਾਨਾਂ ਅਤੇ ਨੀਤੀਵਾਨਾਂ ਦੀ ਮੰਗ ਕਰਦੇ ਹਨ। ਪੰਜਾਬ ਦੇ ਸਿਆਸਤਦਾਨਾਂ ਨੂੰ ਕਾਬੂ ਕਰਨ ਲਈ ਬੁੱਧੀਜੀਵੀਆਂ, ਵਿਚਾਰਵਾਨਾਂ ਦਾ ਕੁੰਡਾ ਚਾਹੀਦਾ ਹੈ। ਪੰਜਾਬ ਨੂੰ ਤਰੱਕੀ ਲਈ ਇੱਕ ਵਿਜ਼ਨ ਚਾਹੀਦੀ ਹੈ, ਜਿਸ ਉਤੇ ਸਾਰੇ ਸਿਆਸਤਦਾਨ ਸਿਰ ਜੋੜਕੇ ਕੰਮ ਕਰਨ, ਗੱਦੀ ਹਥਿਆਉਣਾ ਉਹਨਾ ਦਾ ਕਿਰਦਾਰ ਨਾ ਹੋਏ।

ਅੱਜ ਦੇਸ਼ ਨੂੰ ਦਮਦਾਰ ਸਿਆਸਤਦਾਨਾਂ ਦੀ ਲੋੜ ਹੈ, ਜੋ ਸਵਾਰਥ ਰਹਿਤ ਹੋ ਕੇ ਦੇਸ਼ ਦੇ ਅਰਥਚਾਰੇ ਨੂੰ ਥਾਂ ਸਿਰ ਲਿਆਉਣ, ਕਿਉਂਕਿ ਕਾਰੋਪੋਰੇਟਾਂ ਨੇ ਧਨ ਦੇ ਬਲਬੂਤੇ ਅਤੇ ਗੋਦੀ ਮੀਡੀਆ ਦੀ ਸਹਾਇਤਾ ਨਾਲ ਵਿਰੋਧੀ ਸਿਆਸਤਦਾਨ ਤਾਂ ਨੁਕਰੇ ਲਾਏ ਹੀ ਹੋਏ ਹਨ, ਹਾਕਮ ਧਿਰ ਨੂੰ ਵੀ ਨਿੱਸਲ ਕੀਤਾ ਹੋਇਆ ਹੈ। ਚੇਤੰਨ ਲੋਕਾਂ ਨੂੰ ਖੂੰਜੇ ਧੱਕਿਆ ਜਾ ਰਿਹਾ ਹੈ। ਦੇਸ਼ ਦੇ ਸਿਆਸਤਦਾਨ ਆਪਣਾ ਕਿਰਦਾਰ ਭੁੱਲਕੇ ਸਿਆਸਤ ਦਾ ਅਸਲ ਅਰਥ ਸਮਝਣੋਂ ਅੱਖਾਂ ਮੀਟਕੇ "ਐਸ਼ੋ ਆਰਾਮ" ਅਤੇ ਸੁਖਮਈ ਜੀਵਨ ਦੇ ਆਦੀ ਹੋ ਗਏ ਹਨ। ਗੋਦੀ ਮੀਡੀਆ ਦੀ ਸਹਾਇਤਾ ਨਾਲ ਕਾਰਪੋਰੇਟ ਲਾਭੀ ਸਰਕਾਰ ਦੇ ਅੰਗ-ਸੰਗ ਖੜੋਕੇ, ਹਰੇ-ਭਰੇ ਲੋਕ ਲੁਭਾਉਣੇ ਨਾਹਰੇ ਲੋਕਾਂ ਸਾਹਮਣੇ ਪੇਸ਼ ਕਰਦਿਆਂ, ਵੋਟ ਬੈਂਕ ਕਾਬੂ ਕਰਨ 'ਚ ਕਾਮਯਾਬ ਹੋ ਚੁੱਕੀ ਹੈ। ਇੰਜ ਸਿਆਸਤਦਾਨ ਆਪਣੀ ਮੁਢਲੀ ਲੋਕ ਹਿਤੈਸ਼ੀ ਭੂਮਿਕਾ ਗੁਆ ਚੁੱਕਾ ਹੈ।

ਹੁਣ ਇਹਨਾ ਸਿਆਸਤਦਾਨਾਂ ਦਾ ਰੋਹਬ ਆਮ ਲੋਕਾਂ ਤੱਕ ਪਹੁੰਚ ਚੁੱਕਾ ਹੈ। ਉਹਨਾ ਦੇ ਰੁਤਬੇ ਦੀ ਧੌਂਸ, ਲੋਕ ਆਪਣੇ ਮਨਾਂ 'ਚ ਵਸਾ ਚੁੱਕੇ ਹਨ ਅਤੇ ਅਜੋਕੇ ਸਿਆਸਤਦਾਨ, ਸਿਆਸਤ ਨੂੰ ਆਪਣਾ 'ਕਿੱਤਾ' ਸਮਝ, ਆਪਣੀ 'ਰਾਜ ਗੱਦੀ' ਰਾਜਾਸ਼ਾਹੀ ਵਾਂਗਰ ਆਪਣੀ ਸੰਤਾਨ ਨੂੰ ਸੌਂਪ ਰਹੇ ਹਨ। ਦੇਸ਼ ਦੀ ਜਨਤਾ ਇਸਨੂੰ ਬੁਰਾ ਨਹੀਂ ਮੰਨ ਰਹੀ। ਨਹੀਂ ਮੰਨ ਰਹੀ ਬੁਰਾ ਕਿ ਉਹਨਾ ਦੇ ਸੰਸਦ ਮੈਂਬਰ ਅਤੇ ਵਿਧਾਇਕ ਪੁਰਾਣੇ ਰਾਜੇ-ਮਹਾਰਾਜਿਆਂ ਦੀ ਤਰ੍ਹਾਂ ਰਹਿਣ ਲਗੇ ਹਨ, ਭਾਵੇਂ ਕਿ ਪੁਸ਼ਾਕ ਦੇ ਤੌਰ 'ਤੇ ਉਹ ਖੱਦਰ ਦੇ ਕੁੜਤੇ ਪਹਿਨਦੇ ਹਨ।

# ਤੁਰਦਾ-ਤੁਰਦਾ ਹੀ ਤੁਰ ਗਿਐ, ਬਾਬਾ ਫ਼ੌਜਾ ਸਿੰਘ ...



ਡਾ. ਸੁਖਦੇਵ ਸਿੰਘ ਝੰਡ
ਫ਼ੋਨ :+1 647-567-9128

ਬਾਬਾ ਫ਼ੌਜਾ ਸਿੰਘ ਚਲਾ ਗਿਆ। ... ਉਹ ਤੁਰਦਾ-ਤੁਰਦਾ ਹੀ ਤੁਰ ਗਿਆ ਹੈ। ਹਜ਼ਾਰਾਂ ਨੂੰ ਨਹੀਂ, ਸਗੋਂ ਲੱਖਾਂ ਨੂੰ ਹੀ ਉਸ ਨੇ ਕੇਵਲ ਤੁਰਨ ਨਹੀਂ ਲਾਇਆ, ਬਲਕਿ ਦੌੜਨ ਲਾਇਆ ਹੈ। ਬਾਬਾ ਫ਼ੌਜਾ ਸਿੰਘ ਨੇ ਆਪ 80 ਸਾਲ ਵਿੱਚ ਦੌੜਨਾ ਸ਼ੁਰੂ ਕੀਤਾ, ਜਦੋਂ ਬਹੁਤੇ ਬਾਬੇ 'ਸਿਵਿਆਂ ਦੇ ਰਾਹ' ਪੈਂ ਜਾਂਦੇ ਹਨ। ... ਤੇ ਉਹ ਵੀ ਜਦੋਂ ਭਰ-ਜਵਾਨ ਪੁੱਤਰ ਕੁਲਦੀਪ ਸਿੰਘ ਦੀ ਮੌਤ ਨੇ ਉਸ ਨੂੰ ਕਮਲਾ-ਰਮਲਾ ਜਿਹਾ ਕਰ ਦਿੱਤਾ ਅਤੇ ਉਸ ਦੇ ਵਿਯੋਗ ਵਿੱਚ ਉਹ ਜਲੰਧਰ ਜ਼ਿਲੇ ਦੇ ਬਿਆਸਪਿੰਡ ਦੇ ਕਦੇ ਕਿਸੇ ਪਾਸੇ ਤੇ ਕਦੇ ਕਿਸੇ ਪਾਸੇ ਕੱਚੇ 'ਪਹਿਆਂ' ਵਿੱਚ ਦੌੜਦਾ ਫਿਰਦਾ ਆਪਣੇ ਗ਼ਮ ਨੂੰ ਘੱਟ ਕਰਨ ਦਾ ਯਤਨ ਕਰਦਾ। ਫਿਰ ਇੱਕ 'ਜੌਹਰੀ' ਦੀ ਨਜ਼ਰ ਮੀਲਾਂ-ਬੱਧੀ ਦੌੜਦੇ ਹੋਏ ਇਸ 'ਨਗੀਨੇ' ਉੱਪਰ ਪੈ ਗਈ ਅਤੇ ਉਸਨੇ ਬਾਬਾ ਫ਼ੌਜਾ ਸਿੰਘ ਨੂੰ ਸੀਨੀਅਰ ਬਜ਼ੁਰਗਾਂ ਦੇ ਮੁਕਾਬਲੇ ਦੀ ਦੌੜ ਵਿੱਚ ਦੌੜਨ ਦੀ ਸਲਾਹ ਦਿੱਤੀ ਜੋ ਇਨ੍ਹਾਂ ਦੇ ਮਨ ਨੂੰ ਭਾਅ ਗਈ। ਉਹ 'ਜੌਹਰੀ' 10,000 ਮੀਟਰ ਦਾ ਦੌੜਾਕ ਹਰਮੰਦਰ ਸਿੰਘ ਸੀ, ਜਿਸਨੇ 'ਕੋਚ' ਦੇ ਰੂਪ ਵਿੱਚ ਬਾਬਾ ਜੀ ਦੀ ਅਗਵਾਈ ਕੀਤੀ ਅਤੇ ਜਦੋਂ ਉਸ ਨੂੰ ਯਕੀਨ ਹੋ ਗਿਆ ਕਿ ਬਾਬਾ ਜੀ ਹੁਣ ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈ ਸਕਦੇ ਹਨ ਤਾਂ ਉਸਨੇ ਉਨ੍ਹਾਂ ਨੂੰ ਉੱਥੇ ਦੌੜਨ ਲਾ ਦਿੱਤਾ। ... ਤੇ ਫਿਰ ਉਸ ਤੋਂ ਬਾਅਦ, ਚੱਲ ਸੋ ਚੱਲ। ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ ਅਨੁਸਾਰ, "ਸੌ ਸਾਲ ਤੋਂ ਵਡੇਰੀ ਉਮਰ ਦਾ ਫ਼ੌਜਾ ਸਿੰਘ ਪਹਿਲਾ ਮਨੁੱਖ ਹੈ ਜਿਸ ਨੇ 16 ਅਕਤੂਬਰ 2011 ਨੂੰ ਟੋਰਾਂਟੋ ਦੀ 'ਵਾਟਰ ਫ਼ਰੰਟ ਮੈਰਾਥਨ' ਪੂਰੀ ਦੌੜੀ। ਉੱਥੇ ਉਸ ਨੇ 42.2 ਕਿਲੋਮੀਟਰ ਦਾ ਪੰਧ 8 ਘੰਟੇ 11 ਮਿੰਟ 6 ਸੈਕੰਡ ਵਿਚ ਮੁਕਾਇਆ। ਉਹਦਾ ਨਾਂ 'ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼' ਵਿਚ ਦਰਜ ਹੋ ਜਾਣਾ ਸੀ ਜੇਕਰ ਉਹਦੀ ਜਨਮ ਤਾਰੀਖ਼ ਦਾ ਅਸਲੀ ਸਰਟੀਫਿਕੇਟ ਮਿਲ ਜਾਂਦਾ। ਲੰਡਨ ਦੀ ਮੈਰਾਥਨ ਵਿੱਚ ਉਸ ਨੇ 80 ਸਾਲ ਤੋਂ ਵਡੇਰੀ ਉਮਰ ਦੇ ਦੌੜਾਕਾਂ ਵਿੱਚ ਨਵਾਂ ਰਿਕਾਰਡ ਕਾਇਮ ਕੀਤਾ ਸੀ।" ਜਨਮ ਤਰੀਕ ਬਾਬਾ ਜੀ ਦੇ ਪਾਸਪੋਰਟ ਵਿੱਚ ਇੱਕ ਅਪ੍ਰੈਲ 1911 ਦਰਜ ਹੈ। ਇਸ ਦੇ ਮੁਤਾਬਿਕ ਉਨ੍ਹਾਂ ਦੀ ਉਮਰ ਇਸ ਸਮੇਂ 114 ਸਾਲ 3 ਮਹੀਨੇ ਬਨਦੀ ਹੈ। ਜੇਕਰ ਇਹ 'ਸਹੀ' ਨਾ ਵੀ ਹੋਵੇ ਅਤੇ ਪਾਸਪੋਰਟ ਵਿੱਚ ਪੰਜ-ਚਾਰ ਸਾਲ ਵੱਧ ਵੀ ਲਿਖੀ ਗਈ ਹੋਵੇ, (ਕਿਉਂਕਿ ਬਾਬਾ ਜੀ ਅਨਪੜ੍ਹ ਹੋਣ ਕਾਰਨ ਉਨ੍ਹਾਂ ਕੋਲ ਜਨਮ-ਮਿਤੀ ਦਾ ਕੋਈ ਸਬੂਤ ਨਹੀਂ ਸੀ) ਤਾਂ ਵੀ ਇਹ 110 ਸਾਲ ਦੇ ਕਰੀਬ ਤਾਂ ਬਨਦੀ ਹੀ ਹੈ। ਇਸ ਉਮਰ ਵਿੱਚ ਵੀ ਦੋਵੇਂ ਵੇਲੇ ਬਾ-ਕਾਇਦਾ ਸੈਰ ਕਰਨੀ ਬਾਬਾ ਜੀ ਦਾ 'ਨਿੱਤਨੇਮ' ਸੀ। ਘਰ ਦੇ ਬਾਹਰ ਸੜਕ 'ਤੇ ਸੈਰ ਕਰਦਿਆਂ ਹੀ ਪਿੱਛੋਂ ਇੱਕ ਗੱਡੀ ਉਨ੍ਹਾਂ ਵਿੱਚ ਆ ਵੱਜੀ ਤੇ ਉਨ੍ਹਾਂ ਨੂੰ ਲੈ ਬੈਠੀ। 2011 ਤੋਂ 2020 ਦੇ ਦਹਾਕੇ 'ਸਿੱਖ ਸਪੋਕਸਮੈਨ' ਅਖ਼ਬਾਰ ਵਿੱਚ ਕੰਮ ਕਰਦਿਆਂ ਮੈਂ ਤੇ ਮੇਰੇ ਸਾਥੀ ਮਲੂਕ ਸਿੰਘ ਕਾਹਲੋਂ ਨੇ ਇੱਕ ਵਾਰ ਬਾਬਾ ਜੀ ਦੀ ਇੰਟਰਵਿਊ ਕੀਤੀ ਤੇ ਆਪਣੀ ਇਸ ਅਖ਼ਬਾਰ ਵਿੱਚ ਛਾਪੀ ਸੀ। ਉਦੋਂ ਉਹ ਲੰਡਨ ਵਾਲੀ ਮੈਰਾਥਨ ਵਿੱਚ ਨਵਾਂ ਰਿਕਾਰਡ ਬਣਾ ਕੇ ਟੋਰਾਂਟੋ ਆਏ ਸਨ। ਉਨ੍ਹਾਂ ਉਦੋਂ ਦੱਸਿਆ ਕਿ ਉਨ੍ਹਾਂ ਦੀ ਪਹਿਚਾਣ ਉੱਥੇ ਦਸਤਾਰ ਅਤੇ ਖੁੱਲ੍ਹੀ ਦਾਹੜੀ ਕਰਕੇ ਹੀ ਬਣੀ ਸੀ। ਇਸ ਇੰਟਰਵਿਊ ਦੌਰਾਨ ਉਨ੍ਹਾਂ ਕਿਹਾ ਸੀ, "ਕਈ ਟੀ.ਵੀ. ਤੇ ਅਖ਼ਬਾਰਾਂ ਵਾਲੇ ਉੱਥੇ ਮੇਰੇ ਅੱਗੇ-ਪਿੱਛੇ ਭੱਜੇ ਫਿਰਦੇ ਸਨ, ਤਸਵੀਰਾਂ ਲੈਣ ਲਈ ਤੇ ਉਨ੍ਹਾਂ ਮੈਨੂੰ ਇੰਟਰਵਿਊ ਵੀ ਕੀਤਾ। ਮੇਰੇ ਵਰਗੇ ਕਈ ਹਜ਼ਾਰਾਂ ਹੀ ਉੱਥੇ ਦੌੜੀ ਫਿਰਦੇ ਸਨ, ਪਰ ਕੋਈ ਕਿਸੇ ਨੂੰ ਨਹੀਂ ਪੁੱਛ ਰਿਹਾ ਸੀ, ਬਈ ਤੂੰ ਕੌਣ ਹੈਂ? ਮੈਨੂੰ ਵੀ ਤਾਂ ਸਿਰਫ਼ ਮੇਰੀ ਦਾਹੜੀ ਤੇ ਦਸਤਾਰ ਕਰਕੇ ਹੀ ਪੁੱਛਿਆ ਗਿਆ।" ਹੋਰ ਕਈ ਸੁਆਲਾਂ ਸਮੇਤ ਇੱਕ ਸੁਆਲ ਬਾਬਾ ਜੀ ਦੀ ਖ਼ੁਰਾਕ ਬਾਰੇ ਵੀ ਸੀ ਜਿਸ ਦਾ ਜੁਆਬ ਦਿੰਦਿਆਂ ਉਨ੍ਹਾਂ ਦੱਸਿਆ ਸੀ ਕਿ ਉਹ ਦੁਪਹਿਰ ਵੇਲੇ ਦਾਲ ?ਜਾਂ ਸਬਜ਼ੀ ਨਾਲ ਇੱਕ ਫੁਲਕਾ ਖਾਂਦੇ ਸਨ। ਰਾਤ ਦੀ ਰੋਟੀ ਵਿੱਚ ਹੀ ਦਾਲ ?/ਸਬਜ਼ੀ ਨਾਲ ਇੱਕ ਹੀ ਫੁਲਕਾ ਹੁੰਦਾ ਸੀ। ਸੌਣ ਲੱਗਿਆਂ ਦੁੱਧ ਜ਼ਰੂਰ ਪੀਣਾ ਤੇ ਕਈ ਵਾਰ ਅਧਰਕ ਦੀ ਕੜ੍ਹੀ ਵੀ ਛਕਣੀ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਸੀ, "ਤੁਹਾਡਾ ਇਹ ਬਾਬਾ ਅਲ ?ਸੀ ਦੀਆਂ ਪਿੰਨੀਆਂ ਹਾੜ-ਸਿਆਲ ?ਕਦੇ ਨਹੀਂ ਮੁੱਕਣ ਦਿੰਦਾ। ਸਵੇਰੇ ਚਾਹ ਨਾਲ ਖਾਧੀ ਅਲ ?ਸੀ ਦੀ ਇੱਕ ਵੱਡੀ ਪਿੰਨੀ ਦੁਪਹਿਰ ਤੱਕ ਭੁੱਖ ਨਹੀਂ ਲੱਗਣ ਦਿੰਦੀ।" ਬਾਬਾ ਫ਼ੌਜਾ ਸਿੰਘ ਦਾ ਸੁਭਾਅ ਬੜੇ ਹਾਸੇ-ਮਜ਼ਾਕ ਵਾਲਾ ਸੀ। 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਵੱਲੋਂ ਕਰਵਾਈ ਜਾਂਦੇ ਸਲਾਨਾ ਈਵੈਂਟ 'ਇੰਸਪੀਰੇਸ਼ਨਲ ਸਟੈੱਪਸ' ਵਿੱਚ ਉਹ ਦੌੜਾਕਾਂ ਦੇ 'ਰੋਲ-ਮਾਡਲ' ਤੇ ਬਹੁਤ ਵੱਡੀ 'ਇੰਸਪੀਰੇਸ਼ਨ' ਸਨ। ਉਨ੍ਹਾਂ ਦੀ ਹੌਸਲਾ-ਅਫ਼ਜਾਈ ਕਰਨ ਲਈ ਉਹ ਕਈ ਵਾਰ ਉੱਥੇ ਪਹੁੰਚੇ। ਇਹ 2017 ਜਾਂ 2018 ਦੀ ਗੱਲ ਹੋਵੇਗੀ। ਵੱਖ-ਵੱਖ ਥਾਵਾਂ ਤੋਂ ਆਰੰਭ ਹੋਈ ਮੈਰਾਥਨ/ਹਾਫ਼-ਮੈਰਾਥਨ/10 ਕਿਲੋਮੀਟਰ ਤੇ 5 ਕਿਲੋਮੀਟਰ ਸਾਰੀਆਂ ਹੀ ਦੌੜਾਂ ਦੀ ਸਮਾਪਤੀ ਡਿਕਸੀ ਗੁਰੂਘਰ ਦੇ ਸਾਹਮਣੇ ਬਣੇ ਮੰਚ ਦੇ ਨੇੜੇ ਹੋਣੀ ਸੀ। ਆਪਣੀ ਅਖ਼ਬਾਰ ਦੇ ਲਈ ਕੱਵਰੇਜ ਕਰਨ ਲਈ ਹੋਰ ਪੱਤਰਕਾਰਾਂ ਨਾਲ ਮੈਂ ਵੀ ਉੱਥੇ ਪਹੁੰਚਿਆ ਹੋਇਆ ਸੀ। ਈਵੈਂਟ ਦੇ ਤਿੰਨ-ਚਾਰ ਪ੍ਰਬੰਧਕਾਂ ਦੇ ਨਾਲ ਬਾਬਾ ਜੀ ਮੰਚ ਦੇ ਇੱਕ ਪਾਸੇ ਖੜੇ ਸਨ। ਦੌੜਾਕ ਉੱਥੇ ਆਉਂਦੇ ਤੇ ਬਾਬਾ ਜੀ ਉਨ੍ਹਾਂ ਦੇ ਗਲ਼ਾਂ ਵਿੱਚ ਮੈਡਲ ਪਾਉਂਦੇ। ਉਹ ਬਾਬਾ ਜੀ ਨਾਲ ਆਪਣੀ ਫ਼ੋਟੋ ਖਿਚਵਾਉਂਦੇ ਅਤੇ ਅੱਗੇ ਚਲੇ ਜਾਂਦੇ। ਜਦੋਂ ਵਾਹਵਾ ਈ ਦੌੜਾਕ ਭੁਗਤ ਗਏ ਅਤੇ ਬਾਬਾ ਜੀ ਲੱਗਭੱਗ ਵਿਹਲੇ ਖੜੇ ਸਨ ਤਾਂ ਮੈਂ ਤੇ ਮੇਰੇ ਇੱਕ ਸਾਥੀ ਪੱਤਰਕਾਰ ਨੇ ਬਾਬਾ ਜੀ ਨੂੰ ਪੁੱਛਿਆ, ਬਾਬਾ ਜੀ, ਅਸੀਂ ਕਿਸੇ ਦੌੜ ਵਿੱਚ ਭਾਗ ਤਾਂ ਨਹੀਂ ਲਿਆ। ਬੱਸ, ਉਨ੍ਹਾਂ ਦੀਆਂ ਤਸਵੀਰਾਂ ਹੀ ਲਈਆਂ ਹਨ ਤੇ ਦੌੜ ਦੇ ਇਸ ਈਵੈਂਟ ਦੀ ਖ਼ਬਰ ਆਪਣੀਆਂ ਅਖ਼ਬਾਰਾਂ ਵਿੱਚ ਛਾਪਾਂਗੇ। ਕੀ ਅਸੀਂ ਵੀ ਤੁਹਾਡੇ ਨਾਲ ਆਪਣੀ ਫ਼ੋਟੋ ਕਰਵਾ ਸਕਦੇ ਹਾਂ?" ਖਿੜ-ਖਿੜਾ ਕੇ ਹੱਸਦਿਆਂ ਹੋਇਆਂ ਬਾਬਾ ਜੀ ਨੇ ਅੱਗੋਂ ਕਿਹਾ, "ਆਜੋ-ਆਜੋ ਬਈ, ਤੁਸੀਂ ਵੀ। ਬਾਬਾ ਕਿਹੜਾ ਘਸ ਚੱਲਿਆ, ਤੁਹਾਡੇ ਨਾਲ ਫ਼ੋਟੋ ਖਿਚਵਾਉਂਦਿਆਂ।" ... ਤੇ ਫਿਰ ਅਸੀਂ ਵੀ ਬਾਬਾ ਜੀ ਨਾਲ ਫ਼ੋਟੋ ਖਿਚਵਾ ਲਈ। ਖ਼ੁਸ਼-ਮਿਜਾਜ਼ ਬਾਬਾ ਫ਼ੌਜਾ ਸਿੰਘ ਜੀ 14 ਜੁਲਾਈ ਨੂੰ ਸੱਭ ਨੂੰ ਸਦੀਵੀ-ਵਿਛੋੜਾ ਦੇ ਗਏ ਹਨ। ਇਹ ਵਿਛੋੜਾ ਅਸਹਿ ਹੈ, ਸਾਰਿਆਂ ਦੇ ਲਈ। ਜਾਣਾ ਤਾਂ ਸੱਭਨਾਂ ਨੇ ਹੀ ਹੈ। ਪਰ ਇਸ ਦੇ ਨਾਲ ਹੀ ਸਾਡੇ ਸਾਰਿਆਂ ਲਈ ਇਹ ਤਸੱਲੀ ਵਾਲੀ ਗੱਲ ਵੀ ਹੈ ਕਿ ਉਹ ਏਨੀ ਲੰਮੀ, ਤੰਦਰੁਸਤ ਤੇ ਵਧੀਆ ਉਮਰ ਭੋਗ ਕੇ ਅਤੇ ਆਪਣਾ ਤੇ ਆਪਣੀ ਕਮਿਊਨਿਟੀ ਦਾ ਨਾਂ ਸਾਰੀ ਦੁਨੀਆਂ ਵਿੱਚ ਉੱਚਾ ਕਰਕੇ ਗਏ ਹਨ।

ਪ੍ਰਮਾਤਮਾ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਬਖ਼ਸ਼ੇ! .... ਆਮੀਨ!




**ਉਨ੍ਹਾਂ ਦੀ ਉਮਰ ਇਸ ਸਮੇਂ 114 ਸਾਲ 3 ਮਹੀਨੇ ਬਣਦੀ ਹੈ। ਜੇਕਰ ਇਹ 'ਸਹੀ' ਨਾ ਵੀ ਹੋਵੇ ਅਤੇ ਪਾਸਪੋਰਟ ਵਿੱਚ ਪੰਜ-ਚਾਰ ਸਾਲ ਵੱਧ ਵੀ ਲਿਖੀ ਗਈ ਹੋਵੇ, (ਕਿਉਂਕਿ ਬਾਬਾ ਜੀ ਅਨਪੜ੍ਹ ਹੋਣ ਕਾਰਨ ਉਨ੍ਹਾਂ ਕੋਲ ਜਨਮ-ਮਿਤੀ ਦਾ ਕੋਈ ਸਬੂਤ ਨਹੀਂ ਸੀ) ਤਾਂ ਵੀ ਇਹ 110 ਸਾਲ ਦੇ ਕਰੀਬ ਤਾਂ ਬਣਦੀ ਹੀ ਹੈ। ਇਸ ਉਮਰ ਵਿੱਚ ਵੀ ਦੋਵੇਂ ਵੇਲੇ ਬਾ-ਕਾਇਦਾ ਸੈਰ ਕਰਨੀ ਬਾਬਾ ਜੀ ਦਾ 'ਨਿੱਤਨੇਮ' ਸੀ।**



# ਪੰਡਿਤ ਕਿਰਪਾ ਰਾਮ ਤੋਂ ਸ਼ਹੀਦ ਭਾਈ ਕਿਰਪਾ ਸਿੰਘ ਤੱਕ

ਏਨਾ ਕੁ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਔਰੰਗਜ਼ੇਬ ਦੇ ਦੂਸਰੇ ਧਰਮਾਂ ਦੇ ਲੋਕਾਂ ਵਿਰੁੱਧ ਫ਼ੈਸਲਿਆਂ ਅਤੇ ਕਾਰਵਾਈਆਂ ਅਰਥਾਤ ਜ਼ੁਲਮਾਂ ਦੇ ਸਤਾਏ ਕਸ਼ਮੀਰੀ ਪੰਡਿਤ ਆਪਣੇ ਆਗੂ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿੱਚ ਗੁਰੂ ਤੇਗ ਬਹਾਦਰ ਦੇ ਦਰਬਾਰ ਵਿੱਚ ਫ਼ਰਿਆਦ ਲੈ ਕੇ ਆਏ ਸਨ ਪਰ ਕਹਾਣੀ ਇਸ ਤੋਂ ਪਿੱਛੇ ਵੀ ਹੈ ਅਤੇ ਇਸ ਤੋਂ ਅੱਗੇ ਤਾਂ ਹੋਰ ਵੀ ਬੜੀ ਮਹੱਤਵਪੂਰਨ ਹੈ।

ਸ੍ਰੀਨਗਰ ਤੋਂ 20 ਮੀਲ ਦੂਰ ਮਤਨ ਨਗਰ ਦੇ ਪੰਡਿਤ ਅਰੂ ਰਾਮ ਨਾਂ ਦੇ ਦੱਤ ਬ੍ਰਾਹਮਣ ਸਨ ਜੋ ਸੱਤਵੇਂ ਗੁਰੂ ਹਰਿ ਰਾਏ ਸਾਹਿਬ ਦੇ ਸ਼ਰਧਾਲੂ ਸਨ। ਸੰਨ 1660 ਈਸਵੀ ਵਿੱਚ ਜਦੋਂ ਗੁਰੂ ਹਰਿ ਰਾਇ ਸਾਹਿਬ ਕਸ਼ਮੀਰ ਗਏ ਤਾਂ ਪੰਡਿਤ ਅਰੂ ਰਾਮ ਨੇ ਉਨ੍ਹਾਂ ਨੂੰ ਸ੍ਰੀਨਗਰ ਤੋਂ ਲਿਜਾ ਕੇ ਆਪਣੇ ਨਗਰ ਮਤਨ ਵਿਖੇ ਚਰਨ ਪਵਾਏ। ਪੰਡਿਤ ਜੀ ਦੇ ਤਿੰਨਾਂ ਪੁੱਤਰਾਂ ’ਚੋਂ ਕਿਰਪਾ ਰਾਮ ਸਭ ਤੋਂ ਵੱਡੇ ਅਤੇ ਬੜੇ ਗੁਣੀ ਗਿਆਨੀ ਸਨ। ਸੰਨ 1670 ਈਸਵੀ ਵਿੱਚ ਜਦੋਂ ਬਾਲ ਗੋਬਿੰਦ ਰਾਏ ਆਪਣੇ ਪਿਤਾ ਨੌਵੇਂ ਗੁਰੂ ਤੇਗ ਬਹਾਦਰ ਵੱਲੋਂ ਨਵੇਂ ਵਸਾਏ ਨਗਰ ’ਚੱਕ ਮਾਤਾ ਨਾਨਕੀ’ (ਅਨੰਦਪੁਰ ਸਾਹਿਬ) ਆਏ ਤਾਂ ਪੰਡਿਤ ਕਿਰਪਾ ਰਾਮ ਲਖਨੌਰ ਵਿਖੇ ਉਨ੍ਹਾਂ ਦੇ ਦਰਸ਼ਨ ਕਰਨ ਪਹੁੰਚੇ।

ਔਰੰਗਜ਼ੇਬ ਦੇ ਰਾਜ ਵੇਲੇ ਜਦੋਂ ਜਬਰ-ਜ਼ੁਲਮ ਦਾ ਦੌਰ ਸ਼ੁਰੂ ਹੋਇਆ ਤਾਂ ਕਸ਼ਮੀਰੀ ਪੰਡਤਾਂ ਨੇ ਗੁਰੂ ਘਰ ਨਾਲ ਗਹਿਰੇ ਅਤੇ ਨੇੜਲੇ ਸਬੰਧ ਵਾਲੇ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿੱਚ ਅਨੰਦਪੁਰ ਸਾਹਿਬ ਜਾ ਕੇ ਗੁਰੂ ਤੇਗ ਬਹਾਦਰ ਪਾਸ ਫ਼ਰਿਆਦ ਕਰਨ ਦਾ ਫ਼ੈਸਲਾ ਕੀਤਾ। ਇਨ੍ਹਾਂ ਕਸ਼ਮੀਰੀ ਪੰਡਤਾਂ ਨੇ ਆਪਣੇ ਦੁੱਖਾਂ ਦਰਦਾਂ ਦੀ ਕਹਾਣੀ ਗੁਰੂ ਸਾਹਿਬ ਅੱਗੇ ਰੱਖੀ ਤਾਂ ਗੁਰੂ ਜੀ ਇਸ ਬਾਰੇ ਬਾਦਸ਼ਾਹ ਔਰੰਗਜ਼ੇਬ ਨਾਲ ਗੱਲ ਕਰਨ ਵਾਸਤੇ ਦਿੱਲੀ ਜਾਣ ਲਈ ਤਿਆਰ ਹੋਏ। ਗੁਰੂ ਸਾਹਿਬ ਦੇ ਦਿੱਲੀ ਨੂੰ ਚਾਲੇ ਪਾਉਣ ’ਤੇ ਇਹ ਕਸ਼ਮੀਰੀ ਪੰਡਿਤ ਕਸ਼ਮੀਰ ਨੂੰ ਨਹੀਂ ਪਰਤੇ ਸਗੋਂ ਇਨ੍ਹਾਂ ਨੇ ਗੁਰੂ ਸਾਹਿਬ ਦੀ ਦਿੱਲੀ ਤੋਂ ਵਾਪਸੀ ਤੱਕ ਆਨੰਦਪੁਰ ਸਾਹਿਬ ਵਿਖੇ ਉਡੀਕ ਕਰਨ ਦਾ ਫ਼ੈਸਲਾ ਕੀਤਾ।

ਗੁਰੂ ਤੇਗ ਬਹਾਦਰ ਸਾਹਿਬ ਜੀ ਆਪ ਤਾਂ ਦਿੱਲੀ ਤੋਂ ਨਹੀਂ ਪਰਤੇ, ਉਨ੍ਹਾਂ ਦੀ ਚਾਂਦਨੀ ਚੌਂਕ ਵਿੱਚ ਹੋਈ ਲਾਸਾਨੀ ਕੁਰਬਾਨੀ ਅਤੇ ਸ਼ਹਾਦਤ ਦੀ ਖ਼ਬਰ ਹੀ ਪਹੁੰਚੀ ਅਤੇ ਭਾਈ ਜੈਤਾ ਨਾਂ ਦੇ ਗੱਭਰੂ ਰੰਗਰੇਟੇ ਸਿੱਖ ਦੇ ਹੱਥੀਂ ਉਨ੍ਹਾਂ ਦਾ ਸੀਸ ਅਨੰਦਪੁਰ ਸਾਹਿਬ ਪਰਤਿਆ।

ਇਸ ਹਿਰਦੇ ਵੇਧਕ ਘਟਨਾ ਦਾ ਪੰਡਿਤ ਕਿਰਪਾ ਰਾਮ ’ਤੇ ਬਹੁਤ ਡੂੰਘਾ ਅਸਰ ਹੋਇਆ। ਉਨ੍ਹਾਂ ਨੇ (ਸ਼ਾਇਦ ਹੋਰ ਕਈ ਸਾਥੀਆਂ ਸਮੇਤ) ਕਸ਼ਮੀਰ ਵਾਪਸ ਜਾਣ ਦੀ ਬਜਾਏ, ਸ਼ਹੀਦ ਹੋਏ ਗੁਰੂ ਦੇ ਪਰਿਵਾਰ ਦੀ ਸੇਵਾ ਸੰਭਾਲ ਹਿਤ ਰਹਿੰਦੀ ਉਮਰ ਅਨੰਦਪੁਰ ਸਾਹਿਬ ਵਿਖੇ ਹੀ ਟਿਕੇ ਰਹਿਣ ਦਾ ਫ਼ੈਸਲਾ ਕੀਤਾ। ਪੰਡਿਤ ਜੀ ਸ਼ਾਸਤਰ ਅਤੇ ਸ਼ਸਤਰ ਵਿੱਦਿਆ ਦੇ ਧਨੀ ਸਨ। ਆਪ ਨੇ ਬਾਲ ਗੁਰੂ ਗੋਬਿੰਦ ਰਾਏ ਨੂੰ ਸੰਸਕ੍ਰਿਤ ਭਾਸ਼ਾ ਅਤੇ ਪੁਰਾਣੇ



ਗ੍ਰੰਥਾਂ ਦਾ ਬੋਧ ਕਰਾਇਆ ਅਤੇ ਸ਼ਸਤਰ ਵਿੱਦਿਆ ਦਿੱਤੀ।

1699 ਦੀ ਵਿਸਾਖੀ ਨੂੰ ਜਦੋਂ ਦਸਮੇਸ਼ ਜੀ ਨੇ ਖਾਲਸਾ ਸਿਰਜਣਾ ਦਾ ਕੌਤਕ ਰਚਾਇਆ ਤਾਂ ਪੰਡਿਤ ਕਿਰਪਾ ਰਾਮ ਪਹਿਲੇ ਦਿਨ ਹੀ ਖੰਡੇ ਦੀ ਪਹੁਲ ਲੈ ਕੇ, ਗੁਰੂ ਦੀ ਖਾਲਸਾ ਸੈਨਾ ਦੇ ਮੋਹਰੀ ਸਿਪਾਹੀਆਂ ਵਿੱਚ ਸ਼ਾਮਿਲ ਹੋ ਗਏ ਅਤੇ ਉਸ ਦਿਨ ਤੋਂ ਉਨ੍ਹਾਂ ਦਾ ਨਾਮ ਭਾਈ ਕਿਰਪਾ ਸਿੰਘ ਹੋ ਗਿਆ।

ਕਈ ਮੁੱਠਭੇੜਾਂ ਅਤੇ ਲੜਾਈਆਂ ਤੋਂ ਬਾਅਦ 1705 ਈਸਵੀ ਵਿੱਚ ਪਹਾੜੀ ਰਾਜਿਆਂ, ਸੂਬਾ ਸਰਹੰਦ ਅਤੇ ਮੁਗ਼ਲ ਸੈਨਾ ਨੇ ਰਲ ? ਕੇ ਬਹੁਤ ਲੰਮਾ ਸਮਾਂ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਘੇਰਾ ਪਾਈ ਰੱਖਿਆ। ਅਖ਼ੀਰ ਦਸੰਬਰ 1705 ਨੂੰ ਗੁਰੂ ਸਾਹਿਬ ਨੂੰ ਆਪਣੇ ਪਰਿਵਾਰ ਅਤੇ ਪੰਜ ਸੌ ਦੇ ਕਰੀਬ ਸਿੰਘਾਂ ਸਮੇਤ ਕਿਲ੍ਹਾ ਛੱਡਣਾ ਪਿਆ। ਸਰਸਾ ਨਦੀ ਪਾਰ ਕਰਦਿਆਂ ਗੁਰੂ ਜੀ ਦੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦੇ ਵਿਛੜ ਗਏ ਅਤੇ ਉਨ੍ਹਾਂ ਦੀ ਸਰਹੰਦ ਵਿਖੇ ਸ਼ਹੀਦੀ ਹੋਈ। ਬਹੁਤ ਸਾਰੇ ਸਿੰਘ ਸ਼ਾਹੀ ਫ਼ੌਜਾਂ ਦਾ ਬਹਾਦਰੀ ਨਾਲ ਮੁਕਾਬਲਾ ਕਰਦੇ ਹੋਏ ਸ਼ਹੀਦ ਹੋਏ। ਗੁਰੂ ਕਾਲ ਦਾ ਇਹ ਸਭ ਤੋਂ ਦੁਖਦਾਈ ਸਮਾਂ ਚੱਲ ਰਿਹਾ ਸੀ। ਅਖ਼ੀਰ ਬਚੇ ਹੋਏ 40 ਦੇ ਕਰੀਬ ਸਿੰਘਾਂ ਅਤੇ ਵੱਡੇ ਸਾਹਿਬਜ਼ਾਦਿਆਂ ਸਮੇਤ, ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਵਿੱਚ ਦਾਖ਼ਲ ਹੋਏ। ਗੜ੍ਹੀ ਦੇ ਬਾਹਰ ਲੱਖਾਂ ਦੀ ਗਿਣਤੀ ਵਿੱਚ ਹਕੂਮਤੀ ਫ਼ੌਜਾਂ ਦਾ ਘੇਰਾ ਪੈ ਗਿਆ ਦੱਸਿਆ ਜਾਂਦਾ ਹੈ। 40 ਸਿੰਘ ਅਤੇ ਦੋਵੇਂ ਸਾਹਿਬਜ਼ਾਦੇ ਏਨੀ ਭਾਰੀ ਫ਼ੌਜ ਨਾਲ ਸੰਸਾਰ ਦੀ ਸਭ ਤੋਂ ਅਸਾਵੀਂ ਲੜਾਈ ਲੜਦੇ ਹੋਏ 7-8 ਦਸੰਬਰ 1705 ਨੂੰ ਸ਼ਹੀਦ ਹੋਏ। ਇਨ੍ਹਾਂ ਲਾਸਾਨੀ ਸੂਰਬੀਰ ਯੋਧਿਆਂ ਵਿੱਚ ਸ਼ਹੀਦ ਭਾਈ ਕਿਰਪਾ ਸਿੰਘ ਦਾ ਨਾਂ ਵੀ ਸ਼ਾਮਲ ਹੈ।


ਸੰਨ 2025 ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦਾ 350ਵਾਂ ਵਰ੍ਹਾ ਹੈ। ਇਸ ਪ੍ਰਥਾਏ ਭਾਸ਼ਾ ਵਿਭਾਗ ਪੰਜਾਬ ਨੇ ਸ. ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਦੋ ਰੋਜ਼ਾ ਸਮਾਗਮ ÷ਤੇਗ ਬਹਾਦਰ ਸਿਮਰਿਐ÷ ਪੰਡਿਤ ਕਿਰਪਾ ਰਾਮ ਦੀ ਜਨਮ ਭੂਮੀ ਮਤਨ ਤੇ ਸ੍ਰੀਨਗਰ ਵਿਖੇ ਆਯੋਜਿਤ ਕਰਨ ਦਾ ਫ਼ੈਸਲਾ ਕੀਤਾ ਹੈ। ਵਿਭਾਗ ਦੀ ਟੀਮ ਪੰਜਾਬ ਤੋਂ ਕੁਝ ਵਿਦਵਾਨਾਂ ਅਤੇ ਕਵੀਆਂ ਨੂੰ ਬੱਸ ਰਾਹੀਂ ਕਸ਼ਮੀਰ ਲੈ ਕੇ ਜਾਵੇਗੀ। ਇਹ ਬੱਸ ਭਾਸ਼ਾ ਵਿਭਾਗ ਦੇ ਮੁੱਖ ਦਫ਼ਤਰ ਪਟਿਆਲਾ ਤੋਂ 21 ਜੁਲਾਈ 2025 ਦਿਨ ਸੋਮਵਾਰ ਨੂੰ ਸ਼ਾਮ 8 ਵਜੇ ਰਵਾਨਾ ਹੋਵੇਗੀ ਅਤੇ ਖੰਨਾ, ਲੁਧਿਆਣਾ, ਜਲੰਧਰ, ਪਠਾਨਕੋਟ ਅਤੇ ਜੰਮੂ ਤੋਂ ਹੁੰਦੀ ਹੋਈ 22 ਜੁਲਾਈ ਨੂੰ ਸਵੇਰੇ ਸ੍ਰੀਨਗਰ ਪਹੁੰਚੇਗੀ। 23 ਜੁਲਾਈ ਨੂੰ ਸਵੇਰੇ ਡੈਲੀਗੇਟਾਂ ਦਾ ਕਾਫ਼ਲਾ ਬੱਸ ਅਤੇ ਹੋਰ ਸੜਕੀ ਸਾਧਨਾਂ ਰਾਹੀਂ ਸ੍ਰੀਨਗਰ ਤੋਂ ਮਤਨ ਦੀ ਯਾਤਰਾ ਕਰੇਗਾ। ਮਤਨ ਦੇ ਗੁਰਦੁਆਰਾ ਸਾਹਿਬ ਵਿਖੇ ਪੰਡਿਤ ਕਿਰਪਾ ਰਾਮ / ਸ਼ਹੀਦ ਭਾਈ ਕਿਰਪਾ ਸਿੰਘ ਨੂੰ ਯਾਦ ਕੀਤਾ ਜਾਵੇਗਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਹੋਵੇਗੀ। ਪਰਤ ਕੇ ਸ੍ਰੀਨਗਰ ਵਿਖੇ ਜਿਹਲਮ ਦਰਿਆ ਕਿਨਾਰੇ ਬਣੇ ਬਹੁਤ ਸੁੰਦਰ ਟੈਗੋਰ ਹਾਲ ਵਿੱਚ ਸਮਾਗਮ ਹੋਏਗਾ। ਜਿਸ ਦਾ ਪਹਿਲਾ ਭਾਗ ਬਾਅਦ ਦੁਪਹਿਰ ਢਾਈ ਵਜੇ ਆਰੰਭ ਹੋਏਗਾ ਜਿਸ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਬਾਣੀ ਅਤੇ ਸ਼ਹੀਦੀ ਬਾਰੇ ਵਿਦਵਾਨ ਵਿਚਾਰਾਂ ਕਰਨਗੇ।

ਦੂਜੇ ਭਾਗ ਵਿੱਚ ਪੰਜਾਬੀ, ਡੋਗਰੀ ਅਤੇ ਕਸ਼ਮੀਰੀ ਜ਼ੁਬਾਨਾਂ ਦੇ ਚੋਣਵੇਂ ਕਵੀ ਗੁਰੂ ਸਾਹਿਬ ਨੂੰ ਕਾਵਿ-ਸੁਮਨ ਭੇਟ ਕਰਨਗੇ।

ਅਗਲੇ ਦਿਨ 24 ਜੁਲਾਈ ਸ਼ਾਮ ਨੂੰ ਇਸੇ ਹਾਲ ਵਿੱਚ ਰਸ-ਭਿੰਨਾ ਸੰਗੀਤਕ ਸਮਾਗਮ ਹੋਏਗਾ। ’ਗੁਰੂ ਨਾਨਕ ਜਹਾਜ਼’ ਫ਼ਿਲਮ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਗਾਇਨ ਕਰਨ ਵਾਲੇ ਬੜੇ ਰਸੀਲੇ ਅਤੇ ਮਨਮੋਹਣੇ ਨੌਜਵਾਨ ਗਾਇਕ ਬੀਰ ਸਿੰਘ ਗੁਰੂ ਸਾਹਿਬ ਦੀ ਬਾਣੀ ਦੇ ਗਾਇਨ ਦੇ ਨਾਲ-ਨਾਲ ਮੁਹੱਬਤੀ ਅਤੇ ਵਿਸਮਾਦੀ ਕਲਾਮ ਪੇਸ਼ ਕਰਨਗੇ। ਭਾਸ਼ਾ ਵਿਭਾਗ ਪੰਜਾਬ ਕਸ਼ਮੀਰ ਵਿੱਚ ਵਸਦੇ ਸਮੂਹ ਪੰਜਾਬੀਆਂ ਅਤੇ ਗੁਰੂ ਪਿਆਰਿਆਂ ਨੂੰ ਇਨ੍ਹਾਂ ਸਮਾਗਮਾਂ ਵਿੱਚ ਹੁੰਮ-ਹੁੰਮਾ ਕੇ ਹਿੱਸਾ ਲੈਣ ਦਾ ਪ੍ਰੇਮ ਸਹਿਤ ਖੁੱਲ੍ਹਾ ਸੱਦਾ ਦਿੰਦਾ ਹੈ।

**ਜਸਵੰਤ ਸਿੰਘ ਜ਼ਫ਼ਰ**
**ਡਾਇਰੈਕਟਰ**
**ਭਾਸ਼ਾ ਵਿਭਾਗ, ਪੰਜਾਬ**

# ਨਸ਼ਾ ਛੁਡਾਊ ਕੇਂਦਰਾਂ ਵਿੱਚੋਂ ਕਿਉਂ ਭੱਜਦੇ ਹਨ ਨਸ਼ੇੜੀ ?



ਮੋਹਨ ਸ਼ਰਮਾ

ਇੱਕ ਮਾਰਚ 2025 ਤੋਂ ਪੰਜਾਬ ਸਰਕਾਰ ਨੇ ‘ਯੁੱਧ ਨਸ਼ਿਆਂ ਵਿਰੁੱਧ’ ਛੇੜਿਆ ਹੋਇਆ ਹੈ। ਨਸ਼ਾ ਤਸ਼ਕਰਾਂ ਦੀ ਫੜੋ ਫੜੀ, ਉਨ੍ਹਾਂ ਕੋਲੋਂ ਬਰਾਮਦ ਨਸ਼ਾ, ਨਸ਼ਾ ਕਰਨ ਵਾਲਿਆਂ ਵਿੱਚੋਂ ਬਹੁਤ ਸਾਰੇ ਤਸ਼ਕਰਾਂ ਦੀ ਜੁੰਡਲੀ ਵਿੱਚ ਸ਼ਾਮਲ ਕਰਕੇ ਫੜੇ ਗਏ ਨਸ਼ੇੜੀ ਨਸ਼ਾ ਤਸ਼ਕਰਾਂ ਦੀ ਗਿਣਤੀ ਵਿੱਚ ਵਾਧਾ ਕਰਕੇ ਨਸ਼ਾ ਮੁਕਤ ਸਮਾਜ ਸਿਰਜਨ ਦਾ ਸੁਨੇਹਾ ਦਿੱਤਾ ਗਿਆ ਹੈ। ਪੰਜਾਬ ਦੀਆਂ 26 ਜੇਲ੍ਹਾਂ ਜਿਨ੍ਹਾਂ ਵਿੱਚ 29970 ਕੈਦੀ ਅਤੇ ਹਵਾਲਾਤੀ ਰੱਖਣ ਦੀ ਸਮੱਰਥਾ ਹੈ, ਪਰ ਇਸ ਵੇਲੇ ਸਮਰੱਥਾ ਤੋਂ ਕਿਤੇ ਵੱਧ ਅੰਦਾਜ਼ਨ 40,000 ਕੈਦੀ ਅਤੇ ਹਵਾਲਾਤੀ ਜੇਲਾਂ ਵਿੱਚ ਬੰਦ ਹਨ, ਇਨ੍ਹਾਂ ਵਿੱਚੋਂ ਜ਼ਿਆਦਾਤਰ ਨਸ਼ੇ ਦੇ ਤਸ਼ਕਰ ਅਤੇ ਕੁਝ ਪੁਲਿਸ ਦੇ ਧੱਕੇ ਚੜ੍ਹੇ ਨਸ਼ੱਈ ਵੀ ਜੇਲ੍ਹ ਦੀ ਹਵਾ ਖਾ ਰਹੇ ਹਨ। ਦੂਜੇ ਪਾਸੇ ਪੰਜਾਬ ਵਿੱਚ 354 ਨਸ਼ਾ ਛੁਡਾਊ ਕੇਂਦਰ ਹਨ ਇਨ੍ਹਾਂ ਤੋਂ ਬਿਨ੍ਹਾਂ ਸੈਂਕੜੇ ਹੋਰ ਅਜਿਹੇ ਨਸ਼ਾ ਛੁਡਾਊ ਕੇਂਦਰ ਹਨ ਜਿਨ੍ਹਾਂ ਨੇ ਨਸ਼ਾ ਛੁਡਾਊ ਕੇਂਦਰ ਚਲਾਉਣ ਲਈ ਨਿਯਮਾਂ ਨੂੰ ਛਿੱਕੇ ਟੰਗ ਕੇ ਸਰਕਾਰ ਤੋਂ ਪ੍ਰਵਾਨਗੀ ਨਹੀਂ ਲਈ। ਸਰਕਾਰੀ ਤੌਰ ਤੇ 36 ਮੁੜ ਵਸੇਬਾ ਕੇਂਦਰ ਅਤੇ 177 ਗੈਰ ਸਰਕਾਰੀ ਮੁੜ ਵਸੇਬਾ ਕੇਂਦਰ ਨਸ਼ੱਈ ਮਰੀਜ਼ਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਯਤਨਸ਼ੀਲ ਹਨ। ਇਸ ਵੇਲੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਵੀ ਨਸ਼ਾ ਛੱਡਣ ਵਾਲੇ ਰੋਗੀ ਸਮਰੱਥਾ ਤੋਂ ਕਿਤੇ ਵੱਧ ਦਾਖ਼ਲ ਹਨ।

ਪੰਜਾਬ ਦੇ ਕਿਸੇ ਨਾ ਕਿਸੇ ਕੇਂਦਰ ਵਿੱਚੋਂ ਦਾਖ਼ਲ ਹੋਏ ਮਰੀਜ਼ ਭੱਜਣ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਕਈ ਥਾਵਾਂ ਤੇ ਤਾਂ ਦਾਖ਼ਲ ਨਸ਼ੱਈ ਮਰੀਜ਼ਾਂ ਦੇ ਝੁੰਡ ਨੇ ਉਥੋਂ ਦੇ ਪ੍ਰਬੰਧਕਾਂ ਜਾਂ ਸੰਭਾਲ ਕਰਨ ਵਾਲਿਆਂ ਨੂੰ ਕੁੱਟਣ ਉਪਰੰਤ ਬਿਨ੍ਹਾਂ ਕਿਸੇ ਡਰ ਭੈਅ ਤੋਂ ਦੌੜ ਗਏ। ਕਈ ਸੈਂਟਰਾਂ ਵਿੱਚ ਵਾਰਡ ਦੀਆਂ ਗਰਿੱਲਾਂ ਤੋੜ ਕੇ, ਤਾਕੀਆਂ ਭੰਨ ਕੇ ਜਾਂ ਫਿਰ ਗੇਟ ਤੋੜ ਕੇ ਵੀ ਭੱਜਣ ਵਿੱਚ ਸਫਲ ਹੋਏ ਹਨ। ਇੱਕ ਸੈਂਟਰ ਵਿੱਚ ਤਾਂ ਦੌੜੇ ਨਸ਼ੱਈ ਮਰੀਜ਼ਾਂ ਨੂੰ ਜਦੋਂ ਉਥੋਂ ਦੇ ਕਰਮਚਾਰੀਆਂ ਨੇ ਫੜਣ ਦੀ ਕੋਸ਼ਿਸ਼ ਕੀਤੀ ਸੀ ਤਾਂ ਉਨ੍ਹਾਂ ਵਿੱਚੋਂ ਇੱਕ ਨੇ ਨਹਿਰ ਵਿੱਚ ਛਾਲ ਮਾਰ ਆਪਣੀ ਜੀਵਨ ਲੀਲਾ ਹੀ ਸਮਾਪਤ ਕਰ ਲਈ ਸੀ। ਕਈ ਵਾਰ ਦਾਖ਼ਲ ਨਸ਼ੱਈ ਮਰੀਜ਼ ਐਨਾ ਪ੍ਰੇਸ਼ਾਨ ਕਰਦਾ ਹੈ, ਕਿ ਪ੍ਰਬੰਧਕ ਉਸ ਤੋਂ ਖਹਿੜਾ ਛੁਡਵਾਉਣ ਲਈ ਉਸਦੇ ਮਾਪਿਆਂ ਨੂੰ ਬੁਲਾਕੇ ਉਨ੍ਹਾਂ ਦੇ ਸਪੁਰਦ ਕਰ ਦਿੰਦੇ ਹਨ। ਬਹੁਤ ਵਾਰ ਨਸ਼ੱਈ ਮਰੀਜ਼ ਘੜੀ ਗਈ ਸਾਜਿਸ਼ ਅਨੁਸਾਰ ਕਿਸੇ ਨਾ ਕਿਸੇ ਬਿਮਾਰੀ ਦਾ ਬਹਾਨਾ ਲਾਕੇ ਹਾਲ ਦੁਹਾਈ ਪਾਉਂਦੇ ਹਨ। ਪ੍ਰਬੰਧਕ ਉਨ੍ਹਾਂ ਦਾ ਪਤਾ ਕਰਨ ਲਈ ਜਦੋਂ ਵਾਰਡ ਦਾ ਗੇਟ ਖੋਲਦੇ ਹਨ ਤਾਂ ਨਸ਼ੱਈ ਮਰੀਜ਼ਾਂ ਦੀ ਧਾੜ ਦੀ ਧਾੜ ਪ੍ਰਬੰਧਕਾ ਨੂੰ ਧੱਕੇ ਮਾਰ ਕੇ ਖੁਲ੍ਹੇ ਗੇਟ ਰਾਹੀਂ ਦੌੜ ਜਾਂਦੀ ਹੈ।

ਹੁਣ ਸਾਡੇ ਅੱਗੇ ਗੰਭੀਰ ਪ੍ਰਸ਼ਨ ਹੈ ਕਿ ਦਾਖ਼ਲ ਨਸ਼ੱਈ ਮਰੀਜ਼ ਅਨੁਸਾਸ਼ਣ ਭੰਗ ਕਰ ਕੇ ਇਸ ਤਰ੍ਹਾਂ ਕਿਉਂ ਦੌੜਦੇ ਹਨ ? ਇਲਾਜ਼ ਕਰਵਾਉਣ ਦੀ ਥਾਂ ਉਹ ਨਸ਼ਾ ਕਰਨ ਦੇ ਨਾਲ ਨਾਲ ਜ਼ੁਰਮ ਦੀ ਦੁਨੀਆਂ ਵਿੱਚ ਦੁਬਾਰਾ ਕਿਉਂ ਪੈਰ ਧਰਦੇ ਹਨ ? ਕਿਉਂ ਜ਼ਿੰਦਗੀ ਦੀ ਥਾਂ ਉਹ ਮੌਤ ਨੂੰ ਤਰਜ਼ੀਹ ਦਿੰਦੇ ਹਨ ?

ਇੱਕ ਨਾਮਵਰ ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਵਜੋਂ ਸੇਵਾ ਨਿਭਾਉਂਦਿਆਂ ਨਿੱਜੀ ਅਨੁਭਵ ਦੇ ਅਧਾਰ ਤੇ ਲਿਖ ਰਿਹਾ ਹਾਂ ਕਿ ਬਿਨ੍ਹਾਂ ਦ੍ਰਿੜ ਇੱਛਾ ਸ਼ਕਤੀ ਤੋਂ ਨਸ਼ੱਈ ਨਸ਼ਾ ਨਹੀਂ ਛੱਡ ਸਕਦਾ। ਉਸ ਦੀ ਇਛਾ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਧਰਮ, ਸਾਹਿਤ ਅਤੇ ਕਿਰਤ ਦੇ ਸੰਕਲਪ ਨਾਲ ਨਸ਼ੱਈ ਨੂੰ ਜੋੜਣਾ ਅਤਿਅੰਤ ਜ਼ਰੂਰੀ ਹੈ। ਇਹ ਤਿੰਨ ਕਰਮ ਰੂੰ, ਮੋਮਬੱਤੀ ਅਤੇ ਸੂਈ ਧਾਗੇ ਦਾ ਕੰਮ ਕਰਦੇ ਹਨ। ਰੂੰ ਤੋਂ ਕਪੜਾ ਤਿਆਰ ਹੁੰਦਾ ਹੈ ਜੋ ਸਾਡੀ ਇਜ਼ਤ ਦਾ ਪ੍ਰਤੀਕ ਹੈ। ਰੂੰ ਨਾਲ ਜ਼ਖ਼ਮ ਵੀ ਸਾਫ਼ ਕੀਤੇ ਜਾਂਦੇ ਹਨ। ਮੋਮਬੱਤੀ ਹਨੇਰੇ ਤੋਂ ਚਾਨਣ ਦਾ ਪ੍ਰਤੀਕ ਹੈ ਅਤੇ ਸੂਈ ਧਾਗਾ ਮੇਲ ਮਿਲਾਪ ਅਤੇ ਗੂੜੀਆਂ ਸਾਂਝਾ ਦਾ ਪ੍ਰਤੀਕ ਹੈ। ਜੇਕਰ ਨਸ਼ੱਈ ਮਰੀਜ਼ਾਂ ਨੂੰ ਇਨ੍ਹਾਂ ਤਿੰਨਾਂ ਕਰਮਾਂ ਨਾਲ ਜੋੜਿਆ ਜਾਵੇ, ਉਸਾਰੂ ਸਾਹਿਤ ਪੜਣ ਲਈ ਦਿੱਤਾ ਜਾਵੇ ਅਤੇ ਨੈਤਿਕ ਕਦਰਾਂ ਕੀਮਤਾਂ ਦੀ ਮਹੱਤਤਾ ਸਬੰਧੀ ਕੌਂਸਲਿੰਗ ਕਰਦਿਆਂ ਦੱਸਿਆ ਜਾਵੇ ਤਾਂ ਨਸ਼ੱਈ ਮਰੀਜ਼ਾਂ ਦੀ ਨਾਕਾਰਤਮਿਕ ਸੋਚ ਦਾ ਰੁੱਖ ਬਦਲ ਜਾਵੇਗਾ। ਬਹੁਤ ਸਾਰੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਹ ਕੁਝ ਨਹੀਂ ਹੋ ਰਿਹਾ ਹੈ। ਕੁੱਟਮਾਰ, ਗਾਲੀ ਗਲੋਚ, ਜਾਂ ਫਿਰ ਦੁਰਵਰਤਾਉ ਨਾਲ ਉਨ੍ਹਾਂ ਅੰਦਰ ਵਿਦਰੋਹ ਦੀ ਭਾਵਨਾ ਜਾਗਦੀ ਹੈ ਅਤੇ ਇਹ



ਵਿਦਰੋਹ, ਬਗਾਵਤ ਦਾ ਰੂਪ ਧਾਰਨ ਕਰ ਲੈਂਦਾ ਹੈ। ਦਰਅਸਲ ਨਸ਼ੱਈ ਜ਼ਿੰਦਗੀ ਦੇ ਖਲਨਾਇਕ ਨਹੀਂ, ਪੀੜਤ ਹਨ। ਇਨ੍ਹਾਂ ਦੇ ਹਿੱਸੇ ਆਏ ਇਹ ਦੁਖਾਂਤ ਨੂੰ ਡੂੰਘਾਈ ਨਾਲ ਘੋਖਣ ਉਪਰੰਤ ਉਸ ਦਾ ਹੱਲ ਕਰਨ ਦੀ ਲੋੜ ਹੈ। ਨੌਜਵਾਨਾਂ ਦਾ ਪ੍ਰਵਾਹ ਹੜ੍ਹਾਂ ਦੇ ਪਾਣੀ ਵਰਗਾ ਹੁੰਦਾ ਹੈ। ਜੇਕਰ ਉਸ ਪਾਣੀ ਦੇ ਪ੍ਰਵਾਹ ਨੂੰ ਵਿਉਂਤਬੰਦੀ ਨਾਲ ਰਜਬਾਹਿਆਂ, ਨਾਲਿਆਂ ਜਾਂ ਨਦੀਆਂ ਵਿੱਚ ਨਾ ਪਾਇਆ ਜਾਵੇ ਤਾਂ ਉਹ ਘਰਾਂ ਅਤੇ ਫਸਲਾਂ ਦਾ ਬੇਪਨਾਹ ਨੁਕਸਾਨ ਕਰਨਗੇ। ਜਵਾਨੀ ਦੇ ਵੇਗ ਨੂੰ ਵੀ ਸਹੀ ਦਿਸ਼ਾ ਅਤੇ ਦਸ਼ਾ ਦੇਣ ਦੀ ਲੋੜ ਹੈ।


ਨਸ਼ਾ ਇੱਕ ਸਮਾਜਿਕ, ਆਰਥਿਕ ਅਤੇ ਮਨੋਵਿਗਿਆਨਕ ਸਮੱਸਿਆ ਹੈ ਅਤੇ ਇਹ ਸਮੱਸਿਆ ਡੰਡੇ ਦੇ ਜੋਰ ਨਾਲ, ਧਮਕੀਆਂ ਨਾਲ ਜਾਂ ਫਿਰ ਪੁਲਿਸ ਤੰਤਰ ਵਲੋਂ ਬਹੁਤ ਥਾਵਾਂ ਤੇ ਧੱਕੇਸ਼ਾਹੀ ਨਾਲ ਨਸ਼ਾ ਛੁਡਵਾਉਣ ਦੀ ਕੋਸ਼ਿਸ਼ ਕੀਤੀ ਹੈ। ਅਜਿਹੇ ਢੰਗ ਨਾਲ ਅੰਕੜਿਆਂ ਵਿੱਚ ਜਰੂਰ ਵਾਧਾ ਹੁੰਦਾ ਹੈ। ’ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਵਿੱਚ ਜਦੋਂ ਪੁਲਿਸ ਨਸ਼ੱਈ ਨੂੰ ਫੜਕੇ ਥਾਣੇ ਲੈ ਕੇ ਜਾਂਦੀ ਹੈ ਤਾਂ ਉਸਦੀ ਛਿਤਰੌਲ ਕਰਨ ਉਪਰੰਤ ਉਸਨੂੰ ਪੁੱਛਿਆ ਜਾਂਦਾ ਹੈ ਕਿ ਬੋਲ ਜੇਲ੍ਹ ਜਾਣਾ ਹੈ ਜਾਂ ਇਲਾਜ਼ ਕਰਵਾਉਣ ਲਈ ਨਸ਼ਾ ਛੁਡਾਊ ਕੇਂਦਰ ਛੱਡ ਕੇ ਆਈਏ ? ਜੇਲ੍ਹ ਜਾਣ ਅਤੇ ਪੁਲਿਸ ਦੀ ਕੁੱਟਮਾਰ ਤੋਂ ਡਰਦਿਆਂ ਉਹ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਹੋਣ ਨੂੰ ਪਹਿਲ ਦਿੰਦਾ ਹੈ। ਪੁਲਿਸ ਵਾਲੇ ਉਸਦੇ ਮਾਪਿਆਂ ਨੂੰ ਨਾਲ ਲੈਕੇ ਨਸ਼ਾ ਛੁਡਾਊ ਕੇਂਦਰ ਪਹੁੰਚ ਜਾਂਦੇ ਹਨ। ਅਗਾਂਹ ਸਾਰੇ ਸੈਂਟਰ ਵਾਲਿਆਂ ਨੂੰ ਪ੍ਰਸ਼ਾਸ਼ਨ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ ਕਿ ਜਦੋਂ ਵੀ ਪੁਲਿਸ ਵਾਲੇ ਨਸ਼ੱਈ ਮਰੀਜ਼ ਨੂੰ ਲੈ ਕੇ ਆਉਣ ਤਾਂ ਉਸਨੂੰ ਤੁਰੰਤ ਦਾਖ਼ਲ ਕਰ ਲਿਆ ਜਾਵੇ। ਬਿਨ੍ਹਾਂ ਉਸਦੀ ਕੌਂਸਲਿੰਗ ਕੀਤਿਆਂ, ਉਸਦੀ ਇੱਛਾ ਸ਼ਕਤੀ ਦੀ ਪਰਖ਼ ਕਰਨ ਤੋਂ ਬਿਨ੍ਹਾਂ ਹੀ ਉਸਨੂੰ ਦਾਖ਼ਲ ਕਰ ਲਿਆ ਜਾਂਦਾ ਹੈ। ਅਜਿਹੇ ਨਸ਼ੱਈ ਮਰੀਜ਼ ਸਿਰਫ ਨਸ਼ਾ ਹੀ ਨਹੀਂ ਕਰਦੇ, ਸਗੋਂ ਜੁਰਮ ਦੀ ਦੁਨੀਆਂ ਨਾਲ ਵੀ ਜੁੜੇ ਹੁੰਦੇ ਹਨ। ਵਾਰਡ ਵਿੱਚ ਜਾਕੇ ਉਹ ਆਪਣਾ ਰੰਗ ਵਿਖਾਉਂਦੇ ਹਨ। ਆਪਣੇ ਨਾਲ ਉਹ ਪੰਜ ਚਾਰ ਹੋਰ ਦਾਖ਼ਲ ਮਰੀਜ਼ਾਂ ਨੂੰ ਜੋੜ ਲੈਂਦੇ ਹਨ ਅਤੇ ਫਿਰ ਸਕੀਮ ਬਣਾਕੇ ਆਪਣੇ ਨਾਲ ਪੰਜ ਚਾਰ ਹੋਰ ਨਸ਼ੱਈ ਮਰੀਜਾਂ ਨੂੰ ਨਾਲ ਲੈਕੇ ਸੈਂਟਰ ਤੋਂ ਦੌੜ ਜਾਂਦੇ ਹਨ। ਇੰਜ ਧੱਕੇ ਨਾਲ ਨਸ਼ੇੜੀ ਨੂੰ ਦਾਖ਼ਲ ਕਰਨ ਨਾਲ ਘਾਤਕ ਨਤੀਜੇ ਸਾਹਮਣੇ ਆਉਂਦੇ ਹਨ।

ਨਿਜੀ ਮੁੜ ਵਸੇਬਾ ਕੇਂਦਰ ਦਰਅਸਲ ਇਸ ਕਰਕੇ ਹੋਂਦ ਵਿੱਚ ਲਿਆਂਦੇ ਗਏ ਕਿ ਜਿਹੜਾ ਨਸ਼ੱਈ ਮਰੀਜ਼ ਮੁੜ ਵਸੇਬਾ ਕੇਂਦਰ ਵਿੱਚ ਦਾਖਲਾ ਲੈਂਦਾ ਹੈ, ਉਸਦਾ ਪਹਿਲਾਂ ਮਨੋਵਿਗਿਆਨਕ ਡਾਕਟਰ ਨੂੰ ਵਿਖਾਕੇ ਇਲਾਜ ਕਰਵਾਇਆ ਜਾਵੇ ਅਤੇ ਉਸ ਉਪਰੰਤ ਉਸਦੇ ਮੁੜ ਵਸੇਬੇ ਅਤੇ ਸਹੀ ਢੰਗ ਨਾਲ ਜਿੰਦਗੀ ਜਿਉਣ ਦੀ ਵਿਉਂਤਬੰਦੀ ਬਣਾਈ ਜਾਵੇ। ਪਰ ਹੁੰਦਾ ਸਭ ਕੁਝ ਉਲਟ ਹੈ। ਪੀੜਤ ਮਾਪੇ ਉਨ੍ਹਾਂ ਕੋਲ ਜਾਂਦੇ ਹਨ। ਨਸ਼ੱਈ ਮਰੀਜ਼ ਦੀ ਹਾਲਤ ਅਤੇ ਘਰ ਦੀ ਦੁਰਦਸ਼ਾ ਦਾ ਜ਼ਿਕਰ ਕਰਦੇ ਹਨ। ਨਿੱਜੀ ਕੇਂਦਰਾਂ ਦੇ ਮਾਲਕਾਂ ਵੱਲੋਂ ਉਨ੍ਹਾਂ ਦੀ ਤਰਸਯੋਗ ਹਾਲਤ ਦਾ ਨਜ਼ਾਇਜ਼ ਫਾਇਦਾ ਉਠਾਇਆ ਜਾਂਦਾ ਹੈ ਅਤੇ ਫਿਰ ਉਨ੍ਹਾਂ ਦੇ ਘਰ ਦਾ ਪਤਾ ਪੁੱਛ ਕੇ ਕਹਿ ਦਿੰਦੇ ਹਨ ਕਿ ਅੰਦਾਜ਼ਨ ਵੀਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਲਿਆ ਜਾਵੇਗਾ। ਉਸਨੂੰ ਗੱਡੀ ਰਾਹੀਂ ਲਿਆਉਣ ਅਤੇ ਡਾਕਟਰੀ ਖਰਚਾ ਇਸ ਤੋਂ ਵੱਖ ਹੋਵੇਗਾ। ਮਾਲਕਾਂ ਵੱਲੋਂ ਰਾਸ਼ੀ ਉਗਰਾਹੁਣ ਬਾਅਦ ਤਹਿ ਕਰ ਲਿਆ ਜਾਂਦਾ ਹੈ ਕਿ ਉਸਨੂੰ ਰਾਤ ਨੂੰ ਸੁੱਤੇ ਪਏ ਨੂੰ ਚੁੱਕ ਕੇ ਲਿਆਂਵਾਂਗੇ। ਅਗਲੇ ਦਿਨ ਰਾਤ ਨੂੰ ਪੰਜ ਛੇ ਲੱਠ ਮਾਰ ਪੀੜਤ ਮਾਪਿਆਂ ਦੇ ਘਰ ਪੁਜ ਜਾਂਦੇ ਹਨ ਅਤੇ ਉਸ ਨੂੰ ਸੁੱਤੇ ਪਏ ਨੂੰ ਉਠਾਕੇ ਉਥੇ ਹੀ ਉਹਦੀ ਲੱਤਾਂ, ਘਸੁੰਨਾ ਅਤੇ ਥੱਪੜਾਂ ਨਾਲ ਸੂਰਤ ਬਦਲਾ ਦਿੰਦੇ ਹਨ। ਰਾਹ ਵਿੱਚ ਵੀ ਕੁਟਾਪਾ ਚਾੜ੍ਹਿਆ ਜਾਂਦਾ ਹੈ। ਇਹੋ ਜਿਹੇ ਚਾਲੀ ਪੰਜਾਹ ਨਸ਼ੇੜੀ ਉਥੇ ਪਹਿਲਾਂ ਹੀ ਤੁੰਨ ਕੇ ਰੱਖੇ ਹੁੰਦੇ ਹਨ। ਅਜਿਹੇ ਸੈਂਟਰਾਂ ਵਿੱਚ ਡਾਂਗ ਦੇ ਜੋਰ ਤੇ ਮਰੀਜ਼ਾਂ ਦੇ ‘ਇਲਾਜ’ ਦੇ ਨਾਂ ਤੇ ਤਸੀਹੇ ਦਿੱਤੇ ਜਾਂਦੇ ਹਨ। ਤਸੀਹੇ ਸਹਿੰਦਿਆਂ ਉਨ੍ਹਾਂ ਦੀ ਆਪਣੇ ਮਾਪਿਆਂ ਪ੍ਰਤੀ ਸੋਚ ਖ਼ੂੰ-ਖਾਰ ਬਣ ਜਾਂਦੀ ਹੈ। ਕਈ ਦਾਖ਼ਲ ਸ਼ੱਕੀ ਨਸ਼ੱਈਆਂ ਨੂੰ ਤਾਂ ਬੇੜੀਆਂ ਨਾਲ ਨੂੜ ਕੇ ਵੀ ਰੱਖਿਆ ਜਾਂਦਾ ਹੈ। ਭਲਾਂ ਅਜਿਹੀ ਨਰਕ ਭਰੀ ਜ਼ਿੰਦਗੀ ਵਿੱਚ ਉਹ ਨਸ਼ਾ ਕਿੰਜ ਛੱਡਣਗੇ ? ਇਸ ਗੱਲ ਦੀ ਚਿੰਤਾ ਦੀ ਥਾਂ ਪ੍ਰਬੰਧਕਾਂ ਵੱਲੋਂ ਮਾਪਿਆਂ ਨੂੰ ਸੁਨੇਹਾ ਦਿੱਤਾ ਜਾਂਦਾ ਹੈ, ÷ਤੁਹਾਡਾ ਮੁੰਡਾ ਰਿਕਵਰੀ ਜ਼ੋਨ ਵਿੱਚ ਹੈ। ਕੋਈ ਫਿਕਰ ਨਾ ਕਰੋ।”ਨਾਲ ਹੀ ਮੋਟੀ ਰਕਮ ਭੇਜਣ ਦਾ ਸੁਨੇਹਾ ਵੀ ਦਿੱਤਾ ਜਾਂਦਾ ਹੈ। ਉਨ੍ਹਾਂ ਦੀ ਸਥਿਤੀ ਉਸ ਗੇਂਦ ਵਰਗੀ ਹੁੰਦੀ ਹੈ ਜਿਸ ਨੂੰ ਪੈਰਾਂ ਨਾਲ ਦਬਾਇਆ ਜਾਂਦਾ ਹੈ ਅਤੇ ਪੈਰ ਚੁੱਕਣ ਤੇ ਗੇਂਦ ਪਹਿਲਾਂ ਵਾਲੀ ਸਥਿਤੀ ਵਿੱਚ ਆ ਜਾਂਦੀ ਹੈ। ਅਜਿਹੇ ਸੈਂਟਰਾਂ ਵਿੱਚ ਦਾਖਲ ਨਸ਼ੱਈ ਮਰੀਜ਼ਾਂ ਦਾ ਜਦੋਂ ਵੀ ਦਾਅ ਲੱਗਦਾ ਹੈ, ਉਹ ਪ੍ਰਬੰਧਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਕੇ ਦੌੜ ਜਾਂਦੇ ਹਨ। ਅੱਗਿਉਂ ਮਾਪਿਆਂ ਨੂੰ ਰੋਅਬ ਨਾਲ ਸ਼ਿਕਵੇ ਭਰਪੂਰ ਲਹਿਜ਼ੇ ਵਿੱਚ ਸੱਟਾਂ ਦੇ ਨਿਸ਼ਾਨ ਵਿਖਾਉਂਦਿਆਂ ਕਹਿੰਦੇ ਹਨ, “ਮੈਨੂੰ ਬੁੱਚੜਾਂ ਦੇ ਵੱਸ ਪਾਕੇ ਕਰਵਾ ਲਿਆ ਮੇਰਾ ਇਲਾਜ਼ ? ਹੁਣ ਮੈਂ ਵੀ ਅੱਗੇ ਨਾਲੋਂ ਦੁਗਣਾ ਨਸ਼ਾ ਕਰੂੰਗਾ।”ਕਈ ਥਾਵਾਂ ਤੇ ਤਾਂ ਅਜਿਹੇ ਸੈਂਟਰਾਂ ਵਿੱਚੋਂ ਭੱਜ ਕੇ ਨਸ਼ੱਈਆਂ ਨੇ ਆਪਣੇ ਬਾਪ ਨੂੰ ਮੌਤ ਦੇ ਘਾਟ ਵੀ ਉਤਾਰਿਆ ਹੈ।

ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਵਜੋਂ ਸੇਵਾ ਕਰਦਿਆਂ ਮੈਂ ਜਦੋਂ ਉਨ੍ਹਾਂ ਨੂੰ ‘ਪੁੱਤ’ ਕਹਿਕੇ ਬੁੱਕਲ ਵਿੱਚ ਲੈਂਦਾ ਸੀ ਤਾਂ ਉਹ ਅਕਸਰ ਅੱਖਾਂ ਭਰ ਕੇ ਕਹਿੰਦੇ ਸਨ, “ਸਰ, ਸਾਨੂੰ ਤਾਂ ਹੁਣ ਤੱਕ ਕਿਸੇ ਨੇ ‘ਪੁੱਤ’ ਕਿਹਾ ਹੀ ਨਹੀਂ। ਬੱਸ, ਚਾਰ ਚੁਫੇਰੇ ਗਾਲਾਂ ਦੀ ਵਾਛੜ ਹੀ ਹੁੰਦੀ ਰਹੀ ਹੈ।)”ਦਰਅਸਲ ਦਾਖਲ ਨਸ਼ੱਈ ਮਰੀਜਾਂ ਨਾਲ ਪ੍ਰਬੰਧਕਾਂ ਵੱਲੋਂ ਇੱਕ ਸੁਖਾਵਾਂ ਰਿਸ਼ਤਾ ਕਾਇਮ ਰੱਖਣਾ ਜ਼ਰੂਰੀ ਹੈ। ਇੰਜ ਹਮਦਰਦੀ, ਪਿਆਰ ਅਤੇ ਅਪਣੱਤ ਦੀ ਬੁਨਿਆਦ ਰੱਖਣ ਨਾਲ ਉਹ ਨਸ਼ਾ ਛੁਡਾਊ ਕੇਂਦਰ ਦੇ ਮਾਹੌਲ ਵਿੱਚ ਰਚ-ਮਿੱਚ ਜਾਂਣਗੇ।

ਦਰਅਸਲ ਦਾਖਲ ਨਸ਼ੱਈ ਮਰੀਜ਼ਾਂ ਲਈ ਹਰ ਰੋਜ਼ ਕੌਂਸਲਿੰਗ ਦੇ ਨਾਲ ਨਾਲ ਉਸਨੂੰ ਸਾਹਿਤ ਪੜ੍ਹਣ ਦੀ ਪ੍ਰੇਰਨਾ ਦੇਣੀ, ਸੈਂਟਰ ਵਿੱਚ ਹੀ ਲਾਇਬਰੇਰੀ ਸਥਾਪਿਤ ਕਰਨਾ, ਪ੍ਰਭੂ ਸਿਮਰਨ ਲਈ ਕੁਝ ਸਮਾਂ ਰਾਖਵਾਂ ਰੱਖਣਾ, ਕਿਰਤ ਦੇ ਸੰਕਲਪ ਲਈ ਉਨ੍ਹਾਂ ਤੋਂ ਕੁਝ ਨਾ ਕੁਝ ਕੰਮ ਕਰਵਾਉਣ ਦੇ ਨਾਲ ਨਾਲ ਕਿਸੇ ਕਿੱਤੇ ਦੀ ਸਿਖਲਾਈ ਦਾ ਪ੍ਰਬੰਧ ਕਰਨਾ ਅਤੇ ਦੁਆ ਅਤੇ ਦਵਾਈ ਦੇ ਸੁਮੇਲ ਦੀ ਅਤਿਅੰਤ ਲੋੜ ਹੈ। ਪ੍ਰਬੰਧਕਾਂ ਨੂੰ ਇਹ ਗੰਭੀਰ ਹੋਕੇ ਸੋਚਣਾ ਚਾਹੀਦਾ ਹੈ ਕਿ ਸੈਂਟਰ ਸਿਰਫ ਪੈਸੇ ਇਕੱਠੇ ਕਰਨ ਦਾ ਸਾਧਨ ਨਹੀਂ, ਸਗੋਂ ਜ਼ਿੰਦਗੀ ਦੇ ਖਲਨਾਇਕਾਂ ਨੂੰ ਨਾਇਕ ਵਜੋਂ ਪੇਸ਼ ਕਰਕੇ ਮਾਪਿਆਂ, ਸਮਾਜ ਅਤੇ ਦੇਸ਼ ਪ੍ਰਤੀ ਸਮੱਰਪਤ ਭਾਵਨਾ ਨਾਲ ਲਬਰੇਜ਼ ਅਜਿਹੀ ਪ੍ਰੇਰਨਾ ਦੇਣ ਦੀ ਲੋੜ ਹੈ ਕਿ ਉਹ ਬਾਹਰ ਆਕੇ ਲੋਕਾਂ ਨੂੰ ਇਹ ਸੁਨੇਹਾ ਦੇਵੇ, “ਨਸ਼ਾ ਕਰਨ ਵਾਲੇ ਦੇ ਹਿੱਸੇ ਧੱਕੇ, ਜੇਲ੍ਹ ਜਾਂ ਫਿਰ ਮੌਤ ਆਉਂਦੀ ਹੈ।”ਜ਼ਿੰਦਗੀ ਜਿੰਦਾਬਾਦ ਦਾ ਸੁਨੇਹਾ ਉਨ੍ਹਾਂ ਦੇ ਹੋਠਾਂ ਤੇ ਆਉਣਾ ਚਾਹੀਦਾ ਹੈ। ਇਹ ਸਭ ਕੁਝ ਲਈ ਪ੍ਰਬੰਧਕਾਂ ਵਲੋਂ ਆਪ ਰੋਲ ਮਾਡਲ ਬਣਕੇ ਜ਼ੁੰਮੇਵਾਰੀ ਨਿਭਾਉਣੀ ਜ਼ਰੂਰੀ ਹੈ। ਸੁਖਾਵਾਂ ਮਾਹੌਲ ਦੇਣ ਲਈ ਉਨ੍ਹਾਂ ਨੂੰ ਨਿਗਰਾਨੀ ਹੇਠ ਵਾਰਡ ਵਿੱਚੋਂ ਕੱਢ ਕੇ ਵੱਖ ਵੱਖ ਖੇਡਾਂ ਨਾਲ ਜੋੜਣਾ ਵੀ ਜਰੂਰੀ ਹੈ। ਕਈ ਵਾਰ ਚਾਰ ਦਿਵਾਰੀ ਦੇ ਅੰਦਰ ਇੱਕ ਕਮਰੇ ਵਿੱਚ ਹੀ ਸਾਰਾ ਦਿਨ ਗੁਜ਼ਾਰਨ ਨਾਲ ਵੀ ਉਨ੍ਹਾਂ ਦਾ ਦਮ ਘੁਟਦਾ ਹੈ ਅਤੇ ਉਹ ਸੈਂਟਰ ਤੋਂ ਭੱਜਣ ਲਈ ਹਰ ਸਮੇਂ ਕੋਈ ਨਾ ਕੋਈ ਜੁਗਾੜ ਫਿੱਟ ਕਰਨ ਦੀਆਂ ਸੋਚਾਂ ਵਿੱਚ ਘਿਰੇ ਰਹਿੰਦੇ ਹਨ।

# ਜਦੋਂ 10 ਸਾਲ ਬਾਅਦ ਕਤਲ ਕੇਸ ਹੱਲ ਹੋ ਗਿਆ।



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062

ਜਦੋਂ ਵੀ ਕੋਈ ਮੁਜ਼ਰਿਮ ਜ਼ੁਰਮ ਕਰਦਾ ਹੈ ਤਾਂ ਉਸ ਨੂੰ ਇਹ ਵਹਿਮ ਹੁੰਦਾ ਹੈ ਕਿ ਪੁਲਿਸ ਉਸ ਨੂੰ ਪਕੜ ਨਹੀਂ ਸਕੇਗੀ। ਛੋਟੇ ਮੋਟੇ ਕੇਸ ਤਾਂ ਭਾਵੇਂ ਪੁਲਿਸ ਦੀ ਨਜ਼ਰ ਤੋਂ ਬਚ ਜਾਣ, ਪਰ ਕਤਲ ਵਰਗਾ ਗੁਨਾਹੇ ਅਜ਼ੀਮ ਟਰੇਸ ਹੋ ਹੀ ਜਾਂਦਾ ਹੈ। ਪਿਛਲੇ ਕੁੱਝ ਹਫਤਿਆਂ ਅਜਿਹੇ ਹੀ ਦੋ ਕਤਲ ਕਾਂਡ ਹੋਏ ਹਨ। ਇੱਕ ਵਿੱਚ ਸੋਨਮ ਨਾਮਕ ਔਰਤ ਨੇ ਹਨੀਮੂਨ ਦੌਰਾਨ ਮੇਘਾਲਿਆ ਵਿਖੇ ਆਪਣੇ ਪਤੀ ਰਾਜਾ ਰਘੂਵੰਸ਼ੀ ਦਾ ਆਪਣੇ ਪ੍ਰੇਮੀ ਹੱਥੋਂ ਕਤਲ ਕਰਵਾ ਦਿੱਤਾ ਸੀ ਤੇ ਦੂਸਰੇ ਕੇਸ ਵਿੱਚ ਹਰਿਆਣਾ ਦੀ ਮਾਡਲ ਸ਼ੀਤਲ ਨੂੰ ਉਸ ਦੇ ਪ੍ਰੇਮੀ ਸੁਨੀਲ ਨੇ ਕਤਲ ਕਰ ਦਿੱਤਾ ਸੀ। ਫਿਰ ਉਸ ਨੇ ਸ਼ੀਤਲ ਦੀ ਲਾਸ਼ ਇੱਕ ਨਹਿਰ ਵਿੱਚ ਰੋੜ੍ਹ ਦਿੱਤੀ ਤੇ ਕਾਰ ਵੀ ਨਹਿਰ ਵਿੱਚ ਸੁੱਟ ਦਿੱਤੀ ਤਾਂ ਜੋ ਪੁਲਿਸ ਨੂੰ ਯਕੀਨ ਦਵਾਇਆ ਜਾ ਸਕੇ ਕਿ ਐਕਸੀਡੈਂਟ ਹੋਇਆ ਹੈ। ਇਨ੍ਹਾਂ ਦੋਵਾਂ ਕੇਸਾਂ ਵਿੱਚ ਮੁਜ਼ਰਿਮਾਂ ਨੇ ਕਈ ਹਫਤਿਆਂ ਦੀ ਸੋਚ ਵਿਚਾਰ ਤੋਂ ਬਾਅਦ ਕਤਲ ਕੀਤੇ ਸਨ ਪਰ ਸਾਰੀ ਚਲਾਕੀ ਧਰੀ ਦੀ ਧਰੀ ਰਹਿ ਗਈ। ਮੇਰੀ ਨੌਕਰੀ ਦੌਰਾਨ ਵੀ ਅਜਿਹੇ ਦੋ ਕੇਸ ਟਰੇਸ ਹੋਏ ਸਨ। 1994 - 95 ਵਿੱਚ ਮੈਂ ਰੋਪੜ ਜਿਲ੍ਹੇ ਦੇ ਕਿਸੇ ਥਾਣੇ ਵਿਖੇ ਐਸ.ਐਚ.ਉ. ਲੱਗਾ ਹੋਇਆ ਸੀ ਕਿ ਇੱਕ ਪਿੰਡ ਦੇ ਚੰਗੇ ਖਾਦੇ ਪੀਂਦੇ ਪਰਿਵਾਰ ਦੇ ਨੌਜਵਾਨ ਲੜਕੇ ਦਾ ਕਤਲ ਹੋ ਗਿਆ ਤੇ ਲਾਸ਼ ਕਈ ਦਿਨਾਂ ਬਾਅਦ ਨਹਿਰ ਵਿੱਚੋਂ ਮਿਲੀ ਸੀ। ਉਸ ਕੇਸ ਵਿੱਚ ਅਸੀਂ ਵਾਹ ਜਹਾਨ ਦੀ ਲਾ ਲਈ ਪਰ ਕਾਤਲ ਨਾ ਲੱਭੇ। ਅਸਲ ਵਿੱਚ ਕਤਲ ਦਾ ਕੋਈ ਕਾਰਨ ਹੀ ਨਹੀਂ ਸੀ ਕਿਉਂਕਿ ਉਹ ਪਰਿਵਾਰ ਆਪਣੇ ਕੰਮ ਨਾਲ ਕੰਮ ਰੱਖਣ ਵਾਲਾ ਸੀ। ਉਨ੍ਹਾਂ ਦੀ ਕਿਸੇ ਨਾਲ ਕੋਈ ਦੁਸ਼ਮਣੀ ਵੀ ਨਹੀਂ ਸੀ ਤੇ ਨਾ ਹੀ ਉਨ੍ਹਾਂ ਨੇ ਕਿਸੇ ‘ਤੇ ਸ਼ੱਕ ਜਾਹਰ ਕੀਤਾ। ਆਖਰ ਦੋ ਤਿੰਨ ਮਹੀਨੇ ਟੱਕਰਾਂ ਮਾਰਨ ਤੋਂ ਬਾਅਦ ਕੇਸ ਠੰਡੇ ਬਸਤੇ ਵਿੱਚ ਪਾ ਦਿੱਤਾ ਗਿਆ। ਕਤਲ ਤੋਂ ਪੰਜ ਕੁ ਮਹੀਨੇ ਬਾਅਦ ਸਿਆਲ ਦੀ ਇੱਕ ਸ਼ਾਮ ਦੋ ਬੰਦੇ ਮੋਰਿੰਡੇ ਅੱਡੇ ਵਿੱਚ ਠੇਕੇ ਤੋਂ ਸ਼ਰਾਬ ਲੈਣ ਲਈ ਆਏ। ਉਸ ਸਮੇਂ ਦੇਸੀ ਸ਼ਰਾਬ ਦੀ ਬੋਤਲ ਤੀਹ ਚਾਲੀ ਰੁਪਏ ਦੀ ਹੁੰਦੀ ਸੀ ਤੇ ਉਨ੍ਹਾਂ ਕੋਲ ਦਸ ਰੁਪਏ ਘੱਟ ਸੀ। ਠੇਕੇ ਦੇ ਕਰਿੰਦੇ ਨੇ ਬੋਤਲ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਵਿੱਚੋਂ ਇੱਕ ਬੋਲਿਆ, “ਦੇਣੀ ਬੋਤਲ ਕਿ ਫਲਾਣੇ ਪਿੰਡ ਵਾਲੇ ਰਾਮ ਸਿੰਘ (ਕਾਲਪਨਿਕ ਨਾਮ) ਦੇ ਮੁੰਡੇ ਵਾਲਾ ਹਾਲ ਕਰੀਏ ?”ਇਲਾਕੇ ਦੇ ਮਸ਼ਹੂਰ ਕਤਲ ਬਾਰੇ ਸੁਣ ਕੇ ਕਰਿੰਦੇ ਦੇ ਕੰਨ ਖੜੇ ਹੋ ਗਏ। ਉਸ ਨੇ ਬੋਤਲ ਦੇ ਕੇ ਖਹਿੜਾ ਛੁਡਾਇਆ ਤੇ ਉਨ੍ਹਾਂ ਦੇ ਜਾਂਦੇ ਸਾਰ ਥਾਣੇ ਵੱਲ ਸ਼ੂਟ ਵੱਟ ਦਿੱਤੀ। ਖਬਰ ਸੁਣ ਕੇ ਪੁਲਿਸ ਨੇ ਦੋਵਾਂ ਨੂੰ ਅਹਾਤੇ ਵਿੱਚੋਂ ਗ੍ਰਿਫਤਾਰ ਕਰ ਲਿਆ ਤੇ ਕੇਸ ਹੱਲ ਹੋ ਗਿਆ। ਤਫਤੀਸ਼ ਤੋਂ ਇਹ ਗੱਲ ਸਾਹਮਣੇ ਆਈ ਕਿ ਕਤਲ ਹੋਣ ਵਾਲੇ ਲੜਕੇ ਦਾ ਪਰਿਵਾਰ ਬਹੁਤ ਹੀ ਲਾਲਚੀ ਕਿਸਮ ਦਾ ਸੀ ਤੇ ਲੜਕਾ ਦਹੇਜ਼ ਘੱਟ ਲਿਆਉਣ ਕਾਰਨ ਆਪਣੀ ਨਵ ਵਿਆਹੀ ਪਤਨੀ ਨਾਲ ਕੁੱਟ ਮਾਰ ਕਰਦਾ ਰਹਿੰਦਾ ਸੀ। ਪਰਿਵਾਰ ਵੱਲੋਂ ਰੋਜ਼ਾਨਾ ਦੀ ਕੀਤੀ ਜਾਂਦੀ ਲਾਹ ਪਾਹ ਕਾਰਨ ਲੜਕੀ ਦਾ ਝੁਕਾਉ ਘਰ ਵਿੱਚ ਕਈ ਸਾਲਾਂ ਤੋਂ ਕੰਮ ਕਰ ਰਹੇ ਨੌਕਰ ਵੱਲ ਹੋ ਗਿਆ ਜੋ ਪਿਆਰ ਵਿੱਚ ਬਦਲ ਗਿਆ। ਇੱਕ ਦਿਨ ਪਤੀ ਨੇ ਜਦੋਂ ਉਸ ਨੂੰ ਕੁੱਝ ਜਿਆਦਾ ਹੀ ਕੁੱਟਿਆ ਤਾਂ ਦੁਖੀ ਹੋਈ ਲੜਕੀ ਨੇ ਆਪਣੇ ਪ੍ਰੇਮੀ ਨੂੰ ਉਸ ਦਾ ਫਸਤਾ ਵੱਢਣ ਲਈ ਕਹਿ ਦਿੱਤਾ। ਉਨ੍ਹਾਂ ਦੀ ਜ਼ਮੀਨ ਭਾਖੜਾ ਨਹਿਰ ਦੇ ਨਾਲ ਲੱਗਦੀ ਸੀ। ਪ੍ਰੇਮੀ ਨੇ ਇੱਕ ਦਿਨ ਆਪਣੇ ਕਰੀਬੀ ਦੋਸਤ ਨਾਲ ਮਿਲ ਕੇ ਸ਼ਾਮ ਦੇ ਘੁਸਮੁਸੇ ਵਿੱਚ ਪਤੀ ਦੀ ਗਲ ਘੁੱਟ ਕੇ ਹੱਤਿਆ ਕਰ ਦਿੱਤੀ ਤੇ ਲਾਸ਼ ਨਹਿਰ ਵਿੱਚ ਸੁੱਟ ਦਿੱਤੀ। ਕਿਸੇ ਨੂੰ ਕੰਨੋ ਕੰਨ ਖਬਰ ਨਾ ਹੋਈ ਤੇ ਨਾ ਹੀ ਪ੍ਰੇਮੀ ‘ਤੇ ਕਿਸੇ ਨੂੰ ਸ਼ੱਕ ਹੋਇਆ। ਜੇ ਉਹ ਠੇਕੇ ‘ਤੇ ਫੜ੍ਹ ਨਾ ਮਾਰਦੇ ਤਾਂ ਸ਼ਾਇਦ ਕਤਲ ਦਾ ਪਤਾ ਵੀ ਨਹੀਂ ਸੀ ਲੱਗਣਾ। ਇਸ ਕਤਲ ਤੋਂ ਕਈ ਸਾਲ ਬਾਅਦ ਮੈਂ ਇੱਕ ਸਬ ਡਵੀਜ਼ਨ ਵਿਖੇ ਡੀ.ਐਸ.ਪੀ. ਲੱਗਾ ਹੋਇਆ ਸੀ। ਇੱਕ ਦਿਨ ਮੈਂ ਆਪਣੇ ਦਫਤਰ ਬੈਠਾ ਹੋਇਆ ਸੀ ਕਿ ਹਰੀਪੁਰ ਪਿੰਡ (ਕਾਲਪਨਿਕ ਨਾਮ) ਦਾ ਸਰਪੰਚ ਇੱਕ ਬੰਦੇ ਨੂੰ ਲੈ ਕੇ ਦਫਤਰ ਆ ਗਿਆ। ਉਸ ਬੰਦੇ ਦੇ ਹਵਾਸ ਉੱਡੇ ਹੋਏ ਸਨ ਤੇ ਉਹ ਅਰਦਲੀ ਵੱਲੋਂ ਲਿਆਂਦਾ ਪਾਣੀ ਦਾ ਗਲਾਸ ਗਟਾ ਗੱਟ ਪੀ ਗਿਆ। ਮੈਂ ਸਰਪੰਚ ਨੂੰ ਐਵੇਂ ਮਖੌਲ ਕੀਤਾ ਕਿ ਇਹ ਵਿਅਕਤੀ ਐਨਾ ਘਬਰਾਇਆ ਹੋਇਆ ਕਿਉਂ ਹੈ ? ਕੋਈ ਕਤਲ ਕੁਤਲ ਤਾਂ ਨਹੀਂ ਹੋ ਗਿਆ ? ਸਰਪੰਚ ਨੇ ਦੱਸਿਆ ਕਿ ਇਹ ਆਪਣਾ ਪੁਰਾਣਾ ਘਰ ਢਾਹ ਕੇ ਨਵਾਂ ਬਣਾਉਣ ਲਈ ਨੀਹਾਂ ਪੁੱਟ ਰਿਹਾ ਸੀ ਕਿ ਵਿਹੜੇ ਵਿੱਚੋਂ ਇਨਸਾਨੀ ਪਿੰਜਰ ਨਿਕਲਿਆ ਹੈ। ਅਸੀਂ ਫੌਰਨ ਮੌਕੇ ‘ਤੇ ਪਹੁੰਚ ਗਏ ਤੇ ਵੇਖਿਆ ਕਿ ਇੱਕ ਪਿੰਜਰ ਪਿਆ ਸੀ ਜਿਸ ਦੇ ਹੱਥ ਪਲਾਸਟਿਕ ਦੀਆਂ ਰੱਸੀਆਂ ਨਾਲ ਪਿੱਛੇ ਬੰਨ੍ਹੇ ਹੋਏ ਸਨ ਜੋ ਅਜੇ ਵੀ ਪੂਰੀ ਤਰਾਂ ਨਾਲ ਗਲੀਆਂ ਨਹੀਂ ਸਨ। ਅਸਲ ਵਿੱਚ ਉਹ ਪਿੰਜਰ ਇਸ ਕਾਰਨ ਖਿਲਰਨੋ ਬਚ ਗਿਆ ਕਿਉਂਕਿ ਨੀਹਾਂ ਦੀ ਪੁਟਾਈ ਮਜ਼ਦੂਰ ਕਹੀਆਂ ਨਾਲ ਕਰ ਰਹੇ ਸਨ। ਜੇ ਅੱਜ ਵਾਂਗ ਜੇ.ਸੀ.ਬੀ. ਮਸ਼ੀਨ ਹੁੰਦੀ ਤਾਂ ਉਸ ਦਾ ਪਤਾ ਵੀ ਨਹੀਂ ਸੀ ਲੱਗਣਾ। ਪੁੱਛ ਗਿੱਛ ਕਰਨ ‘ਤੇ ਉਸ ਵਿਅਕਤੀ ਨੇ ਦੱਸਿਆ ਕਿ ਇਹ ਮਕਾਨ ਉਸ ਨੇ ਅੱਠ ਨੌਂ ਸਾਲ ਪਹਿਲਾਂ ਦੋ ਭੈਣਾਂ ਨਾਮੋ ਤੇ ਸ਼ਾਮੋ (ਕਾਲਪਨਿਕ ਨਾਮ) ਕੋਲੋਂ ਖਰੀਦਿਆ ਸੀ। ਇਸ ‘ਤੇ ਸਰਪੰਚ ਮੈਨੂੰ ਇੱਕ ਪਾਸੇ ਲੈ ਗਿਆ ਤੇ ਭੇਤ ਵਾਲੀ ਗੱਲ ਦੱਸੀ ਕਿ ਇਸ ਘਰ ਵਿੱਚ ਨਾਮੋ, ਸ਼ਾਮੋ, ਉਨ੍ਹਾਂ ਦੀ ਮਾਂ ਅਤੇ 17 - 18 ਸਾਲ ਦਾ ਭਰਾ ਅੰਬਾ (ਕਾਲਪਨਿਕ ਨਾਮ) ਰਹਿੰਦੇ ਹੁੰਦੇ ਸਨ। ਉਨ੍ਹਾਂ ਦੀ 8 - 10 ਏਕੜ ਜ਼ਮੀਨ ਵੀ ਸੀ ਤੇ ਬਾਪ ਦੀ ਬਹੁਤ ਪਹਿਲਾਂ ਮੌਤ ਹੋ ਗਈ ਸੀ। ਨਾਮੋ ਤੇ ਸ਼ਾਮੋ ਵੱਡੀਆਂ ਸਨ ਤੇ ਮਾੜੇ ਕਿਰਦਾਰ ਦੀਆਂ ਸਨ। ਅੰਬਾ ਭਾਵੇਂ ਛੋਟਾ ਸੀ ਪਰ ਪਿੰਡ ਵਾਲਿਆਂ ਦੇ ਤਾਹਨੇ ਮਿਹਣਿਆਂ ਕਾਰਨ ਉਹ ਉਨ੍ਹਾਂ ਨੂੰ ਕੁਟਦਾ ਮਾਰਦਾ ਰਹਿੰਦਾ ਸੀ ਤੇ ਇੱਕ ਦਿਨ ਉਹ ਅਚਾਨਕ ਗਾਇਬ ਹੋ ਗਿਆ। ਨਾਮੋ ਤੇ ਸ਼ਾਮੋ ਨੇ ਖੇਖਣ ਜਿਹੇ ਕਰ ਕੇ ਰੋਣਾ ਧੋਣਾ ਕੀਤਾ ਤੇ ਥਾਣੇ ਰਿਪੋਰਟ ਦਰਜ਼ ਕਰ ਦਿੱਤੀ। ਪਿੰਡ ਵਾਲਿਆਂ ਨੂੰ ਉਦੋਂ ਹੀ ਸ਼ੱਕ ਸੀ ਕਿ ਅੰਬੇ ਨੂੰ ਇਨ੍ਹਾਂ ਦੋਵਾਂ ਭੈਣਾਂ ਨੇ ਹੀ ਗਾਇਬ ਕੀਤਾ ਹੈ ਪਰ ਉਨ੍ਹਾਂ ਬਦਮਾਸ਼ ਜਨਾਨੀਆਂ ਤੋਂ ਡਰਦੇ ਮਾਰੇ ਨਾ ਤਾਂ ਪਿੰਡ ਵਾਲੇ ਬੋਲੇ ਤੇ ਨਾ ਹੀ ਉਨ੍ਹਾਂ ਦੀ ਮਾਂ। ਪੁਲਿਸ ਨੇ ਗੁੰਮਸ਼ੁਦਗੀ ਦੀ ਰਿਪੋਰਟ ਦਰਜ਼ ਕਰ ਦਿੱਤੀ ਤੇ ਸਾਰੇ ਇਸ ਕੇਸ ਬਾਰੇ ਭੁੱਲ ਭੁਲਾ ਗਏ। ਦੋ ਚਾਰ ਮਹੀਨਿਆਂ ਵਿੱਚ ਹੀ ਨਾਮੋ ਤੇ ਸ਼ਾਮੋ ਨੇ ਆਪਣੇ ਪ੍ਰੇਮੀਆਂ ਨਾਲ ਵਿਆਹ ਕਰਾ ਲਏ ਤੇ ਜ਼ਮੀਨ ਸਮੇਤ ਘਰ ਵੇਚ ਵੱਟ ਕੇ ਆਪਣੀ ਮਾਂ ਨੂੰ ਨਾਲ ਹੀ ਲੈ ਗਈਆਂ। ਆਪਣੇ ਪੁੱਤ ਦੇ ਵਿਯੋਗ ਵਿੱਚ ਲਾਚਾਰ ਮਾਂ ਵੀ ਸਾਲ ਕੁ ਬਾਅਦ ਹੀ ਮਰ ਗਈ ਜਾਂ ਉਨ੍ਹਾਂ ਨੇ ਮਾਰ ਦਿੱਤੀ। ਸਰਪੰਚ ਨੇ ਕਿਹਾ ਕਿ ਉਸ ਨੂੰ ਪੱਕਾ ਸ਼ੱਕ ਹੈ ਕਿ ਇਹ ਲਾਸ਼ ਅੰਬੇ ਦੀ ਹੈ ਕਿਉਂਕਿ ਜਿੱਥੇ ਨੀਹਾਂ ਪੁੱਟੀਆਂ ਜਾ ਰਹੀਆਂ ਸਨ ਉਥੇ ਪਹਿਲਾਂ ਕੱਚਾ ਵਿਹੜਾ ਹੁੰਦਾ ਸੀ। ਜਦੋਂ ਨਾਮੋ ਤੇ ਸ਼ਾਮੋ ਨੂੰ ਪਕੜ ਕੇ ਥਾਣੇ ਲਿਆਂਦਾ ਗਿਆ ਤਾਂ ਉਨ੍ਹਾਂ ਨੂੰ ਯਕੀਨ ਨਾ ਆਵੇ ਕਿ ਨੌਂ ਦਸ ਸਾਲ ਪਹਿਲਾਂ ਦੱਬੀ ਭਰਾ ਦੀ ਲਾਸ਼ ਨੇ ਉਨ੍ਹਾਂ ਨੂੰ ਫਸਾ ਦਿੱਤਾ ਹੈ। ਉਹ ਥੋੜ੍ਹੀ ਜਿਹੀ ਸਖਤੀ ਨਾਲ ਹੀ ਮੰਨ ਗਈਆਂ ਕਿ ਉਨ੍ਹਾਂ ਨੇ ਪਹਿਲਾਂ ਨੀਂਦ ਦੀਆਂ ਗੋਲੀਆਂ ਚਾਹ ਵਿੱਚ ਪਾ ਕੇ ਅੰਬੇ ਨੂੰ ਦਿੱਤੀਆਂ ਸਨ ਫਿਰ ਗਲ ਘੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ। ਲਾਸ਼ ਨੂੰ ਦਬਾਉਣ ਦਾ ਕੰਮ ਜ਼ਮੀਨ ਦੇ ਲਾਲਚ ਵਿੱਚ ਉਨ੍ਹਾਂ ਦੇ ਪ੍ਰੇਮੀਆਂ ਨੇ ਕੀਤਾ ਸੀ ਜੋ ਉਨ੍ਹਾਂ ਦੇ ਮੌਜੂਦਾ ਪਤੀ ਸਨ। ਪਿੰਡ ਦਾ ਕੋਈ ਬੰਦਾ ਗਵਾਹੀ ਦੇਣ ਲਈ ਤਿਆਰ ਨਾ ਹੋਇਆ ਜਿਸ ਕਾਰਨ ਮੈਂ ਡੀ.ਐਨ.ਏ. ਟੈਸਟ ਕਰਾ ਕੇ ਕੇਸ ਤਿਆਰ ਕੀਤਾ ਜਿਸ ਦੀ ਬਿਨਾ ‘ਤੇ ਚਾਰਾਂ ਨੂੰ ਸ਼ੈਸ਼ਨ ਕੋਰਟ ਤੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ
Jatt Sikh Grewal Family seeks well settled Businessman/ DDS Doctor in Calgary Canada from Gursikh/ Vegetarian teetotaler family for their Highly qualified, Dental Doctor, BDS BFUHS Graduate Beautiful, 5'-3"/ 1998 Born Daughter doing Indian Job, Visiting Canada Soon. Brother PR in Canada (Calgary). Wedding in Canada. WhatsApp/ Mobile: +1 8255587575. ***273***

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਮੱਲੀ ਪਰਿਵਾਰ ਦੇ ਲੜਕੇ ਉਮਰ 27 ਸਾਲ, ਕੱਦ 6 ਫੁੱਟ, ਮਕੈਨੀਕਲ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜ 'ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1587 917 5166 ***277***

### ਲੜਕੀ ਦੀ ਲੋੜ
ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 403 975 8441 ***277***

### ਲੜਕੇ ਦੀ ਲੋੜ
ਕੈਨੇਡੀਅਨ ਸਿਟੀਜ਼ਨ,ਜੱਟ ਸਿੱਖ ਪਰਿਵਾਰ ਦੀ ਲੜਕੀ,ਜਨਮ 1996,ਕੱਦ 5 ਫੁੱਟ 6 ਇੰਚ,ਵਿੱਦਿਅਕ ਯੋਗਤਾ: ਐਸੋਸੀਏਟ ਡਿਗਰੀ ਇਨ ਕੰਪਿਊਟਰ ਸਾਇੰਸ,ਹੁਣ ਸਟੋਰ ਮੈਨੇਜਰ ਦੀ ਜੌਬ ਕਰਦੀ ਲਈ, ਹਾਣ ਪ੍ਰਵਾਣ ਦੀ ਯੋਗਤਾ ਵਾਲੇ ਵੈੱਲ ਸੈਟਲਡ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 852 2852 ***277***

### ਲੜਕੀ ਦੀ ਲੋੜ
ਜੱਟ ਸਿੱਖ ਪਰਿਵਾਰ ਦੇ ਸੌਰਟ ਮੈਰਿਜ ਡਿਵੋਰਸੀ ਲੜਕੇ ਜਨਮ 1996,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਅਤੇ ਆਈ ਟੀ ਆਈ ਵੈਲਡਰ ਡਿਪਲੋਮਾਂ ਹੋਲਡਰ ,ਕਨੇਡਾ ਓਪਨ ਵਰਕ ਪਰਮਿਟ ਉੱਪਰ, ਘਰਾਂ ਬਣਾਉਣ ਦੇ ਕੰਮ ਵਿੱਚ ਫਰੇਮਰ ਦੀ ਜੌਬ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ 'ਤੇ ਸੈਟਲ ਹੈ। ਸੰਪਰਕ: 1 403 957 4700 ***273***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਅਣਮੈਰਿਡ ਸੋਹਣੀ ਸੁਨੱਖੀ ਲੜਕੀ,ਉਮਰ 42 ਸਾਲ, ਕੱਦ 5 ਫੁੱਟ 3 ਇੰਚ, ਚੰਗੀ ਤਨਖਾਹ ਉੱਪਰ ਸਰਕਾਰੀ ਜੌਬ ਕਰਦੀ ਲਈ,ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜਾ ਜਾਂ ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਿਆਹ ਤੋਂ ਬਾਦ ਲੜਕਾ ਐਡਮਿੰਟਨ ਰਹਿਣ ਲਈ ਤਿਆਰ ਹੋਵੇ। ਤਸਵੀਰਾਂ ਅਤੇ ਬਾਇਓਡਾਟਾ -1 780 982 0336 ਉੱਪਰ ਵਟਸਐਪ ਭੇਜ ਸਕਦੇ ਹੋ। ***276***

### ਲੜਕੀ ਦੀ ਲੋੜ
Jat Sikh Bhullar family seeking a suitable match for their son who is a turban wearer non drinker, convent educated from Dalhousie and diploma in hospitality from Australia. 31-year-old, 5'-11" who is living in Australia since 2015. He owns 16 acres of farmland and a new flat in new Chandigarh. He has come to visit his Nanka family in Calgary and seeking a suitable PR or Canadian citizen girl. Please call or text: 1 587 436 5229 ***276***

### ਲੜਕੀ ਦੀ ਲੋੜ
ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਕੈਨੇਡਾ ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਲੜਕੇ,ਜਨਮ 1991, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 236 234 0315 ਜਾਂ ਈ ਮੇਲ: harpdhaliwal408 @icloud.com ***276***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ 28 ਸਾਲਾ ਲੜਕੀ, ਕੱਦ 5 ਫੁੱਟ 3 ਇੰਚ, ਜੋ ਇਸ ਸਮੇਂ ਸੈਸਕਾਟੂਨ, ਸੈਸਕਾਚਵਨ (ਕਨੇਡਾ) ਵਿੱਚ ਰਜਿਸਟਰਡ ਨਰਸ (R.N.) ਦੀ ਨੌਕਰੀ ਕਰ ਰਹੀ ਹੈ,ਲਈ ਹਾਣ-ਪ੍ਰਵਾਣ ਅਤੇ ਚੰਗੇ ਸੁਭਾਅ ਵਾਲੇ,ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕਨੇਡਾ ਰਹਿੰਦੇ ਲੜਕੇ ਨੂੰ ਪਹਿਲ ਪਰ ਪੰਜਾਬ ਰਹਿੰਦੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਕੈਨੇਡਾ ਤੋਂ ਫੋਨ ਕਾਲ ਪੰਜਾਬ ਦੇ ਸਮੇਂ ਦੇ ਹਿਸਾਬ ਨਾਲ ਹੀ ਕੀਤੀ ਜਾਵੇ। ਸੰਪਰਕ : ਵਟਸਐਪ +91 89689-36769 **272**

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਉੱਪਰ ਆਏ ਨਰੂਲਾ (ਮਹਾਜਨ) ਪਰਿਵਾਰ ਦੇ ਵੈਜੀਟੇਰੀਅਨ,ਨਾਨ ਡਰਿੰਕ,,ਲੜਕੇ ਜਨਮ 1988, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਟੈੱਕ ਇਨ ਕੰਪਿਊਟਰ ਸਾਇੰਸ(ਪੀ ਆਰ ਅਪਲਾਈਡ) ਚੰਗੀ ਕੰਪਨੀ ਵਿੱਚ ਮੈਨੇਜਰ ਦੇ ਤੌਰ ;ਤੇ ਕੰਮ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਾਕਟਰੀ ਦੇ ਖੇਤਰ ਵਿੱਚ ਲੜਕੇ ਦੇ ਪਿਤਾ ਦਾ ਆਪਣਾ ਕਲੀਨਕ ਹੈ। ਸੰਪਰਕ: 1 403 973 4039 ***275***

### ਲੜਕੀ ਦੀ ਲੋੜ
ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਨਸ਼ਾ ਰਹਿਤ,10 ਏਕੜ ਜ਼ਮੀਨ ਦੇ ਮਾਲਿਕ, ਇਕਲੌਤੇ ਲੜਕੇ ਉਮਰ 23 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257 ***274***

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਹੇਰ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 26 ਸਾਲ,ਕੱਦ 5 ਫੁੱਟ 9 ਇੰਚ, ਘਰਾਂ ਦੇ ਕੰਮ ਸਾਈਡਿੰਗ,ਰੂਫਿੰਗ,ਗਟਰ ਆਦਿ ਦੇ ਕੰਮ ਵਿੱਚ ਮਾਹਿਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257 ***274***

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਚਹਿਲ ਪਰਿਵਾਰ ਦੇ ਲੜਕੇ,ਜਨਮ 1995, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ: ਕੇਟਰਿੰਗ ਐਂਡ ਹੋਟਲ ਮੈਨੇਜਮੈਂਟ ਗਰੈਜੂਏਟ (ਕੋਲਕਾਤਾ) ਰਸੋਈ ਮੈਨੇਜਮੈਂਟ ਪੋਸਟ ਗਰੈਜੂਏਟ ਡਿਪਲੋਮਾ ਇਨ ਕੈਨੇਡਾ, ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ।
ਸੰਪਰਕ:1 587 973 4590 ***274***

### ਲੜਕੀ ਦੀ ਲੋੜ
ਨਿਊਜੀਲੈਂਡ ਪੀ ਆਰ, ਜੱਟ ਸਿੱਖ ਵਿਰਕ ਪਰਿਵਾਰ ਦੇ ਨਿਊਜੀਲੈਂਡ ਸਰਕਾਰ ਵਿੱਚ ਕੋਰੈਕਸਨ ਅਫਸਰ ਦੀ ਜੌਬ ਕਰਦੇ ਸੋਹਣੇ ਸੁਨੱਖੇ ਲੜਕੇ,ਜਨਮ 1993, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਬੈਚੂਲਰ ਇਨ ਕਾਮਰਸ, ਨਿਊਜੀਲੈਂਡ ਤੋਂ ਗਰੈਜੂਏਟ ਡਿਪਲੋਮਾ ਇਨ ਅਕਾਊਂਟਿੰਗ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਛੋਟਾ ਭਰਾ ਕਨੇਡੀਅਨ ਪੀ ਆਰ ਹੈ। ਸੰਪਰਕ :91 99880 03784 ***274***

### ਲੜਕੀ ਦੀ ਲੋੜ
ਕੈਨੇਡੀਅਨ ਸਿਟੀਜ਼ਨ, ਜੱਟ ਸਿੱਖ ਸਮਰਾ ਪਰਿਵਾਰ ਦੇ ਨਸ਼ਾ ਰਹਿਤ ਲੜਕੇ, ਜਨਮ 1993 ਕੱਦ 6 ਫੁੱਟ 3 ਇੰਚ, ਵਿਦਿਅਕ ਯੋਗਤਾ ਇਲੈਕਟ੍ਰੀਕਲ ਜਰਨੀਮੈਨ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ :1 780 271 2253 ***274***

### ਲੜਕੇ ਦੀ ਲੋੜ
Sikh Jatt family seeking a suitable match for their beautiful family-oriented daughter, 29 years old, height 5'-4" raised in Calgary. Canadian Citizen with a degree from a Canadian University, now working in a reputable company. Looking for a professional and Canadian educated Jatt Sikh boy raised in Canada. Serious inquiries only 587-703-0343 ***273 ***

### ਲੜਕੇ ਦੀ ਲੋੜ
Jatt Sikh Gill - Canadian Citizen, 29-year-old girl, 5 ft tall, holding a Bachelor of Accounting degree. Currently employed in a government position. She belongs to a well-educated and respected family. Seeking a well-educated, professionally employed match based in Edmonton. Contact: +91- 98761-56620? (WhatsApp only) or 780-203-8689. **273 **

### ਲੜਕੇ ਦੀ ਲੋੜ
Jatt Sikh's parents seeking a suitable match for their Indian born daughter, Canadian citizen, born Dec 1986, 5 1.5" feet, B. Tech & MBA, working in a leading company in a management role. A boy should be well educated in good moral values, either doing a decent job or business. Cell no./WhatsApp +1 587-703-3978 **273F Rana **

### ਲੜਕੇ ਦੀ ਲੋੜ
ਪ੍ਰਜਾਪਤ ਪਰਿਵਾਰ ਦੀ ਕਨੇਡਾ ਰਹਿੰਦੀ ਲੜਕੀ,ਜਨਮ 1991,ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ: MA (Hindi) M. Ed. PTET CLEAR, National level Rifle shooter having various medals and having "D" course certificate for shooting coach, Currently on study permit master degree in M. Ed in leadership (specialization) for two year course at university of Regina, Canada ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਭਰਾ ਕਨੇਡਾ ਪੀ ਆਰ ਅਤੇ ਪਿਤਾ ਸੈਂਟਰਲ ਸਰਕਾਰ ਦਾ ਅਫਸਰ ਅਤੇ ਮਾਤਾ ਐਜੂਕੇਸ਼ਨ ਵਿਭਾਗ ਵਿੱਚੋਂ ਰਿਟਾਇਰਡ ਹਨ। ਸੰਪਰਕ: 1 437 604 4345 ਜਾਂ 1 647 570 4345 ***273F RG ***

### ਲੜਕੀ ਦੀ ਲੋੜ
ਕੈਨੇਡਾ ਵਿਜ਼ਿਟਰ ਵੀਜੇ ਉੱਪਰ ਆਏ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 41 ਸਾਲ,ਕੱਦ 5 ਫੁੱਟ 10 ਇੰਚ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਸੰਪਰਕ:1 431 866 6458 ***272***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਵਿਰਕ ਪਰਿਵਾਰ ਦੇ ਕੈਲਗਰੀ ਵਿੱਚ ਰਹਿੰਦੇ ਲੜਕੇ ਜਨਮ 1992, ,ਕੱਦ 5 ਫੁੱਟ 11 ਇੰਚ,ਵਿੱਦਿਅਕ ਯੋਗਤਾ: ਡਿਪਲੋਮਾਂ (3 ਸਾਲ)ਮਕੈਨੀਕਲ ਇੰਜੀਨੀਅਰ, ਟਰਾਂਸਪੋਰਟ ਦਾ ਕਾਰੋਬਾਰ ਕਰਦੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਪੰਜਾਬ ਵਿੱਚ 6.5 ਏਕੜ ਜਮੀਨ ਅਤੇ ਕੈਲਗਰੀ ਵਿੱਚ ਆਪਣਾ ਘਰ ਹੈ। ਸੰਪਰਕ 587 839 7750, 1 825 438 4556, ਈ ਮੇਲ : Virknarinder66 @gmail.com ***272***

### ਲੜਕੇ ਦੀ ਲੋੜ
The Jatt Sikh Rai family is looking for a suitable match for their beautiful, tall Canadian citizen daughter, 31 years old, 5'10 "tall. She is family-oriented, with strong family values, well-educated with an associate degree in Healthcare Information Management, and works as a Project Manager in the healthcare field. We are seeking a tall, handsome individual who is a Canadian citizen and resides in Calgary or nearby areas, with a professional career. For contact, please call, text, or leave a voicemail at 403 478 7405 (for serious inquiries only). ***274***

### ਲੜਕੇ ਦੀ ਲੋੜ
ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

### ਲੜਕੀ ਦੀ ਲੋੜ
ਇੰਡੀਆ ਰਹਿੰਦੇ ਜੱਟ ਸਿੱਖ ਮਾਂਗਟ ਪਰਿਵਾਰ ਦੇ ਲੜਕੇ, ਉਮਰ 33 ਸਾਲ, ਕੱਦ 6 ਫੁੱਟ, ਹਾਊਸ ਏ ਸੀ ਰਿਪੇਅਰ ਟੈਕਨੀਸ਼ੀਅਨ ਲਈ ਕੈਨੇਡੀਅਨ ਪੀ ਆਰ,ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ੇ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ੇ ਵਾਲੀ ਲੜਕੀ ਨੂੰ LMIA ਲਈ ਮੱਦਦ ਵੀ ਕਰ ਸਕਦੇ ਹਾਂ । ਸੰਪਰਕ: 1 780 667 7307 ***272***

### ਲੜਕੀ ਦੀ ਲੋੜ
ਜੱਟ ਸਿੱਖ ਸਿੱਧੂ ਪਰਿਵਾਰ ਦੇ ਵਿਜ਼ਿਟਰ ਵੀਜ਼ੇ ਉੱਪਰ ਆਏ ਅੰਮ੍ਰਿਤਧਾਰੀ ਲੜਕੇ,ਉਮਰ 27 ਸਾਲ,ਕੱਦ 5 ਫ਼ੁੱਟ 10 ਇੰਚ ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 975 3251***272***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ
ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ
ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਸਿਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ
ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ
ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ
Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੀ ਦੀ ਲੋੜ
ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।
ਸੰਪਰਕ 1 780 300 2000 (ਵਟਸਐਪ): 9583592000


## Need Office Administrator
**We need Office administrator person for our Calgary Office. who speaks good English, must have driver license, good wages,we will give training also!**
**Contact : Kam Khamba**
**@403-975-0128**


## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ
**ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।**
**ਸੰਪਰਕ** : 587 329 7202

## Name Change
I, Dilpreet Singh son of Gurjant Singh, holder of Indian Passport No P6408797, issued at Chandigarh on 30/01/2017, permanent resident of VPO: Kurar, Distt: Barnala, Punjab 148104, India and presently residing at 16 Red Sky Green NE, Calgary, AB T3N0V5, Canada do hereby change my name from Dilpreet Singh to Dilpreet Singh Pannu, with immediate effect.


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
Email: punjabiakhbaar@gmail.com
403 640 2000


## ਕਿਸੇ ਵੀ ਦੇਸ਼ ਲਈ ਬਿਨਾਂ ਟੈਰੀਫਾਂ ਦੇ ਸਮਝੌਤੇ ਨੂੰ ਨੇਪਰੇ ਚਾੜਨਾ ਮੁਸ਼ਕਿਲ-ਕਾਰਨੀ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ)ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਖਿਆ ਹੈ ਕਿ ਅਮਰੀਕਾ ਵੱਲੋਂ ਲਗਾਏ ਗਏ ਟੈਰਿਫਾਂ ਤੋਂ ਬਾਅਦ ਜਿਆਦਾਤਰ ਦੇਸ਼ ਬੇਸ ਲਾਈਨ ਟੈਰਿਫ ਰੇਟ ਨੂੰ ਮਨਜ਼ੂਰ ਕਰ ਲੈਣਗੇ। ਔਟਵਾ ਵਿਖੇ ਪਾਰਲੀਮੈਂਟ ਹਿਲ ਵਿੱਚ ਆਪਣੀ ਕੈਬਨਿਟ ਨਾਲ ਮੀਟਿੰਗ ਤੇ ਜਾਂਦਿਆਂ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਉਹਨਾਂ ਦੱਸਿਆ ਕਿ ਇਸ ਗੱਲ ਦੇ ਬਹੁਤ ਜਿਆਦਾ ਸਬੂਤ ਤਾਂ ਨਹੀਂ ਹਨ ਜਿਸ ਵਿੱਚ ਇਹ ਪਤਾ ਲੱਗ ਰਿਹਾ ਹੋਵੇ ਕਿ ਵੱਖ-ਵੱਖ ਦੇਸ਼ਾਂ ਵੱਲੋਂ ਅਮਰੀਕਾ ਨਾਲ ਕਿਸ ਤਰ੍ਹਾਂ ਦੇ ਸਮਝੌਤੇ ਜਾਂ ਗੱਲਬਾਤ ਚੱਲ ਰਹੀ ਹੈ। ਪਰ ਕਿਸੇ ਵੀ ਦੇਸ਼ ਲਈ ਬਿਨਾਂ ਟੈਰੀਫਾਂ ਦੇ ਸਮਝੌਤੇ ਨੂੰ ਨੇਪਰੇ ਚਾੜਨਾ ਮੁਸ਼ਕਿਲ ਹੋਵੇਗਾ ਉਨ੍ਹਾਂ ਅੱਗੇ ਕਿਹਾ ਕਿ ਕੈਨੇਡਾ,ਅਮਰੀਕਾ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਫਰੀ ਟਰੇਡ ਕਰਨ ਲਈ ਵਿਲੱਖਣ ਸਥਿਤੀ ਵਿੱਚ ਹੈ।ਵਰਨਣ ਯੋਗ ਹੈ ਕਿ ਅਲਬਰਟਾ ਵਿੱਚ ਹੋਏ ਜੀ 7 ਸੰਮੇਲਨ ਤੋਂ ਬਾਅਦ ਮਾਰਕ ਕਾਰਨੀ ਨੇ ਇਹ ਦਾਅਵਾ ਕੀਤਾ ਸੀ ਕਿ 21 ਜੁਲਾਈ ਤੱਕ ਅਮਰੀਕਾ ਦੇ ਨਾਲ ਵਪਾਰ ਸਮਝੌਤਾ ਨੇਪਰੇ ਚੜ ਜਾਵੇਗਾ ਪਰ ਉਸ ਤੋਂ ਪਹਿਲਾਂ ਹੀ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇੱਕ ਚਿੱਠੀ ਭੇਜ ਕੇ ਇਹ ਚੇਤਾਵਨੀ ਦਿੱਤੀ ਕਿ ਉਹ ਕੈਨੇਡਾ ਦੇ ਉਤਪਾਦਾਂ ਉੱਪਰ ਪਹਿਲੀ ਅਗਸਤ ਤੋਂ 35 ਫੀਸਦੀ ਟੈਰਿਫ ਲਗਾ ਦੇਣਗੇ ਜਿਸ ਤੇ ਹੁਣ ਮਾਰਕਕਾਰਨੀ ਵੱਲੋਂ ਮੰਤਰੀ ਮੰਡਲ ਅਤੇ ਸੂਬਿਆਂ ਦੇ ਪ੍ਰੀਮੀਅਰਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ।


## ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ

ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263




Advice from someone you trust.
Sun Life
Life's brighter under the sun
Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds

Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.




# ਚੰਬੇ ਦੀਏ ਬੰਦ ਕਲੀਏ

**-ਵਾਰਿਸ ਲੁਧਿਆਣਵੀ**




ਬਚਪਨ ਤੋਂ ਲੈਕੇ ਸਕੂਲੀ ਜੀਵਨ ਤੱਕ ਮੇਰਾ ਦੋਸਤਾਨਾ ਤੇ ਆਲਾ ਦੁਆਲਾ ਨਿਰੋਲ ਪੇਂਡੂ ਪੰਜਾਬੀ ਰਿਹਾ । ਕਾਲਜ ਦੇ ਦਿਨਾਂ ਵਿੱਚ ਸ਼ਹਿਰੀ ਮੁੰਡੇ ਕੁੜੀਆਂ ਵੀ ਨਾਲ ਰਲ ਗਏ । ਕਾਲਜ ਦੇ ਸਮੇਂ ਮੇਰੀ ਖੁਦ ਦੀ ਰੁਚੀ ਤਾਂ ਪੰਜਾਬੀ ਗੀਤਾਂ ਤੇ ਪੰਜਾਬੀ ਜ਼ੁਬਾਨ ਨਾਲ ਹੀ ਰਹੀ ਪਰ ਸੰਗੀ ਸਾਥੀਆਂ ਦਾ ਲਗਾਓ ਹਿੰਦੀ ਗੀਤਾਂ ਨਾਲ ਵੀ ਸੀ। ਉਸ ਵੇਲੇ ਮੁਹੰਮਦ ਰਫੀ, ਮੁਕੇਸ਼, ਕਿਸ਼ੋਰ ਕੁਮਾਰ, ਲਤਾ ਮੰਗੇਸ਼ਕਰ, ਆਸ਼ਾ ਭੌਂਸਲੇ ਦੇ ਗੀਤ ਸ਼ਹਿਰੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਹੁੰਦੇ । ਜਦੋਂ ਕਿ ਮੈਂ ਤਾਂ ਯਮਲਾ ਜੱਟ, ਸੁਰਿੰਦਰ ਕੌਰ, ਨਰਿੰਦਰ ਬੀਬਾ,ਹਰਚਰਨ ਗਰੇਵਾਲ, ਕਰਮਜੀਤ ਧੂਰੀ, ਮੁਹੰਮਦ ਸਦੀਕ ਦੀਦਾਰ ਸੰਧੂ ਜਾਂ ਕੁਲਦੀਪ ਮਾਣਕ ਦੇ ਗੀਤਾਂ ਦਾ ਸ਼ੁਦਾਈ ਸੀ । ਕੁੱਝ ਕੁ ਅਮੀਰ ਪਰਿਵਾਰਾਂ ਦੇ ਸ਼ਹਿਰੀ ਪੰਜਾਬੀ ਮੁੰਡੇ ਅਵੱਲੜੇ ਜਿਹੇ ਪੰਜਾਬੀ ਗੀਤ ਗਾਉਂਦੇ । ਜੋ ਮੇਰੇ ਸਮਝ ਤਾਂ ਆਉਂਦੇ ਪਰ ਪਤਾ ਨਹੀਂ ਲੱਗਦਾ ਸੀ ਇਹ ਕਲਾਕਾਰ ਕਿਹੜਾ ਐ, ਤੇ ਐਦਾਂ ਹੌਲੀ ਹੌਲੀ ਜਿਹੇ ਕਿਉਂ ਗਾਉਂਦਾ ਐ ? ਦਰਅਸਲ ਮੇਰੀ ਪਸੰਦ 'ਚ ਜਿਹੜੇ ਪੰਜਾਬੀ ਗੀਤ ਟਿਕੇ ਹੋਏ ਸਨ, ਉਹ ਤਾਂ ਤੇਜ ਗਤੀ ਤੇ ਉੱਚੀ ਸੁਰ ਵਾਲੇ ਸਨ । ਜਵਾਨੀ ਤੇ ਕਾਲਜ ਦੇ ਦਿਨਾਂ ਵਿੱਚ ਹਰ ਗੱਭਰੂ ਮੁਟਿਆਰ ਦੇ ਦਿਲਾਂ ਦੀਆਂ ਉਮੰਗਾਂ ਨਵੀਆਂ ਨਵੀਆਂ ਅੰਗੜਾਈਆਂ ਲੈਂਦੀਆਂ ਹਨ । ਮੇਰਾ ਇਕ ਮਿੱਤਰ ਕੰਵਲ
ਜੋ ਪੰਡਤਾਂ ਦਾ ਮੁੰਡਾ ਸੀ, ਬੇਹੱਦ ਖੂਬਸੂਰਤ ਵੀ ਸੀ , ਤੇ ਗਾਉਂਦਾ ਵੀ ਬਹੁਤ ਸੋਹਣਾ ਸੀ । ਉਹ ਅਕਸਰ ਹੀ ਕਾਲਜ ਦੇ ਵਿਹਲੇ ਪੀਰੀਅਡ ਸਮੇਂ ਹਾਣੀਆਂ ਦੀ ਢਾਣੀ ਵਿੱਚ ਬੈਠਾ ਗਾਉਂਦਾ ਹੁੰਦਾ :

ਨੀ ਚੰਬੇ ਦੀਏ ਬੰਦ ਕਲੀਏ
ਤੈਨੂੰ ਜਿਹੜੇ ਵੇਲੇ ਰੱਬ ਨੇ ਬਣਾਇਆ
ਤੇ ਸੋਚਾਂ ਵਿੱਚ ਆਪ ਪੈ ਗਿਆ
ਕਿ ਦੂਜਾ ਚੰਦ ਕਿਧਰੋਂ ਚੜ੍ਹ ਆਇਆ
ਨੀ ਚੰਬੇ ਦੀਏ ਬੰਦ ਕਲੀਏ
ਅੱਖੀਆਂ ਨੇ ਜਾਂ ਫੁੱਲ ਕੰਵਲ ਦੇ
ਬੁਲ੍ਹੀਆਂ ਨੇ ਜਿਉਂ ਦੋ ਸ਼ੇਅਰ ਗ਼ਜ਼ਲ ਦੇ
ਤੇ ਹਾਸਾ ਵਿੱਚੋਂ ਇੰਝ ਡੁਲ੍ਹਦਾ
ਜਿਵੇਂ ਜਾਮ ਕਿਸੇ ਛਲਕਾਇਆ
ਨੀ ਚੰਬੇ ਦੀਏ ਬੰਦ ਕਲੀਏ
ਤੈਨੂੰ ਕਿਸੇ ਨਾਲ ਜਾਣ ਨਹੀਂ ਦੇਣਾ
ਗੈਰਾਂ ਨੂੰ ਹੱਥ ਲਾਣ ਨੀ ਦੇਣਾ
ਨੀ ਗੁੱਡੀਏ ਹੁਸਨ ਦੀਏ
ਪੇਚਾ ਇਸ਼ਕ ਦਾ ਇਹੋ ਜਿਹਾ ਪਾਇਆ
ਨੀ ਚੰਬੇ ਦੀਏ ਬੰਦ ਕਲੀਏ
ਲਟ ਤੇਰੀ ਇੰਝ, ਗੋਰੀ ਗੱਲ੍ਹ ਉੱਤੋਂ ਤਿਲ੍ਹਕੇ
ਜੱਫੀ ਜਿਵੇਂ ਪਾਵੇ, ਸੁਬਾਹ ਸ਼ਾਮ ਨਾਲ ਮਿਲਕੇ
ਤੇ ਬਹਿਗੇ ਅਸੀਂ ਦਿਲ ਫੜਕੇ
ਤੇਰੇ ਲੱਕ ਨੂੰ ਹੁਲਾਰਾ ਜਦੋਂ ਆਇਆ
ਨੀ ਚੰਬੇ ਦੀਏ ਬੰਦ ਕਲੀਏ
ਤੈਨੂੰ ਜਿਹੜੇ ਵੇਲੇ ਰੱਬ ਨੇ ਬਣਾਇਆ
ਤੇ ਸੋਚਾਂ ਵਿੱਚ ਆਪ ਪੈ ਗਿਆ
ਦੂਜਾ ਚੰਦ ਕਿਧਰੋਂ ਚੜ੍ਹ ਆਇਆ

ਕੰਵਲ ਦੇ ਵਾਰ ਵਾਰ ਗਾਉਣ 'ਤੇ ਇਹ ਗੀਤ ਮੈਨੂੰ ਵੀ ਚੰਗਾ ਲੱਗਣ ਲੱਗ ਪਿਆ । ਕੰਵਲ ਨੇ ਮੈਨੂੰ ਦੱਸਿਆ ਕਿ ਇਹ ਪਾਕਿਸਤਾਨ ਦਾ ਬਹੁਤ ਵੱਡਾ ਗਾਇਕ ਐ ਗੁਲਾਮ ਅਲੀ ਖਾਨ । ਤੇ ਇਹ ਗ਼ਜ਼ਲ ਐ ਗੁਲਾਮ ਅਲੀ ਦੀ । ਜਿਵੇਂ ਉਹਨਾਂ ਦਿਨਾਂ ਵਿੱਚ ਮੈਂ ਮਾਣਕ ਦੇ ਗਾਏ ਹੋਏ ਹਰੇਕ ਗੀਤ ਨੂੰ ਈ ਕਲੀ ਕਹਿੰਦਾ ਹੁੰਦਾ ਸੀ ਕਿਉਂਕਿ ਮੈਨੂੰ ਕਲੀ, ਵਾਰ, ਲੋਕ-ਤੱਥ, ਲੋਕ ਗਾਥਾ ਦੀਆਂ ਵਿਧਾਵਾਂ ਦੀ ਕੋਈ ਜਾਣਕਾਰੀ ਈ ਨਹੀਂ ਸੀ । ਇਹਨਾਂ ਵਿਧਾਵਾਂ ਵਿਚਲਾ ਅੰਤਰ ਤਾਂ ਬਹੁਤ ਬਾਅਦ ਵਿੱਚ ਆ ਕੇ ਪਤਾ ਲੱਗਿਆ । ਓਸੇ ਤਰ੍ਹਾਂ ਕੰਵਲ ਦੇ ਮਨ ਵਿੱਚ ਵੀ ਇਹ ਵਸਿਆ ਹੋਇਆ ਸੀ ਕਿ ਗੁਲਾਮ ਅਲੀ ਜੋ ਵੀ ਗਾਉਂਦੈ ਉਹ ਗ਼ਜ਼ਲ ਈ ਹੁੰਦੀ ਐ । ਗ਼ਜ਼ਲ ਤੇ ਗੀਤ ਵਿੱਚਲਾ ਫਰਕ ਸ਼ਾਇਦ ਕੰਵਲ ਨੂੰ ਵੀ ਓਸ ਵੇਲੇ ਪਤਾ ਨਹੀਂ ਸੀ । ਗੱਲ ਕੀ ਇਹ ਗੀਤ ਕਾਲਜ ਦੇ ਕਾਫੀ ਵਿਦਿਆਰਥੀਆਂ ਦੀ ਪਸੰਦ ਬਣ ਗਿਆ । ਚੰਬੇ ਦੀਏ ਬੰਦ ਬੰਦ ਕਲੀਏ"ਦੇ ਨਾਲ ਨਾਲ ਕੰਵਲ ਨੇ ਓਹੋ ਜਿਹੇ ਹੀ ਦੋ ਹੋਰ ਗੀਤ ਵੀ ਮੂੰਹ ਜ਼ੁਬਾਨੀ ਯਾਦ ਕਰ ਲਏ । ਉਹਨਾਂ ਵਿੱਚੋਂ ਇਕ ਗੀਤ ਸੀ:

ਪਹਿਲੀ ਵਾਰ ਅੱਜ ਇਹਨਾਂ ਅੱਖੀਆਂ ਨੇ ਤੱਕਿਆ
ਇਹੋ ਜਿਹਾ ਤੱਕਿਆ ਕਿ ਹਾਏ ਮਾਰ ਸੁੱਟਿਆ
ਅਜ਼ਲਾਂ ਤੋਂ ਦਿਲ ਮੇਰਾ ਤੇਰਾ ਈ ਦੀਵਾਨਾ ਸੀ
ਤੇਰੇ ਬਾਝੋਂ ਮੇਰੇ ਲਈ ਇਹ ਦੁਨੀਆ ਵੀਰਾਨਾਂ ਸੀ
ਮਿਲ ਗਈ ਤੂੰ ਸੁੰਞਾ ਵੇਹੜਾ ਸੱਧਰਾਂ ਦਾ ਵੱਸਿਆ
ਇਹੋ ਜਿਹਾ ਤੱਕਿਆ ਕਿ ਹਾਏ ਮਾਰ ਸੁੱਟਿਆ
ਪਹਿਲੀ ਵਾਰ ਅੱਜ ਇਹਨਾਂ ਅੱਖੀਆਂ ਨੇ ਤੱਕਿਆ
ਚੁੰਨੀ ਦਾ ਇਹ ਪੱਲਾ ਜਰਾ ਬੁਲ੍ਹੀਆਂ 'ਚ ਲੈਕੇ
ਝੂਠੀ ਮੂਠੀ ਐਂਵੇ ਕਿਸੇ ਸੋਚ ਵਿੱਚ ਪੈਕੇ
ਹੱਸ ਦਿਓ ਹਾਸਾ ਜਿਹੜਾ ਜੋਰਾ ਜੋਰੀ ਡੱਕਿਆ
ਪਹਿਲੀ ਵਾਰੀ ਅੱਜ ਇਹਨਾਂ ਅੱਖੀਆਂ ਨੇ ਤੱਕਿਆ
ਇਹੋ ਜਿਹਾ ਤੱਕਿਆ ਕਿ ਹਾਏ ਮਾਰ ਸੁੱਟਿਆ
ਸਹੁੰ ਤੇਰੀ ਜਦੋਂ ਵੀ ਮੈਂ ਗੀਤ ਕੋਈ ਕਹਿਣਾਂ ਵਾਂ
ਬਹਿਰ ਉਹਦੀ ਤੇਰੀ ਸੋਹਣੀ ਤੋਰ ਕੋਲੋਂ ਲੈਣਾ ਵਾਂ
ਸ਼ਾਇਰੀ ਦਾ ਨਵਾਂ ਢੰਗ ਤੂੰਹੀਓ ਮੈਨੂੰ ਦੱਸਿਆ
ਪਹਿਲੀ ਵਾਰ ਅੱਜ ਇਹਨਾਂ ਅੱਖੀਆਂ ਨੇ ਤੱਕਿਆ
ਇਹੋ ਜਿਹਾ ਤੱਕਿਆ ਕਿ ਹਾਏ ਮਾਰ ਸੁੱਟਿਆ

ਤੇ ਦੂਸਰੇ ਗੀਤ ਦੇ ਬੋਲ ਸਨ

ਤੇਰੇ ਤਿੱਖਿਆਂ ਤਿੱਖਿਆਂ ਨੈਣਾਂ ਤੋਂ
ਮੈਂ ਸੁਣਿਆਂ ਤੀਰ ਵੀ ਡਰਦੇ ਨੇ
ਇਹਨਾਂ ਛੈਲ ਛਬੀਲੀਆਂ ਤੋਰਾਂ ਨੂੰ
ਤੱਕ ਮੋਰ ਵੀ ਸਜਦੇ ਕਰਦੇ ਨੇ
ਤੇਰੇ ਤਿੱਖਿਆਂ ਤਿੱਖਿਆਂ ਨੈਣਾਂ ਤੋਂ
ਇੱਥੇ ਕੌਣ ਤੇਰਾ ਮੁੱਲ ਪਾ ਸਕਦਾ
ਤੂੰ ਹੁਸਨ ਦਾ ਅਜਬ ਖਜ਼ਾਨਾ ਏਂ
ਸਹੁੰ ਰੱਬ ਦੀ ਸਿਰ ਤੋਂ ਪੈਰਾਂ ਤੱਕ
ਤੁਰਦਾ ਫਿਰਦਾ ਮੈਖਾਨਾ ਏਂ
ਇਹ ਖਾਲੀ ਜਾਮ ਸ਼ਰਾਬੀਆਂ ਦੇ
ਤੈਨੂੰ ਤੱਕ ਤੱਕ ਹੌਕੇ ਭਰਦੇ ਨੇ
ਤੇਰੇ ਤਿੱਖਿਆਂ ਤਿੱਖਿਆਂ ਨੈਣਾਂ ਤੋਂ
ਤੇਰਾ ਹੱਸਣਾ, ਹੱਸ ਕੇ ਨੱਕ ਵੱਟਣਾ
ਓਏ ਤੌਬਾ ਮੈਂ ਤੇ ਮਰ ਗਿਆ ਜੇ
ਕਦੀ ਬਹਿਕੇ ਕੋਲ ਦਿਖਾ ਸੱਜਣਾ
ਇਹ ਨਖ਼ਰਾ ਜਾਦੂ ਕਰ ਗਿਆ ਜੇ
ਦਿਲ ਲੱਖਾਂ ਇਹਨਾਂ ਅਦਾਵਾਂ ਦੇ
ਬਿਨ ਕੀਮਤ ਨੌਕਰ ਬਰਦੇ ਨੇ
ਤੇਰੇ ਤਿੱਖਿਆਂ ਤਿੱਖਿਆਂ ਨੈਣਾਂ ਤੋਂ
ਤੁਸੀਂ ਸਾਰੇ ਇਹੋ ਸਮਝਦੇ ਓ
ਮੈਂ ਡੋਲ ਗਿਆ, ਮੈਨੂੰ ਚੜ੍ਹ ਗਈ ਏ
ਮੈਂ ਡੋਲਦਾ ਕਿਉਂ ਨਾਂ ਇਹ ਤੇ ਦੱਸੋ
ਮੇਰੀ ਅੱਖ ਕਿਹਦੇ ਨਾਲ ਲੜ ਗਈ ਏ
ਜੀਹਦੀ ਅੱਖ ਵਿੱਚ ਆਸ਼ਿਕ ਡੁੱਬ ਕੇ ਤੇ
ਨਾ ਮਰਦੇ ਨੇ, ਨਾ ਤਰਦੇ ਨੇ
ਤੇਰੇ ਤਿੱਖਿਆਂ ਤਿੱਖਿਆਂ ਨੈਣਾਂ ਤੋਂ

ਉਸ ਵੇਲੇ ਕੰਵਲ ਦੇ ਦੱਸਣ ਮੁਤਾਬਕ ਇਹ ਤਿੰਨੇ ਹੀ ਗ਼ਜ਼ਲਾਂ ਸਨ । ਗ਼ਜ਼ਲ ਹੁਸਨ ਇਸ਼ਕ ਦੇ ਦੁਆਲੇ ਘੁੰਮਦੀ ਹੈ । ਤਿੰਨੇ ਹੀ ਗੁਲਾਮ ਅਲੀ ਦੀਆਂ ਹਨ । ਪਰ ਅਸੀਂ ਗੁਲਾਮ ਅਲੀ ਤੋਂ ਕੀ ਲੈਣਾਂ ਸੀ, ਸਾਨੂੰ ਤਾਂ ਇਹ ਕੰਵਲ ਦੀਆਂ ਹੀ ਜਾਪਦੀਆਂ ਸਨ





। ਬੱਸ ਕੰਵਲ ਦੇ ਮੂੰਹੋਂ ਹੀ ਵਾਰ ਵਾਰ ਇਹ ਸੁਨਣ ਨੂੰ ਦਿਲ ਕਰਦਾ । ਕੰਵਲ ਹਰ ਵਾਰ ਇਹਨਾਂ ਨੂੰ ਐਨਾ ਰੂਹ ਨਾਲ ਗਾਉਂਦਾ ਕਿ ਉਸਦੀਆਂ ਅੱਖਾਂ ਬੰਦ ਹੋ ਜਾਂਦੀਆਂ । ਗਾਉਂਦੇ ਸਮੇਂ ਉਹ ਆਪਣੀ ਸੁੱਧ ਬੁੱਧ ਗੁਆ ਲੈਂਦਾ । ਇਹ ਤੋਂ ਬਹੁਤ ਬਾਅਦ ਵਿੱਚ,
ਜਦੋਂ ਕਾਲਜ ਵਿਚ ਘੁਸਰ ਮੁਸਰ ਜਿਹੀ ਹੋਣ ਲੱਗ ਪਈ ਕਿ ਕੰਵਲ ਤਾਂ ਨਾਲ
ਪੜ੍ਹਦੀ ਇਕ ਬਹੁਤ ਸ਼ੁਸ਼ੀਲ ਤੇ ਸੁੰਦਰ ਕੁੜੀ ਨੂੰ ਦਿਲ ਦੇ ਬੈਠਾ ਐ । ਉਹ ਸਾਰਾ ਕੁੱਝ ਉਸੇ ਲਈ ਹੀ ਗਾਉਂਦਾ ਹੈ । ਬਾਅਦ ਵਿੱਚ ਤਾਂ ਖ਼ੈਰ ਉਹ ਦੋਵੇਂ ਜੀਵਨ ਸਾਥੀ ਬਣ ਗਏ, ਤੇ ਅੱਜ ਬੜੀ ਖੁਸ਼ਹਾਲ ਜ਼ਿੰਦਗੀ ਜਿਉਂ ਰਹੇ ਹਨ । ਪਰ ਕਾਲਜ ਦਾ ਇਹ ਸਮਾਂ ਮੈਨੂੰ ਪੰਜਾਬੀ ਗਾਇਕੀ ਦੇ ਨਵੇਂ ਰੰਗ ਨਾਲ ਜੋੜ ਗਿਆ । ਹੁਣ ਗੁਲਾਮ ਅਲੀ ਵੀ ਮੇਰਾ ਪਸੰਦੀਦਾ ਗਾਇਕ ਬਣ ਗਿਆ ਹੈ । ਪਸੰਦੀਦਾ ਹੀ ਨਹੀਂ, ਬਲਕਿ ਬਹੁਤ ਜ਼ਿਆਦਾ ਪਸੰਦੀਦਾ । ਗੁਲਾਮ ਅਲੀ ਤੋਂ ਇਲਾਵਾ ਪਾਕਿਸਤਾਨ ਦੇ ਹੋਰ ਬਹੁਤ ਗਾਇਕ ਜਿਹਨਾਂ ਦੇ ਗਾਏ ਗੀਤ ਮੇਰੀ ਰੂਹ ਨੂੰ ਸਕੂਨ ਦਿੰਦੇ ਹਨ ਇਹਨਾਂ ਵਿੱਚ ਮਹਿੰਦੀ ਹਸਨ ਸਾਹਿਬ, ਅਫਸ਼ਾਂ, ਇਨਾਇਤ ਹੁਸੈਨ ਭੱਟੀ, ਮਾਸੂਦ ਰਾਣਾ, ਜ਼ੁਬੈਦਾ ਖਾਨਮ ਅਤੇ ਹੋਰ ਵੀ ਬਹੁਤ ਨਾਮ ਹਨ । ਮੇਰਾ ਸੁਭਾਅ ਐ ਕਿ
ਮੈਂ ਗੀਤ ਦੇ ਨਾਲ ਨਾਲ ਉਸ ਗੀਤ ਦੇ ਗੀਤਕਾਰ ਬਾਰੇ ਜਾਨਣ ਦੀ ਜ਼ਿਆਦਾ ਤਾਂਘ ਰੱਖਦਾਂ ਹਾਂ । ਇਹ ਸੋਚਦਾਂ ਹਾਂ ਕਿ ਜੋ ਸਤਰਾਂ ਮੇਰੇ ਧੁਰ ਅੰਦਰ ਉੱਤਰ ਰਹੀਆਂ ਨੇ, ਇਹਨਾਂ ਨੂੰ ਰਚਿਆ ਕਿਸ ਨੇ ਹੋਵੇਗਾ, ਤੇ ਕਿਹੜੀ ਅਵਸਥਾ ਵਿੱਚ ? ਜਦੋਂ ਮੈਂ ਉਪਰੋਕਤ ਗੀਤ ਜਿਹਨਾਂ ਨੂੰ ਕੰਵਲ ਗੁਲਾਮ ਅਲੀ ਦੀਆਂ ਗ਼ਜ਼ਲਾਂ ਕਹਿਕੇ ਗਾਉਂਦਾ ਹੁੰਦਾ ਸੀ, ਦੇ ਗੀਤਕਾਰਾਂ ਬਾਰੇ ਖੋਜ ਕੀਤੀ ਤਾਂ ਪਤਾ ਲੱਗਿਆ ਕਿ ਇਹ ਤਾਂ ਤਿੰਨੇ ਹੀ ਵਾਰਿਸ ਲੁਧਿਆਣਵੀ ਦੇ ਲਿਖੇ ਹੋਏ ਗੀਤ ਹਨ । ਨਾਲ ਨਾਲ
ਇਹ ਵੀ ਦੱਸ ਦੇਵਾਂ ਕਿ ਪਹਿਲਾ ਗੀਤ
"ਚੰਬੇ ਦੀਏ ਬੰਦ ਕਲੀਏ
1973 ਵਿੱਚ ਬਣੀ ਫਿਲਮ ਪਹਿਲਾ ਵਾਰ
ਲਈ ਸੰਗੀਤਕਾਰ ਸਫਦਰ ਹੁਸੈਨ ਦੇ ਸੰਗੀਤ ਵਿੱਚ
ਰਿਕਾਰਡ ਹੋਇਆ ।
ਰਿਕਾਰਡ ਦਾ ਲੜੀ ਨੰਬਰ- ਕੋਲੰਬੀਆ EKCC 5222 ਹੈ
ਦੂਸਰਾ ਗੀਤ
"ਪਹਿਲੀ ਵਾਰ ਅੱਜ ਇਹਨਾਂ ਅੱਖੀਆਂ ਨੇ ਤੱਕਿਆ
1972 ਵਿੱਚ ਬਣੀ ਫਿਲਮ ਠਾਹ ਲਈ
ਸਫਦਰ ਹੁਸੈਨ ਦੇ ਹੀ ਸੰਗੀਤ ਵਿੱਚ
ਰਿਕਾਰਡ ਹੋਇਆ
ਰਿਕਾਰਡ ਦਾ ਲੜੀ ਨੰਬਰ ਕੋਲੰਬੀਆ EKCC 5169 ਹੈ
ਅਤੇ ਤੀਸਰਾ
"ਤੇਰੇ ਤਿੱਖਿਆਂ ਤਿੱਖਿਆਂ ਨੈਣਾਂ ਤੋਂ
1974 ਆਈ ਫਿਲਮ ਨਾਦਰਾ ਲਈ ਸੰਗੀਤਕਾਰ ਵਜਾਹਤ ਅੱਤਰੇ ਦੇ ਸੰਗੀਤ ਵਿੱਚ ਰਿਕਾਰਡ ਕੀਤਾ ਗਿਆ ਰਿਕਾਰਡ ਦਾ ਲੜੀ ਨੰਬਰ- ਕੋਲੰਬੀਆ EKCC 5266 ਹੈ ਇਹ ਤਿੰਨੋਂ ਹੀ ਗੀਤ ਇਹਨਾਂ ਫਿਲਮਾਂ ਲਈ ਗੁਲਾਮ ਅਲੀ ਦੀ ਆਵਾਜ਼ ਵਿੱਚ ਰਿਕਾਰਡ ਕੀਤੇ ਗਏ ਤਿੰਨੇ ਹੀ ਗੀਤਕਾਰ ਵਾਰਿਸ ਲੁਧਿਆਣਵੀ ਦੇ ਲਿਖੇ ਹੋਏ ਸਨ । ਸਾਹਿਰ ਲੁਧਿਆਣਵੀ ਬਾਰੇ ਤਾਂ ਮੈਨੂੰ ਪਤਾ ਸੀ ਕਿ ਉਹ ਬਹੁਤ ਵੱਡੇ ਸ਼ਾਇਰ ਹਨ । ਪਰ ਇਹ ਵਾਰਿਸ ਲੁਧਿਆਣਵੀ ਕੌਣ ਹੋਇਆ ? ਆਪੇ ਈ ਲੱਖਣ ਜਿਹਾ ਲਾ ਲਿਆ ਸ਼ਾਇਦ ਸਾਹਿਰ ਲੁਧਿਆਣਵੀ ਦਾ ਭਰਾ ਹੋਵੇਗਾ ਵਾਰਿਸ ਲੁਧਿਆਣਵੀ, ਕਿਉਂਕਿ ਜਿੰਨ੍ਹਾ ਵਧੀਆ ਉਰਦੂ ਤੇ ਹਿੰਦੀ ਵਿੱਚ ਸਾਹਿਰ ਨੇ ਲਿਖਿਆ, ਪੰਜਾਬੀ ਵਿੱਚ ਇਹ ਗੁਲਾਮ ਅਲੀ ਦੇ ਗਾਏ ਗੀਤ ਵੀ ਕਿਤੇ ਘੱਟ ਨਹੀਂ । ਇਹ ਤਾਂ ਹੌਲੀ ਹੌਲੀ ਖੋਜ ਕਰਨ ਉਪਰੰਤ ਪਤਾ ਲੱਗਾ ਕਿ ਵਾਰਿਸ ਲੁਧਿਆਣਵੀ ਤਾਂ ਪਾਕਿਸਤਾਨ ਦਾ ਹੈ, ਜੋ ਪੰਜਾਬੀ ਜ਼ੁਬਾਨ ਦਾ ਵੱਡਾ ਗੀਤਕਾਰ ਹੈ । ਵਾਰਿਸ ਲੁਧਿਆਣਵੀ ਦਾ ਜਨਮ ਅਣਵੰਡੇ ਪੰਜਾਬ ਵਿੱਚ ਪੰਜਾਬ ਦੇ ਸਨਅਤੀ ਸ਼ਹਿਰ ਲੁਧਿਆਣਾ ਵਿੱਚ 11 ਅਪ੍ਰੈਲ 1928 ਨੂੰ ਇਕ ਗੁੱਜਰ ਪ੍ਰੀਵਾਰ ਵਿੱਚ ਹੋਇਆ । ਵਾਰਿਸ ਦਾ ਪ੍ਰੀਵਾਰ ਦੁੱਧ ਦਾ ਕੰਮ ਕਰਦਾ ਸੀ । ਮਾਪਿਆਂ ਨੇ ਇਸ ਬੱਚੇ ਦਾ ਨਾਮ ਮੁਹੰਮਦ ਇਸਮਾਇਲ ਰੱਖਿਆ । ਇਸਮਾਇਲ ਨੂੰ ਸਕੂਲ ਸਮੇਂ ਤੋਂ ਹੀ ਕਿੱਸਾ-ਕਾਵਿ ਦੀ ਚੇਟਕ ਲੱਗ ਗਈ । ਉਹ ਖੁਦ ਵੀ ਗੀਤ ਲਿਖਣ ਲੱਗ ਪਿਆ । ਵਾਰਿਸ ਸ਼ਾਹ ਦੀ ਹੀਰ ਦਾ ਉਸ ਤੇ ਬਹੁਤ ਡੂੰਘਾ ਪ੍ਰਭਾਵ ਪਿਆ । ਇਸੇ ਤੋਂ ਪ੍ਰਭਾਵਿਤ ਹੋਕੇ ਮੁਹੰਮਦ ਇਸਮਾਇਲ ਨੇ ਆਪਣਾ ਨਾਮ ਬਦਲ ਕੇ ਵਾਰਿਸ ਲੁਧਿਆਣਵੀ ਰੱਖ ਲਿਆ । ਦਸਵੀਂ ਤੱਕ ਦੀ ਪੜ੍ਹਾਈ ਉਸਨੇ ਲੁਧਿਆਣਾ ਤੋਂ ਹੀ ਕੀਤੀ । ਸੰਤਾਲੀ ਵਿੱਚ ਦੇਸ਼ ਦੀ ਵੰਡ ਹੋ ਗਈ । ਲਾਹੌਰ ਪਹੁੰਚ ਕੇ ਉਸਨੇ ਰੇਲਵੇ ਵਿੱਚ ਕਲਰਕ ਦੀ ਨੌਕਰੀ ਕਰ ਲਈ । ਸ਼ਾਇਰੀ ਦਾ ਸ਼ੌਕ ਵਾਰਿਸ ਨੂੰ 'ਉਸਤਾਦ ਦਾਮਨ' ਤੱਕ ਲੈ ਆਇਆ । ਉਸਤਾਦ ਦਾਮਨ ਨੂੰ ਵਾਰਿਸ ਲੁਧਿਆਣਵੀ ਨੇ ਆਪਣਾ ਉਸਤਾਦ ਧਾਰ ਲਿਆ । ਉਸਤਾਦ ਦੀ ਬਦੌਲਤ ਉਸ ਦੀ ਸ਼ਾਇਰੀ ਵਿੱਚ ਪਕਿਆਈ ਤੇ ਗਹਿਰਾਈ ਆਉਣ ਲੱਗ ਪਈ । ਲਾਹੌਰ ਪੰਜਾਬੀ ਫਿਲਮ ਨਿਰਮਾਣ ਦਾ ਸਭ ਤੋਂ ਵੱਡਾ ਕੇਂਦਰ ਤਾਂ ਬਣ ਹੀ ਚੁੱਕਾ ਸੀ । ਵਾਰਿਸ ਲੁਧਿਆਣਵੀ ਦੇ ਵੀ ਇੱਕਾ ਦੁੱਕਾ ਗੀਤ ਫ਼ਿਲਮਾਂ ਵਿੱਚ ਰਿਕਾਰਡ ਹੋਣ ਲੱਗ ਪਏ । ਆਓ ਹੁਣ ਵਾਰਿਸ ਲੁਧਿਆਣਵੀ ਦੀ ਗੀਤਕਾਰੀ ਤੇ ਸਰਸਰੀ ਜਿਹੀ ਨਜ਼ਰ ਮਾਰੀਏ । ਤਸਵੀਰ ਮਹਿਲ ਪਿਕਚਰਜ਼ ਦੇ ਬੈਨਰ ਹੇਠ, 13 ਜੂਨ 1953 ਨੂੰ ਰੀਲੀਜ਼ ਹੋਣ ਵਾਲੀ, ਨਿਰਮਾਤਾ ਨਿਰਦੇਸ਼ਕ 'ਨਜ਼ੀਰ' ਦੀ ਫਿਲਮ 'ਸ਼ਹਿਰੀ ਬਾਬੂ' ਲਈ, ਸੰਗੀਤਕਾਰ ਰਸ਼ੀਦ ਅਤਰੇ ਦੇ ਸੰਗੀਤ ਵਿੱਚ ਇਨਾਇਤ ਹੁਸੈਨ ਭੱਟੀ ਅਤੇ ਜ਼ੁਬੈਦਾ ਖਾਨਮ ਦੀਆਂ ਆਵਾਜ਼ਾਂ ਵਿੱਚ, ਵਾਰਿਸ ਲੁਧਿਆਣਵੀ ਦਾ ਲਿਖਿਆ ਦੋਗਾਣਾ ਰਿਕਾਰਡ ਹੋਇਆ ।




# ਜਿਹੜਾ ਦੌੜ ਸਕਦੈ ਉਹ ਤੁਰੇ ਨਾ, ਜਿਹੜਾ ਤੁਰ ਸਕਦੈ ਉਹ ਖੜ੍ਹੇ ਨਾ





ਦਾਤੇ ਦੀ ਮਿਹਰ ਨਾਲ ਉਮਰ ਦੇ 85 ਸਾਲ ਸੋਹਣੇ ਲੰਘ ਗਏ। ਕਈ ਪੁੱਛਦੇ ਹਨ, ਕੀ ਕਰਦੇ - ਅੱਜਕੱਲ੍ਹ ਮੇਰੀ 53ਵੀਂ ਪੁਸਤਕ 'ਦਾਰੇ ਭਲਵਾਨਾਂ ਦੀ ਦਾਸਤਾਨ' ਛਪ ਰਹੀ ਹੈ। ਤੜਕੇ 4 ਵਜੇ ਜਾਗ ਆ ਜਾਂਦੀ ਐ। ਬਿਸਤਰੇ 'ਚ ਬੈਠੇ ਲੈਪ ਟਾਪ ਤੋਂ ਈਮੇਲ, ਵਟਸਐਪ, ਅਖ਼ਬਾਰਾਂ, ਫੇਸਬੁੱਕ ਤੇ ਯੂਟਿਊਬ 'ਤੇ ਨਜ਼ਰ ਵੱਜ ਜਾਂਦੀ ਹੈ। 6 ਵਜੇ ਸੈਰ 'ਤੇ ਨਿਕਲਦਾਂ, ਰਾਹ 'ਚ ਪੈਂਦੇ ਗੁਰਦਵਾਰੇ ਮੱਥਾ ਟੇਕਦਾਂ ਤੇ ਰਿਕਰੀਸ਼ਨ ਸੈਂਟਰ ਪੁੱਜ ਕੇ 20 ਮਿੰਟ ਤੈਰਨ ਤਲਾਅ, 10 ਮਿੰਟ ਭਾਫ ਇਸ਼ਨਾਨ ਤੇ 10 ਮਿੰਟ ਖੁੱਲ੍ਹੀ ਜਗ੍ਹਾ ਕਸਰਤ ਕਰਦਾਂ। ਭਾਰ 77 ਕਿਲੋ ਹੈ। ਦੁੱਧ ਆਂਡਿਆਂ ਦਾ ਨਾਸ਼ਤਾ ਕਰ ਕੇ 9 ਤੋਂ 12 ਤੱਕ ਕੰਪਿਊਟਰ 'ਤੇ ਕੰਮ ਕਰਦਾਂ। ਲਿਖੀ ਤੇ ਸੋਧੀ ਜਾਨਾਂ। ਦੁਪਹਿਰ ਦੀ ਰੋਟੀ ਖਾਣ ਪਿੱਛੋਂ ਸੌਂ ਲਈਦਾ। 3 ਤੋਂ 6 ਵਜੇ ਤੱਕ ਫਿਰ ਕੰਪਿਊਟਰ ਦੀ ਹਾਜ਼ਰੀ। ਟਹਿਲਦਿਆਂ ਪਾਰਕ ਵੱਲ ਜਾ ਆਈਦਾ ਜਿੱਥੇ ਦਿਮਾਗੀ ਕਸਰਤ ਲਈ ਸੀਪ ਦੀਆਂ ਦੋ ਚਾਰ ਬਾਜ਼ੀਆਂ ਲਾ ਆਈਦੀਆਂ। ਰਾਤ ਦੀ ਰੋਟੀ ਇੱਕੋ ਫੁਲਕਾ। ਗਲਾਸ ਦੁੱਧ ਦਾ ਪੀ ਲੈਨਾਂ। ਕੋਈ ਕਿਤਾਬ ਜਾਂ ਮੈਗਜ਼ੀਨ ਪੜ੍ਹਦਿਆਂ ਸੌਂ ਜਾਈਦਾ। ਫਿਲਮ ਵੇਖੀ ਨੂੰ ਵਰ੍ਹੇ ਬੀਤ ਗਏ। ਟੀਵੀ ਲਾਉਣਾ ਈ ਨੀ ਆਉਂਦਾ। ਮੇਰਾ ਤਜਰਬਾ ਹੈ ਕਿ ਵਡੇਰੀ ਉਮਰੇ ਘੱਟ ਖਾਣ ਪੀਣ ਨਾਲ ਵੱਧ ਸਿਹਤਮੰਦ ਰਿਹਾ ਜਾ ਸਕਦੈ ਤੇ ਤੋਰਾ ਫੇਰਾ ਚੁਸਤ ਦਰੁਸਤ ਰੱਖਦੈ। 2024 ਵਿੱਚ ਮੇਰੀ ਤੁਰਨ ਦੀ ਰੋਜ਼ਾਨਾ ਔਸਤ ੫.੭ ਕਿਲੋਮੀਟਰ ਸੀ ਜੋ 2025 'ਚ ੫.੫ ਕਿਲੋਮੀਟਰ ਚੱਲ ਰਹੀ ਹੈ। ਮਹੀਨੇ ਇੱਕ ਦੋ ਵਾਰ 10 ਕਿਲੋਮੀਟਰ ਚੱਲ ਕੇ ਜੁੱਸਾ ਜੋਹ ਲਈਦਾ।
ਲੰਮੀ ਸਿਹਤਮੰਦ ਉਮਰ ਦਾ ਭੇਤ ਜਾਨਣ ਲਈ ਮਾਰਚ 2025 ਵਿੱਚ ਮੈਂ ਮੈਰਾਥਨ ਦੇ ਮਹਾਂਰਥੀ ਬਾਬਾ ਫੌਜਾ ਸਿੰਘ ਨੂੰ ਮਿਲਣ ਗਿਆ। ਉਹਦੇ ਪਾਸਪੋਰਟ ਮੁਤਾਬਿਕ ਉਹਦੀ ਉਮਰ ਹੁਣ 114 ਸਾਲ ਬਣਦੀ ਹੈ। ਜੇਕਰ 5-10 ਸਾਲ ਵੱਧ ਵੀ ਲਿਖਾਈ ਹੋਵੇ ਤਦ ਵੀ ਉਹ 100 ਸਾਲਾਂ ਤੋਂ ਤਾਂ 5-10 ਸਾਲ ਵੱਡਾ ਹੀ ਹੋਵੇਗਾ। ਉਹ ਕਹਿੰਦਾ ਹੈ: ਦਿਲ ਹੋਣਾ ਚਾਹੀਦੈ ਜੁਆਨ ਉਮਰਾਂ 'ਚ ਕੀ ਰੱਖਿਆ? ਇਹ ਵੀ ਕਹਿੰਦਾ ਹੈ, ਮੈਂ ਘਰਦਿਆਂ ਨੂੰ ਕਿਹਾ ਹੋਇਐ ਕਿ ਮੈਨੂੰ ਚੰਗੀ ਖ਼ਬਰ ਈ ਸੁਣਾਇਆ ਕਰੋ, ਮਾੜੀ ਨਾ।
ਮੈਂ ਬਾਬਾ ਫੌਜਾ ਸਿੰਘ ਤਾਂ ਨਹੀਂ ਬਣ ਸਕਦਾ ਪਰ ਜਿਸ ਸਿੱਟੇ 'ਤੇ ਪੁੱਜਾਂ ਉਹ ਜ਼ਰੂਰ ਸਾਂਝਾ ਕਰਦਾਂ: ਜਿਹੜਾ ਦੌੜ ਸਕਦੈ ਉਹ ਤੁਰੇ ਨਾ, ਜਿਹੜਾ ਤੁਰ ਸਕਦੈ ਉਹ ਖੜ੍ਹੇ ਨਾ, ਜਿਹੜਾ ਖੜ੍ਹ ਸਕਦੈ ਉਹ ਬੈਠੇ ਨਾ ਤੇ ਜਿਹੜਾ ਬੈਠ ਸਕਦਾ ਉਹ ਲੇਟੇ ਨਾ। ਜਿੰਨੇ ਜੋਗਾ ਕੋਈ ਹੈ, ਉਹ ਕਰਨੋਂ ਨਾ ਹਟੇ। ਸਰੀਰ ਦੇ ਉਹੀ ਅੰਗ ਅਰੋਗ ਰਹਿਣਗੇ ਜਿਨ੍ਹਾਂ ਨੂੰ ਚਲਦੇ ਰੱਖਾਂਗੇ। ਖੜ੍ਹੀ ਮਸ਼ੀਨਰੀ ਜੰਗਾਲੀ ਜਾਂਦੀ ਐ ਤੇ ਖੜ੍ਹੇ ਪਾਣੀ ਮੁਸ਼ਕ ਮਾਰਨ ਲੱਗ ਜਾਂਦੇ ਨੇ। ਤਨ ਤੰਦਰੁਸਤ ਤੇ ਮਨ ਚੜ੍ਹਦੀ ਕਲਾ 'ਚ ਰੱਖਣ ਬਿਨਾਂ ਹੋਰ ਕੋਈ ਚਾਰਾ ਨਹੀਂ। ਸਟਰੈਸ ਤੇ ਡਿਪ੍ਰੈਸ਼ਨ ਤੋ ਬਚਿਆ ਜਾ ਸਕਦੈ। ਦੁੱਖਾਂ-ਸੁੱਖਾਂ ਨੇ ਆਉਣਾ ਜਾਣਾ ਹੀ ਹੁੰਦੈ। ਜਿਸ ਗੇੜ ਨੇ ਚਲਦੇ ਹੀ ਰਹਿਣਾ, ਫਿਰ ਢੇਰੀ ਕਿਉਂ ਢਾਹੀਏ? ਇਸੇ ਕਰਕੇ ਤਾਂ ਮੈਂ ਆਪਣੀ ਸਵੈਜੀਵਨੀ ਦਾ ਨਾਂ 'ਹਸੰਦਿਆਂ ਖੇਲੰਦਿਆਂ' ਰੱਖਿਆ ਸੀ ਤੇ ਉਹਦੇ ਸਰਵਰਕ ਉਤੇ ਸਤਿਗੁਰਾਂ ਦੀ ਦੱਸੀ ਜੀਵਨ ਜੁਗਤ ਅੰਕਿਤ ਕੀਤੀ ਸੀ:
ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥
ਜਿਹੜੇ ਸੱਜਣਾਂ ਮਿੱਤਰਾਂ ਨੇ ਮੈਨੂੰ ਜਨਮ ਦਿਨ ਦੀਆਂ ਮੁਬਾਰਕਾਂ ਭੇਜੀਆਂ ਹਨ ਉਨ੍ਹਾਂ ਨੂੰ ਸਭਨਾਂ ਨੂੰ ਸੱਦ ਮੁਬਾਰਕਾਂ!
(ਸਤਿਕਾਰਯੋਗ ਪ੍ਰਿੰਸੀਪਲ ਸ: ਸਰਵਣ ਸਿੰਘ ਜੀ ਦੀ ਫੇਸ ਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)




# ਪਹੁ-ਫੁਟਾਲ਼ੇ ਵੇਲ਼ੇ ਅੱਖਰਾਂ ਦੀਆਂ ਤੂਈਆਂ ਫੁਟਦੀਆਂ ਹਨ

ਜਲਦੀ ਸੌਂ ਸੁਵੱਖਤੇ ਜਾਗ
ਪੈਣਗੀਆਂ ਪੂਰੀਆਂ ਜਾਗਣਗੇ ਭਾਗ

ਧਨੀ ਰਾਮ ਚਾਤ੍ਰਿਕ ਨੇ ਪਹੁ-ਫੁਟਾਲ਼ੇ ਦੇ ਸਮੇ ਨੂੰ ਭਾਵਨਾਵਾਂ ਦੇ ਮੇਚ ਦਾ ਕਰ ਕੇ ਕਾਵਿ ਵਿੱਚ ਪਰੋਸਿਆ ਹੈ। ਇਸ ਬਿਆਨ ਵਿੱਚ ਸਵੇਰ ਦੇ ਸਮੇ ਦੀ ਤਸਵੀਰ ਉਸ ਵੇਲ਼ੇ ਦੇ ਜੀਵਨ ਦੀ ਪੰਜਾਬੀ ਝਲਕ ਮਿਲਦੀ ਹੈ। ਸੂਰਜ ਦੀਆਂ ਕਿਰਨਾਂ ਉਦੈ ਹੋਣ ਨਾਲ਼ ਹੀ ਆਲਸ, ਸੁਸਤੀ ਨੂੰ ਉਪਰ ਲਏ ਕੱਪੜੇ ਵਾਂਗ ਲਾਹ ਕੇ ਤਹਿ ਮਾਰਦੇ ਅਸੀਂ ਸੂਰਜ ਦੀ ਡਾਹ ਲੈਣ ਨੂੰ ਤਿਆਰ-ਬਰਤਿਆਰ ਹੋ ਜਾਂਦੇ ਹਾਂ। ਕਵੀ ਦੀ ਸਤਰ ਹੈ - ਚਿੜੀ ਚੂਕਦੀ ਨਾਲ਼ ਜਾਂ ਤੁਰੇ ਪਾਂਧੀ, ਪਈਆਂ ਦੁੱਧਾਂ ਵਿੱਚ ਮਧਾਣੀਆਂ ਜੀ। ਕੁਦਰਤ ਦੀ ਗੋਦ ਵਿੱਚ ਪਲ਼ਦੇ ਮਨੁੱਖ ਦੀ ਇਹ ਗਾਥਾ ਹੈ। ਕਿਹਾ ਜਾਂਦਾ ਹੈ ਕਿ ਜਿੰਨਾਂ ਕੋਈ ਮਨੁੱਖ ਜ਼ਿੰਦਗੀ ਵਿੱਚ ਸਫਲ ਹੁੰਦਾ ਹੈ, ਉਸ ਦਾ ਹਰ ਦਿਨ ਹੀ ਹੋਰਨਾਂ ਤੋਂ ਪਹਿਲਾਂ ਸ਼ੁਰੂ ਹੋ ਜਾਂਦਾ ਹੈ। ਅੰਮ੍ਰਿਤਾ ਪ੍ਰੀਤਮ ਨੇ ਲਿਖਿਆ ਹੈ ਕਿ ਮੈਂ ਆਪਣਾ ਦਿਨ ਸਵੇਰੇ ਪੰਜ ਵਜੇ ਤੋਂ ਸ਼ੁਰੂ ਕਰਦੀ ਹਾਂ ਜਦੋਂ ਕਿ ਲੇਟ ਉੱਠਣ ਵਾਲ਼ੇ ਆਪਣਾ ਦਿਨ ਅੱਠ ਵਜੇ ਤੋਂ ਸ਼ੁਰੂ ਕਰਦੇ ਹੋਣੇ। ਉਨ੍ਹਾਂ ਤੋਂ ਮੈਂ ਤਿੰਨ ਘੰਟੇ ਵੱਧ ਅੱਗੇ ਨਿਕਲ ਜਾਂਦੀ ਹਾਂ। ਜੇ ਮੇਰੀ ਜ਼ਿੰਦਗੀ ਦੇ ਇਹ ਨਿੱਤ ਦੇ ਤਿੰਨ ਘੰਟੇ ਗਿਣ ਲਏ ਜਾਣ ਉਤਨਾ ਹੀ ਮੈਂ ਉਨ੍ਹਾਂ ਤੋਂ ਅੱਗੇ ਨਿਕਲ ਆਈ ਹਾਂ। ਸਪਸ਼ਟ ਹੈ ਕਿ ਅੰਮ੍ਰਿਤਾ ਵਾਂਗ ਵੇਲ਼ੇ ਸਿਰ ਜਾਗਣ ਵਾਲ਼ੇ ਹੀ ਹੋਰਨਾਂ ਨੂੰ ਪਛਾੜਦੇ ਹਨ। ਗੁਰਬਾਣੀ ਵਿੱਚ ਇਸ ਸਮੇਂ ਨੂੰ ਪਿਛਲਾ ਪਹਿਰ ਆਖ ਕੇ ਸਵੇਰ ਦੇ ਤਿੰਨ ਵਜੇ ਤੋਂ ਛੇ ਵਜੇ ਤੱਕ ਦੇ ਸਮੇਂ ਨੂੰ ਨਾਮ ਜਪਣ ਜਾਂ ਭਗਤੀ ਕਰਨ ਦਾ ਮਿਥਿਆ ਹੈ। ਇਸ ਸਮੇ ਹੋਰ ਆਵਾਜ਼ਾਂ ਸ਼ਾਂਤ ਹੋਣ ਕਾਰਨ ਮਨ ਇੱਕ-ਸੁਰ ਹੋ ਕੇ ਮਨ ਨੂੰ ਇਕਾਗਰ ਕਰਦਾ ਹੈ। ਜਦੋਂ ਅਸੀਂ ਛੋਟੇ ਸਾਂ ਤਾਂ ਵਿਆਹ ਸਮੇਂ ਲੜਕੀ ਨੂੰ ਸਿੱਖਿਆ ਦੇਣ ਦਾ ਰਿਵਾਜ ਸੀ। ਪਰ ਹੌਲ਼ੀ-ਹੌਲ਼ੀ ਜਦੋਂ ਸਿੱਖਿਆ ਦੇ ਰਾਹ ਬਦਲੇ ਤਾਂ ਇਹ ਪਿਰਤ ਖ਼ਤਮ ਹੋਈ। ਮੇਰੇ ਵਿਆਹ ਸਮੇਂ ਮੇਰੀ ਵੱਖੀ ਸੰਗ ਬੈਠੀ ਨਾਇਣ ਨੇ ਇੱਕ ਸੀਖਤ ਬੜੇ ਪਿਆਰ ਨਾਲ਼ ਪਰੋਸੀ ਸੀ ਕਿ ਕਾਕਾ ਜੀ (ਲਾੜਾ ਹਰਬੰਸ ਸਿੰਘ ਬਰਾੜ) ਦੇ ਉੱਠਣ ਤੋਂ ਪਹਿਲਾਂ ਜ਼ਰੂਰ ਜਾਗਣਾ। ਮੈਂ ਉਸ ਦੀ ਸਿੱਖਿਆ ਨੂੰ ਹਾਲੇ ਤੱਕ ਨਿਭਾ ਰਹੀ ਹਾਂ। ਸਾਰੇ ਪਰਿਵਾਰ ਦੇ ਉੱਠਣ ਤੋਂ ਪਹਿਲਾਂ ਘਰ ਦੇ ਸੌ ਕੰਮ ਨਿਬੇੜ ਕੇ ਵੀ ਆਪਣੇ ਆਪ ਦਾ ਸਾਥ ਮਾਨਣ ਦੇ ਇਹ ਪਲ ਭਾਗਾਂ ਨਾਲ਼ ਹੀ ਨਸੀਬ ਹੁੰਦੇ ਹਨ। ਸਵੇਰੇ ਅਸਮਾਨ ਤੇ ਚੜ੍ਹਦੇ ਸੂਰਜ ਦੀ ਬਿਖਰ ਰਹੀ ਸੰਧੂਰੀ ਰੌਸ਼ਨੀ ਮਨ ਦੇ ਅੰਬਰ ਨੂੰ ਵੀ ਰੁਸ਼ਨਾ ਰਹੀ ਲਗਦੀ ਹੈ। ਬਲਿਹਾਰੀ ਕੁਦਰਤ ਵਸਿਆ ਜਿਹੀਆਂ ਸਤਰਾਂ ਚੇਤਿਆਂ ਵਿੱਚ ਤੈਰਨ ਲਗਦੀਆਂ ਹਨ। ਸੂਰਜ ਆਖੇ ਉੱਠਣ ਵਾਲ਼ੇ ਹਰ ਸ਼ਖ਼ਸ਼ ਦਾ ਦਿਨ ਚੌਵੀ ਦੀ ਥਾਂ ਸਤਾਈ ਘੰਟੇ ਦਾ ਹੋ ਜਾਂਦਾ ਹੈ। ਕਲਾਕਾਰਾਂ ਜਾਂ ਲੇਖਕਾਂ ਲਈ ਇਹ ਸਮਾਂ ਵੱਤਰ ਦਾ ਸਮਾਂ ਹੁੰਦਾ ਹੈ। ਅੱਖਰਾਂ ਦੀਆਂ ਤੂਈਆਂ ਫੁਟਦੀਆਂ ਹਨ, ਸੋਚਾਂ ਨੂੰ ਗੋਡੀ ਆ ਜਾਂਦੀ ਹੈ। ਅੱਖਰਾਂ ਦਾ ਇਹ ਸਾਥ ਦਿਨ ਭਰ ਦੀ ਭੀੜ ਮਿਲਦਿਆਂ ਹੀ ਅਲੋਪ ਹੋ ਜਾਂਦਾ ਹੈ। ਕਿਸੇ ਵੀ ਸ਼ੌਕ ਦਾ ਸਿਰ ਪਲੋਸਣ ਦਾ ਇਹ ਵੇਲ਼ਾ ਸਵੇਰੇ ਸਮੇਂ ਹੀ ਹੱਥ ਆ ਸਕਦਾ ਹੈ।

# ਪੰਜਾਬੀ ਦਾ ਸਮਰੱਥ ਕਵੀ ਤਰਲੋਚਨ ਮੀਰ



ਤਰਲੋਚਨ ਮੀਰ ਪੰਜਾਬੀ ਦਾ ਸਮਰੱਥ ਕਵੀ ਹੈ। ਉਸਨੇ ਹੁਣ ਤੱਕ 7 ਕਾਵਿ ਸੰਗ੍ਰਹਿ ਸ਼ਬਦਾਂ ਦੀ ਆਗੋਸ਼,ਦਰਦਾਂ ਦਾ ਅਨੁਵਾਦ, ਦਾਨਾਬਾਦ, ਨਦੀ, ਅੰਤਰ, ਸੰਵਾਦ ਤੇ ਖ਼ੰਜਰ ਨਾਲ ਭਰਵੀਂ ਹਾਜ਼ਰੀ ਲਗਵਾਈ ਹੈ। ਕਵੀ ਦੀ ਕਵਿਤਾ ਦੀ ਚਰਚਾ ਵੀ ਹੋਈ ਹੈ ਪਰ ਮੇਰੀ ਨਜ਼ਰ ਵਿੱਚ ਉਸਦੀ ਸਮਰੱਥਾ ਅਨੁਸਾਰ ਉਸਦੀ ਕਵਿਤਾ 'ਤੇ ਬਣਦੀ ਚਰਚਾ ਨਹੀਂ ਹੋਈ। ਇਸਦਾ ਕਾਰਣ ਜੋ ਵੀ ਹੋਵੇ ਪਰ ਮੇਰੇ ਅਨੁਸਾਰ ਉਸਨੂੰ ਹੋਰ ਪੜ੍ਹਿਆ ਜਾਣਾ ਚਾਹੀਦੇ।

ਤਰਲੋਚਨ ਮੀਰ ਦੀ ਕਵਿਤਾ ਵਰਤਮਾਨ ਆਰਥਿਕ ਪ੍ਰਬੰਧ ਦੇ ਮਾਨਵ ਵਿਰੋਧੀ ਵਰਤਾਰੇ ਦਾ ਯਥਾਰਥਕ ਚਿਤਰਣ ਹੈ।ਤਰਲੋਚਨ ਮੀਰ ਦੇ ਸ਼ਬਦ ਬੋਲਦੇ ਹਨ, ਉਸਦੀ ਕਵਿਤਾ ਬੋਲਦੀ ਹੈ। ਕਵੀ ਦੀ ਕਵਿਤਾ ਹਰ ਵਰਤਾਰੇ ਖ਼ਿਲਾਫ਼ ਬੋਲਦੀ ਹੈ ਜੋ ਮਨੁੱਖ ਨੂੰ ਸੰਪੂਰਨ ਹੋਣ ਤੋਂ ਰੋਕਦੀ ਹੈ। ਉਹ ਨਿਜ਼ਾਮ ਖ਼ਿਲਾਫ਼ ਸਵਾਲ ਖੜ੍ਹੇ ਕਰਦਾ ਹੈ ਤੇ ਉਸ ਸਾਰੇ ਪ੍ਰਬੰਧ ਖ਼ਿਲਾਫ਼ ਜੋ ਥੁੜ੍ਹਾਂ ਨੂੰ ਭਰਨ ਵਿੱਚ ਨਾਕਾਮਯਾਬ ਰਿਹਾ ਤੇ ਸਮਾਜ ਦਾ ਤੇ ਕਵੀ ਦਾ ਮਾਨਵਪੁਰ ਦਾ ਸੁਪਨਾ ਅਜੇ ਤੱਕ ਪੂਰਾ ਨਾ ਕਰ ਸਕਿਆ।

ਨਵਦੀਪ ਸਿੰਘ ਮੁੰਡੀ
98880-90038

## “ਮਾਨਵਪੁਰ”

ਉਹ ਮੰਗਦੇ ਨੇ ਕਸ਼ਮੀਰ
ਤਾਂ ਦੇ ਦਿਓ
ਮਰਾਠਵਾੜਾ ਵੀ ਦੇ ਦਿਓ
ਬੇਸ਼ੱਕ ਤਾਮਿਲਾਂ ਨੂੰ
ਤਾਮਿਲਨਾਡੂ
ਨਾਗਿਆਂ ਨੂੰ ਨਾਗਾਲੈਂਡ
ਖਾਲਿਸਤਾਨ ਵੀ ਦੇ ਦਿਓ
ਕਰ ਦਿਓ ਵੱਖਰੇ ਇਹਨਾਂ ਨੂੰ
ਜਬਰੀ ਘੁੱਟ ਕੇ ਕਿਉਂ ਬੰਨਿਆ ਹੈ ?
ਬਸ ਮੈਨੂੰ ਦੇ ਦਿਓ ਮਾਨਵਪੁਰ
ਜਿਸਦੇ ਨਿੱਕੇ- ਨਿੱਕੇ
ਸ਼ਹਿਰ ਹੋਣ, ਪਿੰਡ ਹੋਣ
ਮਹਿਕ ਪੁਰ
ਖੁਸ਼ਬੂ ਕਲਾਂ
ਤਿਤਲੀਆਲਾ
ਗੁਲਾਬੇ ਵਾਲਾ
ਹਰਿਆਲੀਪੁਰ
ਸਮਰਾਟ ਸਿਟੀ ਤੁਸੀਂ ਰੱਖੋ
ਨਿਰਜਿੰਦ ਪਥਰੀਲਾ ਸ਼ਹਿਰ
ਮੈਨੂੰ ਨਹੀਂ ਚਾਹੀਦਾ
ਮੈਨੂੰ ਤਾਂ ਚਾਹੀਦਾ ਹੈ ਜ਼ਿੰਦਗੀਗੜ੍ਹ
ਮੁਹੱਬਤਪੁਰਾ
ਜਿੱਥੇ ਜੀਵਨ ਦਾ ਹੁਸਨ ਹੁੰਦੈ
ਸਮੁੱਚੇ ਭਾਰਤ ਤੇ ਫੈਲਿਆ ਹੋਇਆ
ਮੈਨੂੰ ਮੇਰਾ ਮਾਨਵਪੁਰ ਚਾਹੀਦੈ।

## “ਅਸਰ”

ਉਸਦਾ ਪਿੱਛੇ ਮੁੜਕੇ ਦੇਖਣਾ
ਤੇ ਮੁਸਕਰਾ ਕੇ ਬੋਲਣਾ
ਕਮਾਲ ਕਰਦਾ ਸੀ
ਰੁੱਖਾਂ ਦੇ ਪੱਤੇ ਲਰਜ਼ ਉੱਠਦੇ
ਮਹਿਕਾਂ ਫੁੱਲਾਂ 'ਚੋਂ
ਆਪਣਾ ਸਫ਼ਰ ਸ਼ੁਰੂ ਕਰਦੀਆਂ
ਚੰਨ ਦੀਆਂ ਰਿਸ਼ਮਾਂ
ਚਾਨਣੀ ਬਣਕੇ ਫੈਲ ਜਾਂਦੀਆਂ
ਤਾਰੇ ਗੁਫਤਾਰ ਕਰਨ ਲੱਗਦੇ
ਰਾਹੀਆਂ ਦੇ ਚਹਿਰੇ
ਹੱਸਦੇ ਨਜ਼ਰ ਆਉਂਦੇ
ਸਾਹਾਂ ਦੀ ਖੁਸ਼ਬੂ ਫੈਲਣ ਲੱਗਦੀ
ਆਪਣਾ ਆਪਾ ਜ਼ਮੀਨ 'ਤੋਂ
ਉੱਠਣ ਲੱਗਦਾ
ਹਰ ਪਾਸੇ ਬਸੰਤ ਫੈਲ ਜਾਂਦੀ।

ਹੁਣ ਉਸਨੇ ਮੂੰਹ ਮੋੜ ਲਿਆ
ਚੰਨ ਸੰਗੀ ਨਜ਼ਰਾਂ ਨਾਲ ਵੇਖਦੈ
ਰੁੱਖ ਸੁੱਕਦੇ ਦਿਸ ਰਹੇ ਨੇ
ਫੁੱਲ ਮੁਰਝਾ ਰਹੇ ਨੇ
ਰਾਹੀਂ ਉਦਾਸੇ ਮਨਾਂ ਨਾਲ
ਅੰਤਹੀਣ ਸਫਰਾਂ 'ਤੇ ਨੇ
ਥਾਂ ਪਏ ਰਹਿਣਾ ਚਾਹੁੰਨਾਂ
ਮੌਤ ਵਰਗੀ ਚੁੱਪ ਨਾਲ
ਏਨਾ ਫਰਕ ਹੈ ਤੇਰੇ ਚਿਹਰੇ ਦੇ
ਰੁਖ ਬਦਲ ਲੈਣ ਦਾ !

## ਹੰਕਾਰ

ਉਸਦੀਆਂ ਜਟੂਰੀਆਂ ਉਲਝੀਆਂ ਨੇ
ਹੱਥ ਗਰਮ ਨੇ
ਸਿਰ ਤਪ ਰਿਹੈ
ਪੈਰ ਮੱਚ ਰਹੇ
ਢਿੱਡ ਗੁੜ ਗੁੜ ਕਰਦੈ
ਹੋਠ ਫਟੇ ਨੇ
ਦਾਹੜੀ ਪੂਰੀ ਉੱਤਰੀ ਨਹੀਂ
ਪਰ ਉਸਦੀਆਂ ਰਗਾਂ 'ਚ
ਹੌਲੀ ਹੌਲੀ ਲਾਵਾ ਉੱਤਰ ਰਿਹੈ
ਮਨ ਖ਼ਾਸ ਆਕਿਰਤੀ ਵਿੱਚ
ਢਲਦਾ ਜਾਂਦੈ
ਪੂਰੇ ਵਿਸ਼ਵ ਉੱਤੇ ਧੂੰਏਂ ਵਾਂਗ
ਫੈਲਦਾ ਜਾਂਦੈ
ਪੇਟ ਦੀ ਗੁੜ ਗੁੜ
ਹਵਾ ਭੱਖਣ ਨਾਲ ਸ਼ਾਂਤ
ਹੁੰਦੀ ਜਾਂਦੀ ਹੈ
ਜਟੂਰੀ ਜਟ ਬਣਦੀ ਜਾਂਦੀ ਹੈ
ਪੈਗ਼ੰਬਰੀ ਹੱਥ ਉਸਦੇ ਮੋਢੇ 'ਤੇ ਟਿਕਦੈ
ਉਹ ਸ਼ੂਦਰ ਤੋਂ ਖੱਤਰੀ ਬਣਦੈ
ਨਿਰਬਲ ਕਾਇਆ
ਤਿਰਸ਼ੂਲ ਚੁੱਕਦੀ ਹੈ
ਦੁੱਧ ਚੁੰਘਦੇ ਮਾਨਵ ਦੇ ਵਿੱਚੋਂ ਪਾਰ ਕਰਦੀ ਹੈ
ਉਸਦੇ ਅੱਗੇ ਹੋਰ ਨਿਰਬਲ ਤਨ ਤੁਰੇ ਜਾਂਦੇ ਨੇ
ਪੈਗ਼ੰਬਰ ਹੱਥ ਪਿੱਛੇ ਕਰਦਾ ਹੈ
ਭੀੜ ਸਵਰਗ ਵੱਲ ਜਾਂਦੀ ਹੈ
ਜਿੱਥੇ ਸਵਰਨਾਂ ਦੇ ਦਰ ਨੇ
ਨਿਰਬਲ ਤਨ ਦਰਬਾਨ ਬਣਕੇ ਖੜ੍ਹ ਜਾਂਦੇ ਨੇ।
ਆਪਣਾ ਘਰ ਪਿੱਛੇ ਛੱਡ ਆਏ
ਪਿਆਰ ਦੀ ਪੱਕੀ ਫ਼ਸਲ
ਭੁੱਲ ਭੁਲਾ ਕੇ
ਕਿਸੇ ਅਮੁੱਕ ਨਸ਼ੇ ਦੀ
ਖੁਮਾਰੀ ਵਿੱਚ ਲੀਨ।

## ਯੁੱਧ ਵਿਰਾਮ

ਸੂਰਜ ਦੀ ਪਹਿਲੀ ਕਿਰਨ
ਜਦੋਂ ਨੰਗੇ ਪਿੰਡਿਆਂ ਨੂੰ ਚੁੰਮਦੀ ਹੈ
ਉਦੋਂ ਧਰਤੀ ਦੇ ਪਿੰਡੇ ਨੂੰ ਸੰਵਾਰਿਆ
ਜਾਂਦੈ
ਖਿੱਲਰੀਆਂ ਜਟੂਰੀਆਂ ਵਾਹੀਆਂ
ਜਾਂਦੀਆਂ ਨੇ
ਮੈਲਾ ਤਨ ਨਵਾਹਿਆ ਜਾਂਦੈ
ਇਸਦੀਆਂ ਜ਼ੁਲਫ਼ਾਂ ਵਾਹੀਆਂ
ਜਾਂਦੀਆਂ ਨੇ
ਇਸਦੇ ਪੁੱਤਰ ਇਸਨੂੰ ਖ਼ੂਬਸੂਰਤ
ਰੱਖਣ ਦਾ
ਵਰਤਦੇ ਨੇ ਹਰ ਹੀਲਾ
ਧਰਤੀ ਦੇ ਉੱਤਰ ਦੱਖਣ
ਤੇ ਪੂਰਬ ਪੱਛਮ
ਧਰਤੀ ਦਾ ਹਰ ਅੰਗ ਦਰੁਸਤ ਕੀਤਾ
ਜਾਂਦੈ
ਇਸਦੇ ਹਾਰ ਸ਼ਿੰਗਾਰ ਮਗਰੋਂ
ਆ ਫੜਕਦੇ ਨੇ
ਯੁੱਧ ਯੁੱਧ ਕਰਦੇ
ਮਾਪ ਤੋਲ ਕਰਦੇ
ਆਪਣੀਆਂ ਜੇਬਾਂ ਭਰਨ ਖ਼ਾਤਰ
ਹੱਸਦੇ ਵਸਦੇ ਗਗਨ ਚੁੰਬੀ ਘਰ
ਸਣੇ ਨਿੱਕੀਆਂ ਨਿੱਕੀਆਂ ਝੁੱਗੀਆਂ
ਦੇ
ਢਹਿ ਜਾਂਦੇ ਉਸਦੇ ਇਸ਼ਾਰੇ 'ਤੇ
ਲੜ ਪੈਂਦੇ ਦੋ ਚਾਰ ਬਾਂਦਰ
ਬਾਂਦਰ ਧਰਤੀ ਪੁੱਤਰਾਂ ਨੂੰ
ਦਿੰਦੇ ਹੁਕਮ ਇੱਕ ਦੂਜੇ ਨਾਲ
ਲੜਨ ਦਾ
ਫੇਰ ਚਾਹੇ ਜਾਪਾਨ ਹੋਵੇ
ਗਾਜ਼ਾ ਪੱਟੀ ਹੋਵੇ
ਫਲਸਤੀਨ ਹੋਵੇ
ਸੀਰੀਆ ਹੋਵੇ ਚਾਹੇ ਦੇਵ ਤੇ ਦਾਨਵ
ਭੂਮੀ
ਲੀਰ ਲੀਰ ਹੁੰਦੀ ਮਨੁੱਖਤਾ
ਬਾਲਾਂ ਦੇ ਮੋਹ ਦੀ ਉੱਡਦੀ ਛਾਂ
ਬਿਰਧਾਂ ਦੇ ਸਹਾਰੇ
ਮੁਹੱਬਤ ਨਾਲ ਭਰੀ ਜਵਾਨੀ
ਰੁਲ ਜਾਂਦੀ ਹੈ ਟੈਂਕਾਂ ਤੋਪਾਂ ਬੰਬਾਂ ਹੇਠ
ਨਾਗਾਸਾਕੀ, ਹੀਰੋਸ਼ੀਮਾ ਬਣ ਜਾਂਦੈ
ਖ਼ੂਬਸੂਰਤੀ ਨਾਲ ਭਰਿਆ ਸ਼ਹਿਰ
ਨਰਕ ਬਣ ਜਾਂਦੇ ਨਿੱਕੇ ਨਿੱਕੇ ਪਿੰਡ
ਕੋਈ ਫ਼ਰਕ ਨਹੀਂ ਪੈਂਦਾ ਉਸਨੂੰ
ਉਸਦੇ ਇੱਕ ਇਸ਼ਾਰੇ 'ਤੇ
ਰੁਕ ਜਾਂਦੈ ਯੁੱਧ
ਤੇ ਸ਼ੁਰੂ ਹੋ ਜਾਂਦੈ
ਬਚੇ ਖੁਚੇ ਧਰਤੀ ਪੁੱਤਰ
ਉੱਜੜੇ ਘਰੀਂ ਪਰਤਦੇ
ਮਸ਼ਵਰਾ ਕਰਦੇ ਕਿਵੇਂ ਬਚਾਈਏ
ਬਾਂਦਰਾਂ ਤੋਂ
ਤੇ
ਬਾਂਦਰਾਂ ਦੇ ਮਾਲਕਾਂ ਤੋਂ
ਮਸ਼ਵਰਾ ਚਲਦਾ ਹੈ
ਮਸ਼ਵਰਾ ਚੱਲ ਰਿਹਾ ਹੈ
ਨਿਰਣੇ ਦੀ ਉਡੀਕ ਹੈ ।
*****

## ਗ਼ਜ਼ਲ



ਵਾਧੂ ਹੀ ਕੁਝ ਰੱਤ ਮੰਗਦੇ ਨੇਂ ਅਕਸਰ
ਸ਼ਿਅਰ ਮਿਰੇ
ਟੰਗ ਦਿੰਦੇ ਨੇਂ ਵਕ਼ਤ ਦੀ ਸੂਲ਼ੀ ਉੱਪਰ
ਸ਼ਿਅਰ ਮਿਰੇ
ਪਥਰੀਲ਼ੀ ਧਰਤੀ ਵਿੱਚ ਪੈਦਾ ਕਰਨੇ
ਜਿੰਵ ਗੁਲਾਬ
ਇੰਵ ਹੀ ਪੈਦਾ ਕਰਨੇ ਦੂਭਰ, ਬਿਹਤਰ
ਸ਼ਿਅਰ ਮਿਰੇ
ਸੁੰਨੀ ਸੋਚ ਦੀ ਡੂੰਘੀ ਕੰਦਰਾ
ਪਾਤਾਲਾਂ-ਪਾਤਾਲ਼
ਆਕਾਸਾਂ-ਆਕਾਸ ਝਰਨ ਕਿੰਵ ਅੰਦਰ
ਸ਼ਿਅਰ ਮਿਰੇ
ਗੂੜ੍ਹੇ 'ਨ੍ਹੇਰੇ ਦੀ ਕਾਲਖ 'ਚੋਂ ਲੈ ਕੇ
ਤੁਪਕਾ ਤੁਪਕਾ
ਕਾਗ਼ਜ਼ 'ਤੇ ਵਾਹੁੰਦੇ ਚਾਨਣ ਦਾ ਲਸ਼ਕਰ,
ਸ਼ਿਅਰ ਮਿਰੇ
ਪਾਰਖੂਆਂ ਦਾ ਅਪਣਾ ਵੱਖਰਾ-ਵੱਖਰਾ
ਦ੍ਰਿਸ਼ਟੀਕੋਣ
ਜਾਪਣ ਮੋਮ ਕਿਸੇ ਨੂੰ ਜਾਪਣ ਪੱਥਰ
ਸ਼ਿਅਰ ਮਿਰੇ
ਦਿਲ ਦੇ ਅੰਦਰ ਖੋਭ ਕੇ ਉਂਗ਼ਲ
ਮੱਥੇ ਸੂਰਜ ਦੇ
ਬੇਡਰ ਹੋ ਕੇ ਕਰ ਦਿੰਦੇ ਹਸਤਾਖਰ
ਸ਼ਿਅਰ ਮਿਰੇ
ਦੁਨੀਆ ਦੇ ਹਰ ਕੋਨੇ ਵਿਚ ਸੰਭਵ ਹੈ
ਅਮਨ-ਅਮਾਨ
'ਸ਼ੈਦਾ' ਜੇਕਰ ਘਰ ਕਰ ਜਾਵਣ ਘਰ-ਘਰ
ਸ਼ਿਅਰ ਮਿਰੇ

-ਅੰਮ੍ਰਿਤਪਾਲ ਸਿੰਘ ਸ਼ੈਦਾ
(ਮੋਬ: 98552-32575)

## ਨਿਉਂਦਾ

ਉਹਦੇ ਐਮ.ਏ. ਪਾਸ ਪੁੱਤਰ ਦੀ ਚੰਡੀਗੜ੍ਹ ਵਿੱਚ ਇੰਟਰਵਿਊ ਦਾ ਸੱਦਾ ਹਾਲੇ ਆਉਣਾ ਸੀ। ਆਸਾਮੀ ਲਈ ਲਿਖਤੀ ਟੈਸਟ ਉਸ ਨੇ ਪਾਸ ਕਰ ਲਿਆ ਸੀ। 'ਜੇ ਆਪਣੇ ਇਲਾਕੇ ਦੇ ਮੰਤਰੀ ਦਾ ਥੋੜ੍ਹਾ ਜਿਹਾ ਟੁੱਲ ਲੱਗ ਜੇ ਤਾਂ ਮੁੰਡਾ ਆਹਰੇ ਲੱਗ ਜੂ' ਇਹ ਸੋਚ ਕੇ ਉਸ ਨੇ ਮੰਤਰੀ ਦੀ ਕੋਠੀ ਕਈ ਗੇੜੇ ਮਾਰੇ। ਵੋਟਾਂ ਵੇਲੇ ਪੂਰੀ ਮੱਦਦ ਕਰਨ ਕਰਕੇ ਉਹ ਉਸ 'ਤੇ ਆਪਣਾ ਹੱਕ ਵੀ ਸਮਝਦਾ ਸੀ, ਪਰ ਮੰਤਰੀ ਉੱਥੇ ਨਹੀਂ ਮਿਲਿਆ। ਉੱਥੇ ਖੜ੍ਹੇ ਪੁਲੀਸ ਵਾਲੇ ਨੇ ਦੱਸਿਆ ਕਿ ਇੱਥੇ ਤਾਂ ਮੰਤਰੀ ਸਾਹਿਬ ਸਬੱਬੀਂ ਗੇੜਾ ਮਾਰਦੇ ਨੇ। ਉਹ ਜਾਂ ਤਾਂ ਸੈਕਟਰੀਏਟ ਵਿੱਚ ਮਿਲਣਗੇ ਜਾਂ ਫਿਰ ਚੰਡੀਗੜ੍ਹ ਕੋਠੀ ਵਿੱਚ। ਇੱਥੇ ਗੇੜਾ ਮਾਰਨ ਦਾ ਕੋਈ ਫ਼ਾਇਦਾ ਨਹੀਂ। ਉਸ ਨੇ ਆਪਣੇ ਪੜ੍ਹੇ ਲਿਖੇ ਮੁੰਡੇ ਨੂੰ ਨਾਲ ਲੈ ਕੇ ਸਕੱਤਰੇਤ ਦਾ ਰੁਖ਼ ਕਰ ਲਿਆ। ਅਗਾਂਹ ਮੰਤਰੀ ਜੀ ਤੱਕ ਪਹੁੰਚਣਾ ਕਿਹੜਾ ਸੌਖਾ ਸੀ! ਰਿਸੈਪਸ਼ਨ 'ਤੇ ਪਾਸ ਬਣਵਾਉਣ ਲਈ ਉਸ ਦਾ ਲੜਕਾ ਖਿੜਕੀ ਕੋਲ ਖੜੋ ਗਿਆ। “ਕਿਸ ਨੂੰ ਮਿਲਣਾ ਹੈ?” ਪਾਸ ਬਣਾਉਣ ਵਾਲੇ ਨੇ ਪੁੱਛਿਆ। “ਮੰਤਰੀ ਜੀ ਨੂੰ ਮਿਲਣੈ। ਉਨ੍ਹਾਂ ਦੇ ਇਲਾਕੇ ਵਿੱਚੋਂ ਆਏ ਹਾਂ। ਬਾਪੂ ਜੀ ਨੂੰ ਚੰਗੀ ਤਰ੍ਹਾਂ ਜਾਣਦੇ ਨੇ।” ਮੁੰਡੇ ਨੇ ਤਰਲੇ ਨਾਲ ਕਿਹਾ। ਅਗਾਂਹ ਪਾਸ ਕੱਟਣ ਵਾਲੇ ਨੇ ਮੰਤਰੀ ਦੇ ਪੀ.ਏ. ਨੂੰ ਫੋਨ ਮਿਲਾ ਕੇ ਪਾਸ ਜਾਰੀ ਕਰਨ ਲਈ ਪੁੱਛਿਆ। ਪੀ.ਏ. ਨੇ ਪਾਸ ਕੱਟਣ ਵਾਲੇ ਨੂੰ ਕਿਹਾ ਕਿ ਮੇਰੀ ਇਨ੍ਹਾਂ ਨਾਲ ਗੱਲ ਕਰਾ। “ਹਾਂ ਜੀ” ਕਹਿਣ 'ਤੇ ਪੀ.ਏ. ਨੇ ਬੇਰੁਖ਼ੀ ਜਿਹੀ ਨਾਲ ਕਿਹਾ, “ਮੰਤਰੀ ਸਾਹਿਬ, ਅੱਜ ਸਾਰਾ ਦਿਨ ਮੀਟਿੰਗਾਂ ਵਿੱਚ ਰੁੱਝੇ ਨੇ। ਤੁਸੀਂ ਕਿਸੇ ਦਿਨ ਪਹਿਲਾਂ ਟਾਈਮ ਲੈ ਕੇ ਆਵੋ।” ਕੋਸ਼ਿਸ਼ ਕਰਨ 'ਤੇ ਵੀ ਉਨ੍ਹਾਂ ਨੂੰ ਸਕੱਤਰੇਤ ਦੀਆਂ ਪੌੜੀਆਂ ਚੜ੍ਹਨੀਆਂ ਨਸੀਬ ਨਾ ਹੋਈਆਂ। ਬਜ਼ੁਰਗ ਨੇ ਪੁੱਤ ਨੂੰ ਕਿਹਾ, “ਹੁਣ ਜਾਵਾਂਗੇ ਤਾਂ ਆਪਾਂ ਮਿਲ ਕੇ ਹੀ। ਆਥਣੇ ਕੋਠੀ ਜਾ ਕੇ ਦੇਖਦੇ ਹਾਂ।” ਰਾਤੀਂ ਸੱਤ ਕੁ ਵਜੇ ਉਹ ਮੰਤਰੀ ਦੀ ਕੋਠੀ ਪੁੱਜ ਗਏ। ਅੱਗਿਉਂ ਸੰਤਰੀ ਨੇ ਬੇਰੁਖ਼ੀ ਨਾਲ ਕਿਹਾ, “ਅੰਦਰ ਪਾਰਟੀ ਚੱਲ ਰਹੀ ਹੈ। ਮੰਤਰੀ ਜੀ ਕਿਸੇ ਨੂੰ ਮਿਲ ਨਹੀਂ ਸਕਦੇ।” ਰਾਤ ਉਨ੍ਹਾਂ ਨੇ ਚੰਡੀਗੜ੍ਹ ਵਿੱਚ ਭਟਕਦਿਆਂ ਹੀ ਗੁਜ਼ਾਰੀ। ਸਵੇਰੇ ਸਾਝਰੇ ਹੀ ਉਨ੍ਹਾਂ ਨੇ ਫਿਰ ਕੋਠੀ ਦਸਤਕ ਦੇ ਦਿੱਤੀ। ਅੱਗਿਉਂ ਸੰਤਰੀ ਦਾ ਰੁੱਖਾ ਜਿਹਾ ਜਵਾਬ ਮਿਲਿਆ, “ਮੰਤਰੀ ਜੀ ਤਾਂ ਦਿੱਲੀ ਚਲੇ ਗਏ ਨੇ। ਦੋ ਦਿਨ ਉੱਥੇ ਹੀ ਰਹਿਣਗੇ।” ਉਹ ਉਦਾਸ, ਨਿੰਮੋਝੂਣੇ ਜਿਹੇ ਹੋ ਕੇ ਪਿੰਡ ਪਰਤ ਆਏ।

“ਕਿਉਂ ਬਣਿਆ ਕੋਈ ਬੰਨ੍ਹ ਸੁਬ੍ਹ?” ਪਤਨੀ ਨੇ ਪਾਣੀ ਦਾ ਗਿਲਾਸ ਫੜਾਉਂਦਿਆਂ ਕਿਹਾ। “ਕਾਹਨੂੰ, ਕੁੱਤੇ ਭਕਾਈ ਹੋਈ ਐ। ਨਾ ਦਫ਼ਤਰ ਮਿਲਿਆ। ਨਾ ਕੋਠੀ। ਉਹਦਾ ਪੀ.ਏ. ਕਹਿੰਦਾ ਪਹਿਲਾਂ ਸਮਾਂ ਲੈ ਕੇ ਆਉ। ਫਿਰ ਮਿਲਿਆ ਜਾਊ।” ਪਤੀ ਨੇ ਅੰਤਾਂ ਦਾ ਨਿਰਾਸ਼ ਹੋ ਕੇ ਕਿਹਾ।

“ਦੇਖ ਲੈ, ਚੋਣਾਂ ਵੇਲੇ ਕਿਵੇਂ ਲੇਲ੍ਹੜੀਆਂ ਕੱਢਦਾ ਸੀ। ਮੇਰੇ ਪੈਰੀਂ ਹੱਥ ਲਾ ਕੇ ਕਹਿੰਦਾ ਸੀ, 'ਬੇਬੇ, ਅਸ਼ੀਰਵਾਦ ਦੇ ਤੇਰੇ ਪੁੱਤ ਨੂੰ। ਥੋਡੇ ਸਾਰਿਆਂ ਦੇ ਸਹਿਯੋਗ ਨਾਲ ਹੀ ਜਿੱਤਿਆ ਜਾਣੈ। ਥੋਡਾ ਸੇਵਕ ਬਣ ਕੇ ਇਲਾਕੇ ਦੀ ਸੇਵਾ ਕਰੂੰ। ਤੁਸੀਂ ਜਦੋਂ ਵੀ ਬੁਲਾਉਂਗੇ, ਅੱਧ-ਬੋਲ ਹਾਜ਼ਰ ਹੋਵਾਂਗਾ। ਦੇਖ ਲੈ ਹੁਣ...। ਕੋਈ ਨਹੀਂ ਪਾਣੀ ਤਾਂ ਪੁਲਾਂ ਹੇਠ ਦੀ ਲੰਘਣੈ। ਵੋਟਾਂ ਵਾਲਾ ਸਮਾਂ ਆਉਣ ਦੇ। ਇਹਨੂੰ ਸੁਆਰ ਕੇ ਧਨੇਸੜੀ ਦੇਵਾਂਗੇ।”

ਕੁਝ ਮਹੀਨਿਆਂ ਬਾਅਦ ਹੀ ਉਸ ਦੇ ਪਿੰਡ ਦੇ ਸਕੂਲ ਵਿੱਚ ਲਿਆਂਦੀ 'ਵਿਕਾਸ ਦੀ ਹਨੇਰੀ' ਦਾ ਨੀਂਹ ਪੱਥਰ ਰੱਖਣ ਆਉਣਾ ਸੀ। ਉਹਦੇ ਵਾਂਗ ਇਲਾਕੇ ਦੇ ਲੋਕ ਵੀ ਉਹਦੀ ਕਾਰਗੁਜ਼ਾਰੀ ਤੋਂ ਨਾਰਾਜ਼ ਸਨ। ਇਧਰ ਸਕੂਲ ਅਧਿਆਪਕ ਮੰਤਰੀ ਦੇ ਸਵਾਗਤ ਲਈ ਤਿਆਰੀਆਂ ਵਿੱਚ ਰੁੱਝੇ ਹੋਏ ਸਨ ਅਤੇ ਇਲਾਕੇ ਦੇ ਲੋਕਾਂ ਨੇ ਅਲੱਗ ਹੀ ਢੰਗ ਨਾਲ ਮੰਤਰੀ ਦਾ 'ਸਵਾਗਤ' ਕਰਨ ਦਾ ਪ੍ਰੋਗਰਾਮ ਉਲੀਕ ਲਿਆ। ਅਧਿਆਪਕ ਇਕੱਠ ਕਰਨ ਲਈ ਘਰੋਂ ਘਰੀਂ ਸੁਨੇਹੇ ਦਿੰਦੇ ਰਹੇ। ਆਪਣੇ ਵਿਦਿਆਰਥੀਆਂ ਨੂੰ ਵੀ ਕਿਹਾ ਕਿ ਉਹ ਮਾਪਿਆਂ ਨੂੰ ਸਕੂਲ ਲੈ ਕੇ ਆਉਣ। ਸਮਾਗਮ ਦੀ ਸ਼ੋਭਾ ਵਧਾਉਣੀ ਜ਼ਰੂਰੀ ਹੈ।

ਮੰਤਰੀ ਦਾ ਕਾਫ਼ਲਾ ਗੱਡੀਆਂ ਸਮੇਤ ਸਕੂਲ ਵੱਲ ਜਾ ਰਿਹਾ ਸੀ। ਰਾਹ ਵਿੱਚ ਭਾਰੀ ਇਕੱਠ ਵੇਖ ਕੇ ਉਸ ਨੇ ਅੰਦਾਜ਼ਾ ਲਾਇਆ ਕਿ ਉਸ ਦੇ ਸਵਾਗਤ ਲਈ ਲੋਕ ਰਾਹ ਵਿੱਚ ਖੜੋਤੇ ਹਨ। ਉਸ ਨੇ ਗੱਡੀ ਰੋਕੀ। ਦੋਵੇਂ ਹੱਥ ਜੋੜ ਕੇ ਭੀੜ ਵੱਲ ਵਧਿਆ। ਭੀੜ ਦੇ ਨੇੜੇ ਆਉਣ 'ਤੇ ਇੱਕ ਵਿਅਕਤੀ ਨੇ ਵਿਅੰਗ ਕੀਤਾ, “ਬੱਲੇ ਬੱਲੇ, ਜਾਂ ਤਾਂ ਇਹਦੇ ਹੱਥ ਉਦੋਂ ਜੁੜੇ ਹੋਏ ਸੀ, ਜਦੋਂ ਇਹਨੇ ਵੋਟਾਂ ਲੈਣੀਆਂ ਸੀ ਅਤੇ ਜਾਂ ਫਿਰ ਅੱਜ ਵੋਟਾਂ ਪਿੱਛੋਂ ਪਹਿਲੀ ਵਾਰ ਇਹਦੇ ਦਰਸ਼ਨ ਹੋਏ ਨੇ।” ਫਿਰ ਲੋਕਾਂ ਨੇ ਉਹਦੇ 'ਤੇ ਸਵਾਲਾਂ ਦੀ ਝੜੀ ਲਾ ਦਿੱਤੀ। ਉਹਦੇ ਇਲਾਕੇ ਵਿੱਚ ਕੀਤੇ ਕੰਮਾਂ ਸਬੰਧੀ ਜਾਣਕਾਰੀ ਮੰਗੀ। ਚੋਣ ਵਾਅਦੇ ਯਾਦ ਕਰਵਾਏ, ਫਿਟ ਲਾਹਨਤਾਂ ਵੀ ਪਾਈਆਂ। ਉਹ ਬਜ਼ੁਰਗ ਭੀੜ ਨੂੰ ਚੀਰਦਾ ਹੋਇਆ ਅਗਾਂਹ ਵਧਿਆ। ਰੋਹ ਭਰੇ ਅੰਦਾਜ਼ ਵਿੱਚ ਉਸ ਨੇ ਪੁੱਛਿਆ, “ਸ਼ਹਿਰ ਕੋਠੀ 'ਚ ਤੂੰ ਮਿਲਦਾ ਨਹੀਂ। ਚੰਡੀਗੜ੍ਹ ਦਫ਼ਤਰ ਮੂਹਰੇ ਜਵਾਬ ਮਿਲਦੈ ਕਿ ਪਹਿਲਾਂ ਟਾਈਮ ਲੈ ਕੇ ਆਉ, ਫਿਰ ਮਿਲੂਗਾ ਮੰਤਰੀ। ਤੈਨੂੰ ਮਿਲਣ ਵਾਸਤੇ ਤਾਂ ਪਹਿਲਾਂ ਤੈਥੋਂ ਟਾਈਮ ਲੈਣਾ ਪੈਣੈ। ਤੂੰ ਫਿਰ ਮਿਲੇਂਗਾ। ਅੱਜ ਤੂੰ ਸਾਡੇ ਪਿੰਡ ਆਇਆਂ, ਕੀਹਤੋਂ ਪੁੱਛ ਕੇ ਆਇਐਂ? ਬਿਨਾਂ ਪੁੱਛੇ ਤੋਂ ਆਉਣ ਵਾਲੇ ਨੂੰ ਅਗਾਂਹ ਅਸੀਂ ਵੀ ਨਹੀਂ ਜਾਣ ਦਿੰਦੇ। ਤੇਰੀਆਂ ਗੱਡੀਆਂ ਸਾਡੀਆਂ ਲਾਸ਼ਾਂ ਉੱਪਰ ਦੀ ਲੰਘਣਗੀਆਂ।” ਨਾਲ ਹੀ ਲੋਕਾਂ ਨੇ ਉਹਦਾ ਨਾਂ ਲੈ ਕੇ ਮੁਰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਪੁਲੀਸ ਦੀਆਂ ਰੋਕਾਂ ਦੇ ਬਾਵਜੂਦ ਲੋਕ ਉਹਦੀਆਂ ਗੱਡੀਆਂ ਅੱਗੇ ਕੰਧ ਬਣ ਕੇ ਖੜ੍ਹੋ ਗਏ। ਮਜਬੂਰੀਵੱਸ ਉਸ ਨੂੰ ਸਕੂਲ ਵਿੱਚ ਲਿਆਂਦੀ ਵਿਕਾਸ ਕ੍ਰਾਂਤੀ ਦਾ ਨੀਂਹ ਪੱਥਰ ਰੱਖੇ ਬਿਨਾਂ ਹੀ ਮੁੜਨਾ ਪਿਆ।

ਧੂੜ ਉਡਾਉਂਦੀ ਜੀਪ ਵੱਲ ਲੋਕ ਨਫ਼ਰਤ ਭਰੀਆਂ ਨਜ਼ਰਾਂ ਨਾਲ ਵਿਹੰਦਿਆਂ ਕਹਿ ਰਹੇ ਸਨ, “ਇਹ ਤਾਂ ਹਾਲਾਂ ਨਿਉਂਦਾ ਪਾਇਆ ਹੈ। ਭਾਜੀ ਤਾਂ ਵੋਟਾਂ ਵੇਲੇ ਪਾਵਾਂਗੇ।”

ਮੋਹਨ ਸ਼ਰਮਾ
ਸੰਪਰਕ: 94171-48866

# ਅਗਿਆਨਤਾ ਦਾ ਨਤੀਜਾ ਨੇ ਅੰਧ-ਵਿਸ਼ਵਾਸ



- ਗੁਰਦੀਪ ਸਿੰਘ ਭੁੱਲਰ

ਅੱਜ ਦਾ ਮਨੁੱਖ ਸਮਾਜਿਕ ਵਾਤਾਵਰਨ ਵਿੱਚ ਰਹਿ ਰਿਹਾ ਹੈ ਤੇ ਉਹ ਸਮਾਜ ਦੇ ਇਸ ਪੂਰੇ ਤਾਣੇ-ਬਾਣੇ ਵਿੱਚ ਪਰੋਇਆ ਹੋਇਆ ਹੈ। ਮਨੁੱਖ ਦੀ ਹੋਂਦ ਨਾਲ ਹੀ ਸਮਾਜ ਦੀ ਉਤਪਤੀ ਹੋਈ ਤੇ ਫਿਰ ਅਸੀਂ ਸਾਰੇ ਇਸ ਸਮਾਜ ਦਾ ਹਿੱਸਾ ਬਣੇ। ਸਾਡੀ ਸ਼ੁਰੂ ਤੋਂ ਹੀ ਇਹ ਪਰੰਪਰਾ ਰਹੀ ਹੈ ਕਿ ਸਮਾਜ ਦੇ ਇਸ ਪੂਰੇ ਢਾਂਚੇ ਵਿੱਚ ਸਮੇਂ ਦੇ ਨਾਲ-ਨਾਲ ਹੋਣ ਵਾਲੇ ਬਦਲਾਵ ਨੇ ਸਾਨੂੰ ਪ੍ਰਭਾਵਿਤ ਕੀਤਾ ਤੇ ਇਸ ਵਿੱਚ ਰਹਿਣ ਵਾਲੇ ਹਰ ਵਿਅਕਤੀ ਨੇ ਆਪਣੇ ਆਪ ਨੂੰ ਇਸ ਦੇ ਅਨੁਸਾਰ ਢਾਲ਼ ਲਿਆ। ਪ੍ਰਕਿਰਤੀ ਵਿੱਚ ਹੋਣ ਵਾਲੀਆਂ ਕੁਝ ਕੁਦਰਤੀ ਘਟਨਾਵਾਂ ਦਾ ਮਨੁੱਖ ਦੇ ਦਿਮਾਗ਼ 'ਤੇ ਬਹੁਤ ਡੂੰਘਾ ਅਸਰ ਹੋਇਆ ਤੇ ਇਸ ਨੂੰ ਅੰਦਰੋ ਅੰਦਰੀ ਹੋਣ ਵਾਲੀਆਂ ਇਨ੍ਹਾਂ ਘਟਨਾਵਾਂ ਦਾ ਡਰ ਅਤੇ ਸਹਿਮ ਸਤਾਉਣ ਲੱਗਾ।

ਕੁਦਰਤ ਦੇ ਨਿਯਮਾਂ ਤੋਂ ਅਣਜਾਣ ਇਹ ਵਿਅਕਤੀ ਹੋਣ ਵਾਲੇ ਇਸ ਸਭ ਵਰਤਾਰੇ ਨੂੰ ਕਿਸੇ ਚੰਦਰੀ ਆਤਮਾ ਜਾਂ ਗੈਬੀ ਸ਼ਕਤੀ ਦਾ ਪ੍ਰਕੋਪ ਮੰਨਣ ਲੱਗਾ। ਫਿਰ ਆਪਣੀ ਮਾਨਸਿਕ ਕਮਜ਼ੋਰੀ ਨੂੰ ਸਹਾਰਾ ਦੇਣ ਲਈ ਇਸ ਨੇ ਪੂਜਾ ਪਾਠ ਤੇ ਝੂਠੇ ਕਰਮ ਕਾਂਡਾਂ ਦੀਆਂ ਅਨੇਕਾਂ ਵਿਧੀਆਂ ਨੂੰ ਅਪਣਾਇਆ ਜਿਸ ਵਿੱਚੋਂ ਕਈ ਤਰ੍ਹਾਂ ਦੇ ਅੰਧ-ਵਿਸ਼ਵਾਸ ਤੇ ਵਹਿਮਾਂ ਭਰਮਾਂ ਨੇ ਜਨਮ ਲਿਆ।

### ਅਗਿਆਨਤਾ ਹੈ ਵੱਡਾ ਕਾਰਨ

ਜੇਕਰ ਮੌਜੂਦਾ ਸਮੇਂ ਦੀ ਗੱਲ ਕਰੀਏ ਤਾਂ ਬੇਸ਼ੱਕ ਇਸ ਇਕੱਵੀਂ ਸਦੀ ਦੇ ਯੁੱਗ ਵਿੱਚ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਅੱਜ ਵੀ ਬਹੁ ਗਿਣਤੀ ਵਿੱਚ ਇਨਸਾਨ ਇਨ੍ਹਾਂ ਅੰਧ-ਵਿਸ਼ਵਾਸ ਤੇ ਵਹਿਮਾਂ ਭਰਮਾਂ ਦੇ ਪ੍ਰਭਾਵ ਹੇਠ ਆਪਣਾ ਜੀਵਨ ਬਤੀਤ ਕਰ ਰਿਹਾ ਹੈ। ਅੱਜ ਸਾਡੀ ਨਿੱਜੀ ਜ਼ਿੰਦਗੀ ਵਿੱਚ ਇਨ੍ਹਾਂ ਵਹਿਮਾਂ ਭਰਮਾਂ ਦੇ ਅਜਿਹੇ ਕਈ ਪੱਖ ਹਨ ਜਿਨ੍ਹਾਂ ਨੂੰ ਅਸੀਂ ਸ਼ਗਨ ਅਤੇ ਅਪਸ਼ਗਨ ਦੇ ਤੌਰ 'ਤੇ ਆਪਣੇ ਨਾਲ ਜੋੜਦੇ ਹਾਂ ਤੇ ਹਰ ਕੰਮ ਕਰਨ ਤੋਂ ਪਹਿਲਾਂ ਇਨ੍ਹਾਂ ਨੂੰ ਬੜੀ ਗੰਭੀਰਤਾ ਨਾਲ ਵਿਚਾਰਦੇ ਹਾਂ ਤਾਂ ਜੋ ਸਾਡਾ ਹੋਣ ਵਾਲਾ ਕੰਮ ਪੂਰਨ ਤੌਰ 'ਤੇ ਸਿੱਧ ਹੋ ਸਕੇ।

ਉਦਾਹਰਣ ਦੇ ਤੌਰ 'ਤੇ ਅਕਸਰ ਵਹਿਮੀ ਲੋਕ ਬੁੱਧ ਤੇ ਸ਼ਨੀਵਾਰ ਨੂੰ ਨਵਾਂ ਕੱਪੜਾ ਪਹਿਨਣਾ, ਐਤਵਾਰ ਨੂੰ ਨਵੇਂ ਗਹਿਣੇ ਪਹਿਨਣਾ, ਸੂਰਜ ਨੂੰ ਪਾਣੀ ਦੇਣਾ, ਤੁਲਸੀ ਦੀ ਪੂਜਾ ਕਰਨੀ, ਆਕਾਸ਼ ਵਿੱਚ ਤਾਰਾ ਟੁੱਟਦਾ ਦੇਖਣਾ ਇਨ੍ਹਾਂ ਸਭ ਵਿਧੀਆਂ ਨੂੰ ਸ਼ੁਭ ਅਤੇ ਘਰੋਂ ਬਾਹਰ ਜਾਣ ਵੇਲੇ ਖ਼ਾਲੀ ਭਾਂਡਾ ਮੱਥੇ ਲੱਗਣਾ, ਬਿੱਲੀ ਦੁਆਰਾ ਰਸਤਾ ਕੱਟਣਾ, ਮੰਗਲ ਜਾਂ ਸ਼ਨੀਵਾਰ ਨੂੰ ਸਿਰ ਨਹਾਉਣਾ, ਵਿਆਹਾਂ ਵਿੱਚ ਕਾਲੇ ਕੱਪੜੇ ਦੀ ਵਰਤੋਂ ਕਰਨਾ ਆਦਿ ਸਭ ਨੂੰ ਅਸ਼ੁਭ ਮੰਨਦੇ ਹਨ। ਇੱਥੇ ਹੀ ਬਸ ਨਹੀਂ ਇਸ ਤਰ੍ਹਾਂ ਦੇ ਅਨੇਕਾਂ ਹੀ ਅੰਧ-ਵਿਸ਼ਵਾਸ ਹਨ ਜੋ ਜਨਮ ਤੋਂ ਲੈ ਕੇ ਮਰਨ ਤਕ ਸਾਡੇ ਨਾਲ ਚੱਲਦੇ ਹਨ।

ਇਨ੍ਹਾਂ ਵਹਿਮਾਂ ਭਰਮਾਂ ਦੇ ਪ੍ਰਫੁੱਲਤ ਹੋਣ ਦਾ ਅੱਜ ਇੱਕੋ ਇੱਕ ਮੂਲ ਕਾਰਨ ਇਹ ਹੈ ਕਿ ਸਾਡੇ ਵਿੱਚ ਅੱਜ ਵੀ ਬਹੁ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜੋ ਅਗਿਆਨਤਾ ਦੇ ਹਨੇਰੇ ਵਿੱਚ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ। ਬੌਧਿਕ ਪੱਧਰ ਤੋਂ ਕਮਜ਼ੋਰ ਹੋਣ ਕਾਰਨ ਇਹ ਲੋਕ ਭਰਮ ਭੁਲੇਖਿਆਂ ਤੇ ਆਪਣਾ ਵਿਸ਼ਵਾਸ ਅਡੋਲ ਰੱਖਦੇ ਹਨ ਤੇ ਅੰਧ ਵਿਸ਼ਵਾਸ ਨੂੰ ਉੱਚ ਪੱਧਰ ਤਕ ਫੈਲਾਉਣ ਵਿੱਚ ਸਹਾਈ ਹੁੰਦੇ ਹਨ।

### ਪ੍ਰਸਾਰਣ ਸਾਧਨਾਂ ਦੀ ਭੂਮਿਕਾ

ਦੂਜੇ ਪੱਖ ਤੋਂ ਜੇ ਗੱਲ ਕਰੀਏ ਤਾਂ ਸਾਡਾ ਪ੍ਰਸਾਰਣ ਮਾਧਿਅਮ ਵੀ ਕਾਫੀ ਹੱਦ ਤਕ ਇਨ੍ਹਾਂ ਅੰਧ-ਵਿਸ਼ਵਾਸ ਦੀਆਂ ਗਾਥਾਵਾਂ ਨੂੰ ਦਿਨ ਰਾਤ ਪ੍ਰਚਾਰਨ 'ਤੇ ਲੱਗਾ ਹੋਇਆ ਹੈ। ਜਿੱਥੇ ਡਿਸਕਵਰੀ ਸਾਇੰਸ ਜਿਹੇ ਚੈਨਲ ਇਨ੍ਹਾਂ ਵਹਿਮਾਂ ਭਰਮਾਂ ਦਾ ਮੁੱਢ ਤੋਂ ਖੰਡਨ ਕਰ ਕੇ ਅਤੇ ਵਿਗਿਆਨ ਦਾ ਪੂਰਾ ਤਰਕ ਦੱਸਦੇ ਹੋਏ ਇਸ ਦੀ ਸਿੱਖਿਆ ਪ੍ਰਤੀ ਜਾਗਰੂਕ ਕਰ ਰਹੇ ਹਨ ਉੱਥੇ ਹੀ ਜ਼ਿਆਦਾਤਰ ਚੈਨਲ ਸਾਰਾ ਦਿਨ ਰਾਸ਼ੀਫਲ, ਗ੍ਰਹਿ, ਤਾਰਾ ਮੰਡਲ ਤੇ ਸ਼ਨੀ ਰਾਹੂ ਕੇਤੂ ਦੀਆਂ ਕਰੋਪੀਆਂ ਤੋਂ ਬਚਣ ਦੇ ਉਪਾਅ ਦੱਸ ਕੇ ਸਾਨੂੰ ਇਨ੍ਹਾਂ ਵਹਿਮਾਂ-ਭਰਮਾਂ ਦੀ ਦਲਦਲ ਵਿੱਚ ਧਕੇਲ ਰਹੇ ਹਨ। ਜਿਸ ਦੇ ਸਿੱਟੇ ਵਜੋਂ ਅੱਜ ਕਈ ਪੜ੍ਹੇ ਲਿਖੇ ਵਿਅਕਤੀਆਂ ਦੇ ਜੀਵਨ ਵਿਚ ਵੀ ਇਨ੍ਹਾਂ ਬੇਅਰਥੇ ਵਹਿਮਾਂ-ਭਰਮਾਂ ਦੀ ਛਾਪ ਅਕਸਰ ਵੇਖਣ ਨੂੰ ਮਿਲਦੀ ਹੈ।

ਮਾਨਸਿਕ ਤੌਰ 'ਤੇ ਕਮਜ਼ੋਰ ਵਿਅਕਤੀ ਆਪਣੇ ਆਪ ਨੂੰ ਕਸ਼ਟਾਂ ਤੇ ਪਰਕੋਪੀਆਂ ਦਾ ਸ਼ਿਕਾਰ ਹੋਇਆ ਮੰਨਦਾ ਹੈ ਤੇ ਇਸ ਵਿੱਚੋਂ ਬਾਹਰ ਨਿਕਲਣ ਲਈ ਕਈ ਤਰ੍ਹਾਂ ਦੇ ਜੋਤਸ਼ੀ, ਤਾਂਤਰਿਕ ਤੇ ਢੌਂਗੀ ਬਾਬਿਆਂ ਦਾ ਸਹਾਰਾ ਲੈਂਦਾ ਹੈ। ਇਨ੍ਹਾਂ ਅਖੌਤੀ ਜੋਤਸ਼ੀਆਂ ਵੱਲੋਂ ਉਪਾਅ ਦੇ ਰੂਪ ਵਿੱਚ ਜਿਵੇਂ ਕਿਸੇ ਕਾਗ਼ਜ਼ 'ਤੇ ਲਿਖੇ ਮੰਤਰ ਨੂੰ ਘੋਲ ਕੇ ਪੀਣਾ, ਵੰਨ ਸੁਵੰਨੇ ਤਵੀਤਾਂ ਨੂੰ ਸਰੀਰ ਦੇ ਅੰਗਾਂ ਨਾਲ ਬੰਨ੍ਹਣਾ, ਰੰਗ ਬਿਰੰਗੇ ਧਾਗਿਆਂ ਨੂੰ ਗੰਢਾਂ ਦੇ ਕੇ ਗੁੱਟਾਂ 'ਤੇ ਬੰਨ੍ਹਣਾ, ਸੰਧੂਰ ਪਤਾਸੇ ਮਿਰਚਾਂ ਦੀ ਸਮੱਗਰੀ ਨੂੰ ਚੁਰਸਤੇ ਵਿੱਚ ਰੱਖਣਾ, ਜੰਡ ਦੇ ਮੁੱਢ ਨਾਲ ਤੇਲ ਦੇਣਾ ਤੇ ਨਾਰੀਅਲ ਨੂੰ ਵਗਦੇ ਪਾਣੀ ਵਿੱਚ ਰੋੜਨਾ ਕਈ ਤਰ੍ਹਾਂ ਦੇ ਢਕਵੰਜ ਰਚ ਕੇ ਦੱਸੇ ਜਾਂਦੇ ਹਨ ਜਿਨ੍ਹਾਂ ਵਿੱਚ ਫਸ ਕੇ ਵਿਅਕਤੀ ਮਾਨਸਿਕ ਰੋਗੀ ਹੋਣ ਦੇ ਨਾਲ-ਨਾਲ ਆਪਣੀ ਆਰਥਿਕ ਲੁੱਟ ਵੀ ਕਰਵਾ ਬੈਠਦਾ ਹੈ। ਕਪਟ ਨਾਲ ਭਰੇ ਹੋਏ ਇਹ ਝੂਠੇ ਤਾਂਤਰਿਕ ਬਾਬੇ ਇਸ ਤਰ੍ਹਾਂ ਦੀ ਸਥਿਤੀ ਵਿੱਚ ਫਸੇ ਗਿਆਨ ਤੋਂ ਹੀਣੇ ਅਤੇ ਭੋਲੇ ਭਾਲੇ ਲੋਕਾਂ ਨੂੰ ਮਾਨਸਿਕ ਪਰੇਸ਼ਾਨੀਆਂ 'ਚੋਂ ਕੱਢ ਕੇ ਤੇ ਸੁੱਖ ਸ਼ਾਂਤੀ ਦੀਆਂ ਦਾਤਾਂ ਦੇਣ ਦੇ ਇਵਜ ਵਿੱਚ ਉਨ੍ਹਾਂ ਦੇ ਧੰਨ ਦੀ ਖ਼ੂਬ ਲੁੱਟ ਕਰਦੇ ਹਨ।



### ਬਦਲੋ ਸੋਚ ਦਾ ਢੰਗ

ਆਪਣੇ ਜੀਵਨ ਵਿੱਚ ਆਉਣ ਵਾਲੇ ਛੋਟੇ-ਮੋਟੇ ਦੁੱਖਾਂ ਨੂੰ ਆਪਣੀ ਜ਼ਿੰਦਗੀ ਦਾ ਇੱਕ ਹਿੱਸਾ ਮੰਨ ਕੇ ਉਨ੍ਹਾਂ ਦਾ ਹੱਸ ਕੇ ਸਾਹਮਣਾ ਕਰੀਏ ਅਤੇ ਵਿਗਿਆਨਕ ਤਰੀਕੇ ਨਾਲ ਹੀ ਹਰ ਸਮੱਸਿਆ ਦਾ ਰਲ ਮਿਲ ਕੇ ਠੋਸ ਹੱਲ ਲੱਭੀਏ।

ਆਪਣੇ ਫ਼ਰਜ਼ਾਂ ਨੂੰ ਪਛਾਣਦੇ ਹੋਏ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਜ਼ਿਲ੍ਹਾ ਪੱਧਰ ਜਾਂ ਬਲਾਕ ਪੱਧਰ 'ਤੇ ਅਜਿਹੇ ਸੈਮੀਨਾਰ ਕਰਵਾਏ ਜਿਸ ਵਿੱਚ ਵਿਗਿਆਨ ਦੀ ਸਾਡੇ ਜੀਵਨ ਵਿੱਚ ਕੀ ਮਹੱਤਤਾ ਹੈ ਇਸ ਬਾਰੇ ਉਚੇਚੇ ਤੌਰ 'ਤੇ ਵਿਸ਼ੇਸ਼ ਜਾਣਕਾਰੀ ਦਿੱਤੀ ਜਾਵੇ। ਇਸ ਤਰ੍ਹਾਂ ਨਾਲ ਸਾਡੀ ਸੋਚ ਦਾ ਢੰਗ ਬਦਲ ਜਾਵੇਗਾ ਤੇ ਮਨ ਅੰਦਰ ਇੱਕ ਨਵੀਂ ਚੇਤਨਾ ਪੈਦਾ ਹੋਵੇਗੀ। ਆਓ ਆਪਾਂ ਸਾਰੇ ਇਨ੍ਹਾਂ ਫਾਲਤੂ ਦੇ ਵਹਿਮ-ਭਰਮਾਂ 'ਚੋਂ ਬਾਹਰ ਨਿਕਲ ਰਲ ਮਿਲ ਕੇ ਲੋਕ ਭਲਾਈ ਦੇ ਕੰਮਾਂ ਨੂੰ ਪਹਿਲ ਦੇਈਏ ਤਾਂ ਜੋ ਸਾਡਾ ਦੇਸ਼ ਵਿਕਾਸਸ਼ੀਲ ਦੇਸ਼ਾਂ ਦੀ ਸੂਚੀ ਵਿੱਚ ਆ ਸਕੇ। ਜਦੋਂ ਅਸੀਂ ਪੂਰਨ ਤੌਰ 'ਤੇ ਇਨ੍ਹਾਂ ਸਮਾਜਿਕ ਬੁਰਾਈਆਂ ਤੋਂ ਸੁਚੇਤ ਹੋ ਗਏ ਤਦ ਹੀ ਸਾਡਾ ਸਮਾਜ ਇੱਕਵੀਂ ਸਦੀ ਦਾ ਯੁੱਗ ਕਹਾਉਣ ਦਾ ਅਸਲ ਹੱਕਦਾਰ ਹੋਏਗਾ।

### ਤਾਂਤਰਿਕਾਂ ਦਾ ਕਾਰੋਬਾਰ

ਅੱਜ ਸੜਕਾਂ ਦੇ ਕਿਨਾਰੇ ਬੈਠ ਕੇ ਜਨਤਾ ਦਾ ਭਵਿੱਖ ਦੱਸਣ ਵਾਲਾ ਇਹ ਜੋਤਸ਼ੀ ਲਾਣਾ ਅਗਿਆਨਤਾ ਦੇ ਹਨੇਰੇ ਵਿੱਚ ਭਟਕ ਰਹੇ ਲੋਕਾਂ ਦੀ ਪੂੰਜੀ ਨੂੰ ਦਿਨੋਂ ਦਿਨ ਖ਼ੂਬ ਲੁੱਟ ਰਿਹਾ ਹੈ। ਜਨਤਾ ਦੀ ਖ਼ੂਨ ਪਸੀਨੇ ਦੀ ਕਮਾਈ ਲੁੱਟ ਕੇ ਇਨ੍ਹਾਂ ਢੌਂਗੀ ਤਾਂਤਰਿਕਾਂ ਨੇ ਆਪਣੇ ਕਾਰੋਬਾਰ ਨੂੰ ਏਨਾ ਵਧਾਇਆ ਹੋਇਆ ਹੈ ਕਿ ਦੁੱਖ ਤਕਲੀਫਾਂ ਤੋਂ ਨਿਜਾਤ ਪਾਉਣ ਦੇ ਤਰੀਕੇ ਦੱਸਣ ਲਈ ਅੱਜ ਇਹ ਆਪੋ ਆਪਣੇ ਸ਼ੋਅ ਰੂਮ ਦਫ਼ਤਰ ਖੋਲ੍ਹ ਕੇ ਬੈਠੇ ਹੋਏ ਹਨ ਪਰ ਬੜੇ ਦੁੱਖ ਦੀ ਗੱਲ ਹੈ ਕਿ ਲੋਕ ਅੱਜ ਵੀ ਆਪਣੀਆਂ ਛੋਟੀਆਂ-ਮੋਟੀਆਂ ਤਕਲੀਫਾਂ ਤੋਂ ਮੁਕਤ ਹੋਣ ਲਈ ਇਨ੍ਹਾਂ ਦਫ਼ਤਰਾਂ ਅੱਗੇ ਲੰਮੀਆਂ ਕਤਾਰਾਂ ਬਣਾ ਕੇ ਆਪਣਾ ਕੀਮਤੀ ਧਨ ਲੁਟਾ ਰਹੇ ਹਨ।

### ਬੇਬੁਨਿਆਦ ਨੇ ਵਹਿਮ-ਭਰਮ

ਜੇ ਵਹਿਮਾਂ-ਭਰਮਾਂ ਦੇ ਮੂਲ ਰੂਪ ਦੀ ਗੱਲ ਕਰੀਏ ਤਾਂ ਇਨ੍ਹਾਂ ਦੀ ਆਪਣੀ ਕੋਈ ਰੂਪ-ਰੇਖਾ ਨਹੀਂ ਤੇ ਇਹ ਮੁੱਢ ਤੋਂ ਅੰਤ ਤਕ ਸਭ ਬੇਬੁਨਿਆਦ ਹਨ। ਸਾਡੇ ਧਾਰਮਿਕ ਗ੍ਰੰਥ ਇਨ੍ਹਾਂ ਅੰਧ-ਵਿਸ਼ਵਾਸਾਂ ਦਾ ਮੁੱਢ ਤੋਂ ਹੀ ਖੰਡਨ ਕਰਦੇ ਹਨ ਤੇ ਸਾਨੂੰ ਇਨ੍ਹਾਂ ਵਿੱਚੋਂ ਬਾਹਰ ਨਿਕਲ ਕੇ ਆਪਣਾ ਉੱਚਾ-ਸੁੱਚਾ ਜੀਵਨ ਬਤੀਤ ਕਰਨ ਲਈ ਪ੍ਰੇਰਦੇ ਹਨ। ਅੱਜ ਸਾਡੀ ਇਹ ਵੱਡੀ ਬਦਕਿਸਮਤੀ ਹੈ ਕਿ ਅਸੀਂ ਆਪਣੇ ਧਾਰਮਿਕ ਗ੍ਰੰਥਾਂ ਨੂੰ ਤਾਂ ਬੜੀ ਸ਼ਰਧਾ ਨਾਲ ਮੰਨਦੇ ਹਾਂ ਪਰ ਇਨ੍ਹਾਂ ਦੀ ਵਿਚਾਰਧਾਰਾ ਨੂੰ ਦਿਲੋਂ ਨਹੀਂ ਸਵੀਕਾਰਦੇ।

ਜਦ ਤਕ ਅਸੀਂ ਇਸ ਅੰਧ-ਵਿਸ਼ਵਾਸ ਦੀ ਦਲਦਲ ਵਿੱਚੋਂ ਬਾਹਰ ਨਹੀਂ ਆ ਜਾਂਦੇ ਓਨੀ ਦੇਰ ਅਸੀਂ ਤਰੱਕੀ ਦੇ ਰਾਹ 'ਤੇ ਨਹੀਂ ਚੱਲ ਸਕਦੇ ਕਿਉਂਕਿ ਇਸ ਤਰ੍ਹਾਂ ਦਾ ਪਖੰਡਵਾਦ ਕਰਨ ਨਾਲ ਸਾਡਾ ਧਨ ਤੇ ਸਮਾਂ ਦੋਵੇਂ ਹੀ ਖ਼ਰਾਬ ਹੁੰਦੇ ਹਨ ਜੋ ਸਾਡੇ ਦੇਸ਼ ਦੀ ਤਰੱਕੀ ਦੇ ਹਿੱਤ ਵਿੱਚ ਨਹੀਂ ਹੈ। ਸਾਨੂੰ ਸਭ ਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਸੋਚ ਨੂੰ ਉਸਾਰੂ ਕਰੀਏ ਤੇ ਵਹਿਮਾਂ- ਭਰਮਾਂ ਦੇ ਮਾਨਸਿਕ ਤੌਰ 'ਤੇ ਗੁਲਾਮ ਨਾ ਹੋ ਕੇ ਇਨ੍ਹਾਂ ਪ੍ਰਤੀ ਜਾਗਰੂਕ ਹੋਈਏ।

# ਸ਼ਬਦਾਂ ਦੀ ਚੋਣ ਤੇ ਕੀਮਤ



ਪ੍ਰਿੰਸੀਪਲ ਵਿਜੈ ਕੁਮਾਰ

ਜਰਮਨ ਦਾ ਪ੍ਰਸਿੱਧ ਸਿੱਖਿਆ ਸ਼ਾਸਤਰੀ ਫਰੋਬੇਲ ਆਪਣੇ ਇੱਕ ਲੇਖ ਵਿੱਚ ਲਿਖਦਾ ਹੈ ਕਿ ਜਦੋਂ ਤੱਕ ਸ਼ਬਦ ਨਿਰਾਕਾਰ ਹੁੰਦੇ ਹਨ, ਉਦੋਂ ਤੱਕ ਉਨ੍ਹਾਂ ਦੀ ਕੋਈ ਕੀਮਤ ਨਹੀਂ ਪੈਂਦੀ ਪਰ ਜਦੋਂ ਇਹ ਮਨੁੱਖੀ ਜ਼ੁਬਾਨ 'ਚੋਂ ਨਿਕਲ ਕੇ ਸਾਕਾਰ ਹੋ ਜਾਂਦੇ ਹਨ ਤਾਂ ਉਨ੍ਹਾਂ ਦੀ ਕੀਮਤ ਪੈਣਾ ਜਾਂ ਅਦਾ ਕਰਨਾ ਮਨੁੱਖ ਵੱਲੋਂ ਸ਼ਬਦਾਂ ਦੀ ਚੋਣ ਕਰਨ ਉੱਤੇ ਨਿਰਭਰ ਕਰਦਾ ਹੈ। ਸ਼ਬਦ ਦੀ ਚੋਣ, ਪੇਸ਼ਕਾਰੀ ਦਾ ਲਹਿਜਾ ਅਤੇ ਪਾਕੀਜ਼ਗੀ ਮਨੁੱਖ ਦੀ ਸੂਝਬੂਝ, ਸੰਗਤ, ਸਹਿਜਤਾ, ਸੁਭਾਅ, ਸਿਆਣਪ, ਜ਼ਿੰਦਗੀ ਪ੍ਰਤੀ ਪ੍ਰਤੀਬੱਧਤਾ ਅਤੇ ਜ਼ਿੰਦਗੀ ਜਿਊਣ ਦੇ ਤਰੀਕੇ ਨੂੰ ਦਰਸਾਉਂਦੇ ਹਨ। ਨਿਰਾਰਥਕ ਸ਼ਬਦ ਵੀ ਸਾਰਥਕ ਸ਼ਬਦਾਂ ਨਾਲ ਜੁੜ ਕੇ ਆਪਣੀ ਕੀਮਤ ਪੁਆ ਲੈਂਦੇ ਹਨ। ਆਪਣੇ ਮਨੋਭਾਵਾਂ ਨੂੰ ਜ਼ਿੰਦਗੀ ਦੇ ਵੱਖ-ਵੱਖ ਮੌਕਿਆਂ ਉੱਤੇ ਬੋਲ ਕੇ ਅਤੇ ਲਿਖ ਕੇ ਪੇਸ਼ ਕਰਨ ਲਈ ਸ਼ਬਦਾਂ ਦੀ ਚੋਣ ਕਰਨਾ ਇੱਕ ਅਨਮੋਲ ਕਲਾ ਹੈ। ਇਹ ਕਲਾ ਹਰ ਵਿਅਕਤੀ ਕੋਲ ਨਹੀਂ ਹੁੰਦੀ। ਜਿਸ ਵਿਅਕਤੀ ਵਿੱਚ ਸਮੇਂ ਅਤੇ ਵਿਅਕਤੀ ਅਨੁਸਾਰ ਸ਼ਬਦਾਂ ਦੀ ਚੋਣ ਕਰਨ ਦੀ ਕਲਾ ਹੁੰਦੀ ਹੈ, ਉਹ ਲੋਕ ਮਨਾਂ 'ਚ ਵਸ ਜਾਂਦਾ ਹੈ। ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਦੇ ਨਿਭਣ ਦੀ ਬੁਨਿਆਦ ਸ਼ਬਦਾਂ ਦੀ ਚੋਣ ਹੀ ਹੁੰਦੀ ਹੈ। ਡਾਕਟਰ ਏ.ਪੀ.ਜੇ. ਅਬਦੁਲ ਕਲਾਮ ਨੇ ਰਾਸ਼ਟਰਪਤੀ ਦੇ ਅਹੁਦੇ ਉੱਤੇ ਹੁੰਦਿਆਂ ਦੇਸ਼ ਭਰ ਦੇ ਅਧਿਆਪਕਾਂ ਨੂੰ ਮਿਲਦੇ ਹੋਏ ਕਿਹਾ ਸੀ ਕਿ ਬੱਚੇ ਉਨ੍ਹਾਂ ਅਧਿਆਪਕਾਂ ਨੂੰ ਸਦਾ ਹੀ ਯਾਦ ਰੱਖਦੇ ਹਨ ਜਿਨ੍ਹਾਂ ਵਿੱਚ ਆਪਣੇ ਵਿਸ਼ੇ 'ਚ ਮੁਹਾਰਤ ਹੋਣ ਦੇ ਨਾਲ-ਨਾਲ ਬੱਚਿਆਂ ਨਾਲ ਚੰਗਾ ਵਿਹਾਰ ਕਰਨ ਲਈ ਸ਼ਬਦ ਚੋਣ ਦੀ ਕਲਾ ਵੀ ਹੁੰਦੀ ਹੈ ਕਿਉਂਕਿ ਬੱਚਿਆਂ ਦੇ ਮਨ ਬਹੁਤ ਕੋਮਲ ਹੁੰਦੇ ਹਨ। ਉਹ ਸਦਾ ਹੀ ਆਪਣੇ ਅਧਿਆਪਕਾਂ ਤੋਂ ਚੰਗੇ ਵਿਹਾਰ ਦੀ ਉਮੀਦ ਰੱਖਦੇ ਹਨ।

ਸ਼ਬਦ ਉਹੀ ਹੁੰਦੇ ਹਨ ਪਰ ਉਨ੍ਹਾਂ ਨੂੰ ਬੋਲਣ ਅਤੇ ਪੇਸ਼ ਕਰਨ ਦਾ ਸਲੀਕਾ ਤੇ ਲਹਿਜਾ ਸਭ ਦਾ ਵੱਖੋ-ਵੱਖਰਾ ਹੁੰਦਾ ਹੈ। ਸ਼ਬਦਾਂ ਵਿੱਚ ਹੀ ਪਿਆਰ, ਲਗਾਓ, ਆਪਣਾਪਣ, ਹਮਦਰਦੀ, ਅਧੀਨਗੀ ਅਤੇ ਨਿਮਰਤਾ ਹੁੰਦੇ ਹਨ। ਉਹੀ ਸ਼ਬਦ ਘਮੰਡ, ਹਉਮੈਂ, ਖ਼ੁਦੀ ਅਤੇ ਜ਼ੁਬਾਨ ਦੇ ਖਰ੍ਹਵੇਪਣ ਨਾਲ ਲਬਰੇਜ਼ ਹੁੰਦੇ ਹਨ। ਫ਼ਰਕ ਸਿਰਫ਼ ਮਨੁੱਖ ਦੀ ਸਮਝ ਦਾ ਹੁੰਦਾ ਹੈ। ਸ਼ਬਦ ਹੀ ਰਾਜਗੱਦੀ ਉੱਤੇ ਬਿਠਾ ਦਿੰਦੇ ਹਨ। ਸ਼ਬਦ ਹੀ ਜੇਲ੍ਹਾਂ ਅਤੇ ਅਦਾਲਤਾਂ ਤੱਕ ਪਹੁੰਚਾ ਦਿੰਦੇ ਹਨ। ਸ਼ਾਂਤ, ਨਿਮਰ, ਸਹਿਣਸ਼ੀਲ ਸੁਭਾਅ, ਤਹੱਮਲ ਰੱਖਣ ਵਾਲੇ, ਦੂਰਅੰਦੇਸ਼ ਤੇ ਫਰਾਖਦਿਲ ਲੋਕ ਸ਼ਬਦ ਚੋਣ ਕਲਾ ਦੇ ਧਨੀ ਹੁੰਦੇ ਹਨ। ਗੁਸੈਲੇ, ਖ਼ੁਦਗਰਜ਼, ਤੰਗਦਿਲ, ਹੰਕਾਰੀ, ਜ਼ੁਬਾਨ ਦੇ ਕੌੜੇ ਅਤੇ ਲੋਭੀ ਲੋਕ ਸ਼ਬਦ ਚੋਣ ਦੀ ਕਲਾ ਤੋਂ ਵਿਹੂਣੇ ਹੁੰਦੇ ਹਨ। ਚੰਗੇ ਦੁਕਾਨਦਾਰ, ਕਾਮਯਾਬ ਅਧਿਕਾਰੀ, ਸਿਆਣੇ ਮਾਪੇ, ਸੁੱਘੜ ਸਿਆਸਤਦਾਨ, ਹਰਮਨ ਪਿਆਰੇ ਅਧਿਆਪਕ ਹੋਣ ਲਈ ਸ਼ਬਦ ਚੋਣ ਦੀ ਕਲਾ ਵਿੱਚ ਮੁਹਾਰਤ ਹੋਣਾ ਲਾਜ਼ਮੀ ਹੁੰਦਾ ਹੈ। ਮੰਤਰੀਆਂ ਅਤੇ ਉੱਚ ਅਧਿਕਾਰੀਆਂ ਦੇ ਭਾਸ਼ਣ ਪਹਿਲਾਂ ਇਸ ਲਈ ਲਿਖ ਕੇ ਦਿੱਤੇ ਜਾਂਦੇ ਹਨ ਤਾਂ ਕਿ ਉਨ੍ਹਾਂ ਤੋਂ ਕੁਝ ਗ਼ਲਤ ਨਾ ਬੋਲਿਆ ਜਾਵੇ। ਜਿਹੜੇ ਸਿਆਸਤਦਾਨ ਕੋਈ ਸ਼ਬਦ ਗ਼ਲਤ ਬੋਲ ਬੈਠਦੇ ਹਨ, ਉਨ੍ਹਾਂ ਨੂੰ ਆਪਣੇ ਆਪ ਨੂੰ ਠੀਕ ਸਾਬਤ ਕਰਨ ਲਈ ਜਾਂ ਤਾਂ ਇਹ ਕਹਿਣਾ ਪੈਂਦਾ ਹੈ ਕਿ ਉਨ੍ਹਾਂ ਦੇ ਬਿਆਨ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ ਜਾਂ ਫੇਰ ਆਪਣੇ ਸ਼ਬਦ ਵਾਪਸ ਲੈਣੇ ਪੈਂਦੇ ਹਨ।

ਦੁਨੀਆ ਦਾ ਨਾਮਵਰ ਚਿੰਤਕ ਮਾਰਟਿਨ ਲੂਥਰ ਕਹਿੰਦਾ ਹੈ ਕਿ ਭੈੜੇ ਸ਼ਬਦ ਬੋਲਣ ਲਈ ਜੀਭ ਨਹੀਂ ਸਗੋਂ ਗ਼ਲਤ ਸ਼ਬਦਾਂ ਦੀ ਚੋਣ ਕਰਨ ਲਈ ਮਨੁੱਖ ਖ਼ੁਦ ਹੀ ਕਸੂਰਵਾਰ ਹੁੰਦਾ ਹੈ। ਗ਼ਲਤੀ ਹੋਣ 'ਤੇ ਮੁਆਫ਼ੀ ਚਾਹੁੰਦਾ ਹਾਂ, ਗੁਸਤਾਖ਼ੀ ਹੋ ਗਈ, ਮੈਂ ਆਪਣੀ ਗਲਤੀ ਉੱਤੇ ਬਹੁਤ ਸ਼ਰਮਿੰਦਾ ਹਾਂ, ਮੁੜ ਅਜਿਹਾ ਨਹੀਂ ਹੋਵੇਗਾ ਅਤੇ ਇਹ ਮੇਰੀ ਭੁੱਲ ਸੀ। ਇਹ ਸਾਰੇ ਵਾਕ ਮਨੁੱਖ ਵੱਲੋਂ ਉਦੋਂ ਬੋਲੇ ਜਾਂਦੇ ਹਨ ਜਦੋਂ ਉਹ ਕੋਈ ਗ਼ਲਤੀ ਕਰ ਬੈਠਦਾ ਹੈ ਪਰ ਇਨ੍ਹਾਂ ਸਾਰੇ ਵਾਕਾਂ ਦੇ ਸ਼ਬਦ ਗੁੱਸਾ ਸ਼ਾਂਤ ਕਰ ਦਿੰਦੇ ਹਨ, ਹੋਈ ਗ਼ਲਤੀ ਨੂੰ ਨਜ਼ਰਅੰਦਾਜ਼ ਕਰਨ ਲਈ ਮਜਬੂਰ ਕਰ ਦਿੰਦੇ ਹਨ। ਇਹ ਸ਼ਬਦ ਕਿਸੇ ਵਿਦਵਾਨ ਵਿਅਕਤੀ ਨੇ ਸੋਚ ਸਮਝ ਕੇ ਹੀ ਘੜੇ ਹੋਣਗੇ।

ਇੱਕ ਕਰਮਚਾਰੀ ਨੂੰ ਕੋਈ ਜ਼ਰੂਰੀ ਕੰਮ ਪੈ ਜਾਣ ਕਾਰਨ ਛੁੱਟੀ ਤੋਂ ਦੋ ਘੰਟੇ ਪਹਿਲਾਂ ਘਰ ਜਾਣਾ ਪੈ ਗਿਆ। ਉਹ ਛੁੱਟੀ ਤੋਂ ਪਹਿਲਾਂ ਜਾਣ ਲਈ ਆਪਣੇ ਅਫ਼ਸਰ ਦੀ ਇਜਾਜ਼ਤ ਲੈਣ ਗਿਆ। ਉਸ ਨੇ ਆਪਣੇ ਅਫਸਰ ਨੂੰ ਪੁੱਛਿਆ, “ਕੀ ਮੈਂ ਛੁੱਟੀ ਤੋਂ ਦੋ ਘੰਟੇ ਪਹਿਲਾਂ ਘਰ ਜਾ ਸਕਦਾ ਹਾਂ?” ਅਫ਼ਸਰ ਨੇ ਉਸ ਕਰਮਚਾਰੀ ਨੂੰ ਬਹੁਤ ਹੀ ਪਿਆਰ ਨਾਲ ਕਿਹਾ, “ਜਨਾਬ, ਤੁਸੀਂ ਛੁੱਟੀ ਤੋਂ ਪਹਿਲਾਂ ਘਰ ਤਾਂ ਚਲੇ ਜਾਓ ਪਰ ਇਹ ਦੱਸੋ ਕਿ ਤੁਸੀਂ ਮੈਥੋਂ ਇਜਾਜ਼ਤ ਲੈ ਰਹੇ ਹੋ ਜਾਂ ਮੈਨੂੰ ਹੁਕਮ ਜਾਰੀ ਕਰ ਰਹੇ ਹੋ?” ਉਹ ਕਰਮਚਾਰੀ ਘਰ ਤਾਂ ਚਲਾ ਗਿਆ ਪਰ ਉਸ ਨੂੰ ਆਪਣੇ ਆਪ ਉੱਤੇ ਪਛਤਾਵਾ ਬਹੁਤ ਹੋ ਰਿਹਾ ਸੀ। ਸ਼ਬਦ ਦੀ ਚੋਣ ਵਿੱਚ ਮੁਹਾਰਤ ਹਾਸਲ ਹੋਣਾ ਇਸ ਗੱਲ ਉੱਤੇ ਬਹੁਤ ਨਿਰਭਰ ਕਰਦਾ ਹੈ ਕਿ ਮਨੁੱਖ ਨੂੰ ਆਪਣੇ ਪਰਿਵਾਰ ਤੋਂ ਕਿਸ ਤਰ੍ਹਾਂ ਦੇ ਸੰਸਕਾਰ ਮਿਲੇ ਹਨ, ਉਸ ਦੀ ਸੰਗਤ ਕਿਹੋ ਜਿਹੇ ਲੋਕਾਂ ਨਾਲ ਹੈ, ਉਸ ਨੇ ਕਿਹੋ ਜਿਹੇ ਅਧਿਆਪਕਾਂ ਕੋਲ ਸਿੱਖਿਆ ਪ੍ਰਾਪਤ ਕੀਤੀ ਹੈ, ਉਸ ਦੀ ਚੰਗਾ ਸਾਹਿਤ ਪੜ੍ਹਨ ਦੀ ਰੁਚੀ ਕਿਸ ਪੱਧਰ ਦੀ ਹੈ?

ਇੱਕ ਕੁੜੀ ਨੂੰ ਵੇਖਣ ਆਏ ਮੁੰਡੇ, ਉਸ ਦੀ ਭੈਣ ਅਤੇ ਮਾਂ ਨੇ ਕੁੜੀ ਨੂੰ ਤਰ੍ਹਾਂ-ਤਰ੍ਹਾਂ ਦੇ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ। ਕੁੜੀ ਮੁੰਡਾ ਦੋਵੇਂ ਕਾਫ਼ੀ ਪੜ੍ਹੇ-ਲਿਖੇ ਸਨ। ਮੁੰਡੇ ਵਾਲਿਆਂ ਨੂੰ ਕੁੜੀ ਅਤੇ ਘਰ ਦੋਵੇਂ ਪਸੰਦ ਆ ਗਏ। ਮੁੰਡੇ ਵਾਲਿਆਂ ਨੇ ਵਿਚੋਲੇ ਹੱਥ ਕੁੜੀ ਵਾਲਿਆਂ ਨੂੰ ਸੁਨੇਹਾ ਭੇਜਿਆ ਕਿ ਉਹ ਰਿਸ਼ਤਾ ਕਰਨ ਲਈ ਤਿਆਰ ਹਨ, ਉਹ ਆਪਣੀ ਸਲਾਹ ਦੱਸਣ। ਕੁੜੀ ਦੇ ਪਿਤਾ ਨੇ ਜਵਾਬ ਦਿੱਤਾ ਕਿ ਸਾਨੂੰ ਇਹ ਰਿਸ਼ਤਾ ਮਨਜ਼ੂਰ ਨਹੀਂ ਕਿਉਂਕਿ ਉਨ੍ਹਾਂ ਨੂੰ ਦੂਜੇ ਦੇ ਘਰ ਆ ਕੇ ਬੋਲਣ ਦਾ ਹੀ ਨਹੀਂ ਪਤਾ, ਸਾਡੀ ਨਾਂਹ ਹੈ। ਮਨੁੱਖ ਦੀ ਲਿਆਕਤ ਅਤੇ ਨਜ਼ਾਕਤ ਵਿੱਚ ਸ਼ਬਦ ਚੋਣ ਦਾ ਵੀ ਬਹੁਤ ਮਹਤੱਵ ਹੁੰਦਾ ਹੈ। ਬਹੁਤ ਸਾਰੇ ਲੋਕ ਸਾਰੀ ਉਮਰ ਲੰਘ ਜਾਣ ਦੇ ਬਾਵਜੂਦ ਠੀਕ ਸ਼ਬਦਾਂ ਦੀ ਚੋਣ ਕਰਨਾ ਨਹੀਂ ਸਿੱਖ ਪਾਉਂਦੇ। ਵੱਡੀਆਂ ਕੰਪਨੀਆਂ ਆਪਣੇ ਕਰਮਚਾਰੀਆਂ ਦੀ ਭਰਤੀ ਕਰਨ ਸਮੇਂ ਇੰਟਰਵਿਊ 'ਚ ਉਨ੍ਹਾਂ ਦਾ ਬੋਲਚਾਲ ਦਾ ਸਲੀਕਾ ਵੀ ਵੇਖਦੀਆਂ ਹਨ। ਯੂ.ਪੀ.ਐੱਸ.ਸੀ. ਦੀ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰਾਂ ਲਈ ਇੰਟਰਵਿਊ ਵਿੱਚ ਉਨ੍ਹਾਂ ਦਾ ਬੋਲਚਾਲ ਦਾ ਢੰਗ ਵੀ ਵੇਖਿਆ ਜਾਂਦਾ ਹੈ। ਮਰੀਜ਼ਾਂ ਨਾਲ ਪਿਆਰ ਨਾਲ ਪੇਸ਼ ਆਉਣ ਵਾਲੇ ਡਾਕਟਰ ਉਨ੍ਹਾਂ ਦੀ ਅੱਧੀ ਬਿਮਾਰੀ ਆਪਣੀ ਬੋਲਚਾਲ ਨਾਲ ਠੀਕ ਕਰ ਦਿੰਦੇ ਹਨ। ਮਨੁੱਖ ਦੀ ਜ਼ਿੰਦਗੀ ਦੀ ਕਿੰਨੀ ਵੱਡੀ ਤ੍ਰਾਸਦੀ ਹੈ ਕਿ ਉਹ ਇਹ ਗੱਲ ਚੰਗੀ ਤਰ੍ਹਾਂ ਸਮਝਦਾ ਹੈ ਕਿ ਚੰਗੇ ਸ਼ਬਦ ਹੀ ਦੂਜਿਆਂ ਦਾ ਦਿਲ ਜਿੱਤ ਸਕਦੇ ਹਨ। ਕੌੜੇ ਅਤੇ ਭੈੜੇ ਸ਼ਬਦ ਉਸ ਦਾ ਅਕਸ ਵਿਗਾੜ ਸਕਦੇ ਹਨ, ਲੜਾਈ ਝਗੜੇ ਦਾ ਕਾਰਨ ਬਣ ਸਕਦੇ ਹਨ, ਪਰ ਫਿਰ ਵੀ ਸਾਡੇ ਸਮਾਜ 'ਚ ਉਨ੍ਹਾਂ ਲੋਕਾਂ ਦੀ ਕੋਈ ਘਾਟ ਨਹੀਂ ਜੋ ਚੰਗੇ ਮਾੜੇ ਸ਼ਬਦਾਂ ਵਿੱਚ ਫ਼ਰਕ ਕਰਨਾ ਭੁੱਲ ਬੈਠਦੇ ਹਨ।

ਸੰਪਰਕ: 98726-27136

# ਫੈਕਟਰੀਆਂ ਵਾਲੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਗੰਧਲਾ ਨਾ ਕਰਨ -ਸੀਚੇਵਾਲ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਰਾਜ ਸਭਾ ਦੇ ਮੈਂਬਰ ਅਤੇ ਪੰਜਾਬ ਦੇ ਪਾਣੀਆਂ ਦੀ ਸਾਂਭ ਸੰਭਾਲ ਦੇ ਸੇਵਾਦਾਰ ਵੱਜੋਂ ਜਾਣੇ ਜਾਂਦੇ ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਆਪਣੀ ਕਨੇਡਾ ਫੇਰੀ ਦੌਰਾਨ ਕੈਲਗਰੀ ਵਿਖੇ ਸਿੱਧੂ ਪੇਂਟਿੰਗ ਵਾਲੇ ਦਰਸਨ ਸਿੰਘ ਸਿੱਧੂ ਲਹਿਰਾ ਮੁਹੱਬਤ ਵਾਲਿਆਂ ਦੇ ਘਰ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਉਹਨਾਂ ਪੰਜਾਬ ਦੇ ਗੰਧਲੇ ਵਾਤਾਵਰਣ ਅਤੇ ਪਾਣੀਆਂ ਦੀ ਗੱਲ ਕਰਦਿਆਂ ਕਿਹਾ ਕਿ ਪਿਛਲੇ 25 ਸਾਲਾਂ ਦੌਰਾਨ ਸਾਫ ਸਫਾਈ ਦੀ ਮੁਹਿੰਮ ਕਾਰਨ ਗੁਰੂ ਨਾਨਕ ਸਾਹਿਬ ਦੀ ਵਿਰਾਸਤ ਵੱਜੋਂ ਜਾਣੀ ਜਾਂਦੀ ਬੇਈ ਨਦੀ ਦੀ ਸਵੱਛਤਾ ਕਾਇਮ ਕਰਨ ਵਿੱਚ ਅਸੀਂ ਕਾਮਯਾਬ ਹੋਏ ਹਾਂ ਅਤੇ ਹੁਣ ਬੁੱਢਾ ਨਾਲਾ ਪ੍ਰੋਜੈਕਟ ਸੁਰੂ ਕੀਤਾ ਹੈ। ਜਦੋਂ ਅਸੀਂ ਦਰਿਆਵਾਂ ਵਿੱਚ ਫੈਕਟਰੀਆਂ ਵਾਲਿਆਂ ਨੂੰ ਜਹਿਰੀਲਾ ਪਾਣੀ ਪਾਉਣ ਤੋਂ ਰੋਕਦੇ ਹਾਂ ਤਾਂ ਉਸ ਵੇਲੇ ਫੈਕਟਰੀਆਂ ਵਾਲਿਆਂ ਨਾਲ ਸਾਡੀ ਕੋਈ ਦੁਸਮਣੀ ਨਹੀਂ ਕਿ ਜਿਸ ਕਾਰਣ ਅਸੀਂ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕਦੇ ਹਾਂ ਸਗੋਂ ਸਮੁੱਚੀ ਮਨੁੱਖਤਾ ਦੇ ਭਲੇ ਲਈ ਅਜਿਹਾ ਕਰਦੇ ਹਾਂ।ਉਹਨਾਂ ਪਰਵਾਸੀ ਪੰਜਾਬੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬੀ ਭਾਵੇਂ ਪੰਜਾਬ ਛੱਡ ਕਨੇਡਾ ਦੀ ਧਰਤੀ ਅਪਣਾ ਚੁੱਕੇ ਹਨ ਪਰ ਉਹਨਾਂ ਨੇ ਆਪਣੇ ਪਿਛੋਕੜ ਨੂੰ ਕਦੇ ਵੀ ਮਨੋ ਨਹੀਂ ਵਿਸਾਰਿਆ ਪੰਜਾਬ ਦੀ ਧਰਤੀ ਨੂੰ ਲੋੜੀਂਦੀ ਹਰ ਮੁਹਿੰਮ ਸਮੇਤ ਪਾਣੀਆਂ ਦੀ ਸਾਫ ਸਫਾਈ,ਉਹਨਾਂ ਨੇ ਹਰ ਪੱਖੋਂ ਅੱਗੇ ਵਧਕੇ ਸਹਿਯੋਗ ਦਿੱਤਾ ਹੈ।

# ਗਰੈਂਡ ਵਿੰਡਸਰ ਦੇ ਪੰਜਾਬੀਆਂ ਦੀ ਕ੍ਰਿਕਟ ਵਿੱਚ ਬੱਲੇ ਬੱਲੇ



ਸੇਂਟ ਜੌਨ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਦੁਨੀਆਂ ਦੇ ਕਿਸੇ ਵੀ ਖਿੱਤੇ ਵਿੱਚ ਚਲੇ ਜਾਣ,ਹਿੰਮਤ,ਹੌਂਸਲਾ, ਨਵੇਂ ਨਵੇਂ ਤਜਰਬਿਆਂ ਦੇ ਬਲਬੂਤੇ ਆਪਣੇ ਆਪ ਨੂੰ ਸਥਾਪਿਤ ਕਰ ਹੀ ਲੈਂਦੇ ਹਨ। ਇਸੇ ਤਰਾਂ ਗਰੈਂਡ ਵਿੰਡਸਰ ਵਿਖੇ ਵੀ ਘੱਟ ਗਿਣਤੀ ਹੋਣ ਦੇ ਬਾਵਯੂਦ ਵੀ ਆਪਣੀ ਤਿਆਰੀ ਆਪਣੇ ਖਰਚਿਆਂ ਉੱਪਰ ਹੀ ਕਰਨ ਉਪਰੰਤ ਕ੍ਰਿਕਟ ਟੀਮ ਗਰੈਂਡਫਾਲਸ ਵਿੰਡਸਰ ਆਈ ਗੈਟਸ ਨੇ ਹਾਲ ਹੀ ਵਿੱਚ ਹੀ ਸੇਂਟ ਜੌਨ ਵਿਚ ਨਿਊ ਫਾਊਂਡਲੈਂਡ ਕ੍ਰਿਕਿਟ ਵੱਲੋਂ ਕਰਵਾਏ ਗਏ ਸੂਬਾਈ ਟੂਰਨਾਮੈਂਟ ਵਿੱਚ ਹਿੱਸਾ ਲਿਆ।ਵਧੇਰੇ ਮਾਣ ਦੀ ਗੱਲ ਇਹ ਹੈ ਕਿ ਇਸ ਮੌਕੇ ਸੰਦੀਪ ਸਿੰਘ ਬਰਾੜ ਨੂੰ ਨੂੰ ਇਸ ਟੂਰਨਾਮੈਂਟ ਦਾ ਵੈਸਟ ਬਾਉਲਰ ਅਤੇ ਮੋਸਟ ਵੈਲੂਏਵਲ ਪਲੇਅਰ ਘੋਸ਼ਿਤ ਕੀਤਾ ਗਿਆ।ਟੀਮ ਨੇ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਰਨਰਅੱਪ ਰਹੀ ਜੋ ਛੋਟੇ ਜਿਹੇ ਸਹਿਰ ਗਰੈਂਡ ਵਿੰਡਸਰ ਲਈ ਮਾਣ ਵਾਲੀ ਗੱਲ ਹੈ ਅਤੇ ਸਾਡੇ ਇਲਾਕੇ ਵਿੱਚ ਉਭਰ ਰਹੇ ਟੈਲੰਟ ਦੀ ਗਵਾਹੀ ਹੈ। ਗ੍ਰੈਂਡਫਾਲਸ ਵਿੰਡਸਰ ਗੈਟਸ ਦੀ ਮਾਣਮੱਤੀ ਟੀਮ ਮੈਂਬਰਾਂ ਵਿੱਚ ਕਪਤਾਨ ਸੰਦੀਪ ਸਿੰਘ ਬਰਾੜ,ਯੁਵਰਾਜ ਸਿੰਘ,ਮਨਪ੍ਰੀਤ ਬਰਾੜ,ਗੁਰਵਿੰਦਰ ਔਜਲਾ,ਸਤੀਸ਼ ਕੁਮਾਰ,ਪਰਵਿੰਦਰ ਗਿੱਲ,ਸੁਮਿਤ ਜਾਂਗੜਾ,ਮੇਹੁਲ ਕੋਚਰ,ਗੋਵਿੰਦ ਆਰਟਲੀ,ਪ੍ਰੈਸਟੀ,ਸੁਧਾਂਸ਼ੂ,ਰਵੀ ਸੰਧੂ,ਮਨਪ੍ਰੀਤ ਸਿੰਘ ਅਤੇ ਹਰਮਨ ਸਿੱਧੂ ਸਾਮਿਲ ਹਨ।

# ਦੇਸ਼ ਦਾ ਨਾਮ ਰੋਸ਼ਨ ਕਰਨ ਵਾਲਾ-ਫਰੀਦਕੋਟੀਆ ਲਵਲੀ ਸਰਾਂ



ਸੰਦੀਪ ਸਿੰਘ
7009807121

ਸੁਖਜਿੰਦਰ ਸਿੰਘ, ਜੋ ਪੰਜਾਬ ਦੇ ਫਰੀਦਕੋਟ ਜ਼ਿਲੇ ਦੇ ਪਿੰਡ ਸਰਾਂ ਦੇ ਵਸਨੀਕ ਹਨ ਅਤੇ ਜਿਨ੍ਹਾਂ ਨੂੰ ਸਾਰੇ ਪਿਆਰ ਨਾਲ ਲਵਲੀ ਸਰਾਂ ਦੇ ਨਾਂ ਨਾਲ ਜਾਣਦੇ ਹਨ, ਨੇ ਆਪਣੀ ਮਿਹਨਤ, ਸਮਰਪਣ ਅਤੇ ਅਟੁੱਟ ਜਜ਼ਬੇ ਨਾਲ ਨਾ ਸਿਰਫ ਆਪਣੇ ਪਿੰਡ ਅਤੇ ਜ਼ਿਲੇ ਦਾ, ਸਗੋਂ ਪੂਰੇ ਭਾਰਤ ਦੇਸ਼ ਦਾ ਨਾਮ ਅੰਤਰਰਾਸ਼ਟਰੀ ਪੱਧਰ 'ਤੇ ਰੌਸ਼ਨ ਕੀਤਾ ਹੈ। ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਵਿਖੇ ਹੋਈਆਂ 7ਵੀਂ ਨੈਸ਼ਨਲ ਮਾਸਟਰ ਐਥਲੈਟਿਕ ਖੇਡਾਂ ਵਿੱਚ ਤਿੰਨ ਮੈਡਲ ਜਿੱਤ ਕੇ ਲਵਲੀ ਸਰਾਂ ਨੇ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ। ਇਸ ਪ੍ਰਦਰਸ਼ਨ ਦੇ ਆਧਾਰ 'ਤੇ ਉਹਨਾਂ ਦੀ ਚੋਣ ਸ੍ਰੀਲੰਕਾ ਵਿਖੇ ਹੋਣ ਵਾਲੀਆਂ 38ਵੀਂ ਇੰਟਰਨੈਸ਼ਨਲ ਓਪਨ ਮਾਸਟਰ ਅਥਲੈਟਿਕ ਖੇਡਾਂ (5 ਤੋਂ 6 ਜੁਲਾਈ 2025) ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਲਈ ਹੋਈ। ਇਸ ਅੰਤਰਰਾਸ਼ਟਰੀ ਮੰਚ 'ਤੇ ਵੀ ਲਵਲੀ ਸਰਾਂ ਨੇ ਆਪਣੀ ਅਸਾਧਾਰਣ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ ਸ਼ਾਟ ਪੁੱਟ ਮੁਕਾਬਲੇ ਵਿੱਚ ਸੋਨੇ ਦਾ ਤਗਮਾ ਅਤੇ ਹੈਮਰ ਥਰੋਅ ਵਿੱਚ ਚਾਂਦੀ ਦਾ ਤਗਮਾ ਜਿੱਤ ਕੇ ਦੇਸ਼ ਦਾ ਮਾਣ ਵਧਾਇਆ। ਇਹ ਪ੍ਰਾਪਤੀ ਇਸ ਲਈ ਵੀ ਵਿਸ਼ੇਸ਼ ਸੀ ਕਿਉਂਕਿ ਇਹਨਾਂ ਮੁਕਾਬਲਿਆਂ ਦੌਰਾਨ ਉਹ ਸਰੀਰਕ ਤਕਲੀਫਾਂ ਨਾਲ ਜੂਝ ਰਹੇ ਸਨ, ਪਰ ਉਹਨਾਂ ਨੇ ਆਪਣੇ ਹੌਸਲੇ ਨੂੰ ਡੋਲਣ ਨਹੀਂ ਦਿੱਤਾ ਅਤੇ ਆਪਣੀ ਮਿਹਨਤ ਦੇ ਬਲਬੂਤੇ ਇਹ ਸ਼ਾਨਦਾਰ ਸਫਲਤਾ ਹਾਸਲ ਕੀਤੀ।

ਲਵਲੀ ਸਰਾਂ ਦਾ ਜਨਮ ਪਿੰਡ ਸਰਾਂ ਵਿੱਚ ਸਰਦਾਰ ਕੁਲਦੀਪ ਸਿੰਘ ਅਤੇ ਸਰਦਾਰਨੀ ਪਰਮਜੀਤ ਕੌਰ ਦੇ ਘਰ ਹੋਇਆ। ਉਹਨਾਂ ਦੇ ਪਿਤਾ ਖੇਤੀਬਾੜੀ ਨਾਲ ਜੁੜੇ ਹੋਏ ਸਨ, ਜਦਕਿ ਮਾਤਾ ਜੀ ਸਾਬਕਾ ਸਰਪੰਚ ਰਹੇ ਹਨ। ਬਚਪਨ ਤੋਂ ਹੀ ਲਵਲੀ ਸਰਾਂ ਦਾ ਖੇਡਾਂ ਪ੍ਰਤੀ ਖਾਸ ਲਗਾਅ ਰਿਹਾ। ਇਹ ਜਨੂੰਨ ਉਹਨਾਂ ਨੂੰ ਵਿਰਾਸਤ ਵਿੱਚ ਮਿਲਿਆ, ਕਿਉਂਕਿ ਉਹਨਾਂ ਦੇ ਦਾਦਾ ਜੀ ਪੰਜਾਬ ਪੁਲਿਸ ਵਿੱਚ ਇੱਕ ਮਸ਼ਹੂਰ ਪਹਿਲਵਾਨ ਸਨ। ਇਸ ਪਰਿਵਾਰਕ ਪਿਛੋਕੜ ਨੇ ਲਵਲੀ ਸਰਾਂ ਦੇ ਜੀਵਨ 'ਤੇ ਡੂੰਘਾ ਪ੍ਰਭਾਵ ਪਾਇਆ ਅਤੇ ਉਹਨਾਂ ਨੂੰ ਖੇਡਾਂ ਦੇ ਮੈਦਾਨ ਵਿੱਚ ਕੁਝ ਵੱਡਾ ਕਰਨ ਦੀ ਪ੍ਰੇਰਣਾ ਦਿੱਤੀ। ਬਚਪਨ ਦੌਰਾਨ ਹੀ ਉਹਨਾਂ ਨੇ ਖੇਡਾਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ, ਅਤੇ ਉਹਨਾਂ ਦੀ ਮਿਹਨਤ ਅਤੇ ਦ੍ਰਿੜਤਾ ਨੇ ਉਹਨਾਂ ਨੂੰ ਛੋਟੀ ਉਮਰ ਵਿੱਚ ਹੀ ਇੱਕ ਵੱਖਰੀ ਪਛਾਣ ਦਿਵਾਈ। ਤਕਨੀਕੀ




ਸਿੱਖਿਆ ਪੂਰੀ ਕਰਨ ਤੋਂ ਬਾਅਦ ਲਵਲੀ ਸਰਾਂ ਨੇ ਅਧਿਆਪਕ ਦੇ ਪੇਸ਼ੇ ਨੂੰ ਅਪਣਾਇਆ। ਅੱਜ ਉਹ ਸਰਕਾਰੀ ਹਾਈ ਸਕੂਲ ਸਿਵੀਆਂ, ਜ਼ਿਲਾ ਫਰੀਦਕੋਟ ਵਿੱਚ ਸੇਵਾ ਨਿਭਾਅ ਰਹੇ ਹਨ। ਇਸ ਸਕੂਲ ਵਿੱਚ ਉਹ ਨਾ ਸਿਰਫ ਵਿਦਿਆਰਥੀਆਂ ਨੂੰ ਵਿਦਿਅਕ ਗਿਆਨ ਦਿੰਦੇ ਹਨ, ਸਗੋਂ ਉਹਨਾਂ ਨੂੰ ਖੇਡਾਂ ਦੇ ਮੈਦਾਨ ਵਿੱਚ ਵੀ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ। ਉਹਨਾਂ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਸਪਸ਼ਟ ਤੌਰ 'ਤੇ ਦੇਖਣ ਨੂੰ ਮਿਲਦਾ ਹੈ। ਉਹਨਾਂ ਦੇ ਸਕੂਲ ਦੇ ਵਿਦਿਆਰਥੀ ਬਲਾਕ ਪੱਧਰ, ਜ਼ਿਲਾ ਪੱਧਰ ਅਤੇ ਰਾਜ ਪੱਧਰ ਦੀਆਂ ਖੇਡ ਪ੍ਰਤੀਯੋਗਤਾਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ। ਪੰਜਾਬ ਸਰਕਾਰ ਦੀ ਪਹਿਲਕਦਮੀ 'ਖੇਡੋ ਵਤਨ ਪੰਜਾਬ' ਦੇ ਅਧੀਨ ਹੋਣ ਵਾਲੀਆਂ ਖੇਡਾਂ ਵਿੱਚ ਵੀ ਉਹਨਾਂ ਦੇ ਵਿਦਿਆਰਥੀਆਂ ਨੇ ਉੱਚ ਸਥਾਨ ਹਾਸਲ ਕਰਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।

ਲਵਲੀ ਸਰਾਂ ਦੀ ਸਭ ਤੋਂ ਵੱਡੀ ਖਾਸੀਅਤ ਉਹਨਾਂ ਦਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਤੰਦਰੁਸਤ ਜੀਵਨ ਅਪਣਾਉਣ ਲਈ ਪ੍ਰੇਰਿਤ ਕਰਨ ਦਾ ਜਜ਼ਬਾ ਹੈ। ਉਹ ਮੰਨਦੇ ਹਨ ਕਿ ਖੇਡਾਂ ਨੌਜਵਾਨਾਂ ਨੂੰ ਸਿਰਫ ਸਰੀਰਕ ਤੌਰ 'ਤੇ ਹੀ ਨਹੀਂ, ਸਗੋਂ ਮਾਨਸਿਕ ਅਤੇ ਸਮਾਜਿਕ ਤੌਰ 'ਤੇ ਵੀ ਮਜ਼ਬੂਤ ਬਣਾਉਂਦੀਆਂ ਹਨ। ਹਰ ਰੋਜ਼ ਉਹ ਪਿੰਡ ਦੇ ਨੌਜਵਾਨਾਂ ਨੂੰ ਗਰਾਊਂਡ 'ਤੇ ਲਿਆ ਕੇ ਖੇਡਾਂ ਲਈ ਤਿਆਰ ਕਰਦੇ ਹਨ ਅਤੇ ਉਹਨਾਂ ਨੂੰ ਸਿਹਤਮੰਦ ਜੀਵਨ ਜਿਊਣ ਦੀ ਮਹੱਤਤਾ ਸਮਝਾਉਂਦੇ ਹਨ। ਸੋਸ਼ਲ ਮੀਡੀਆ ਦੇ ਜ਼ਰੀਏ ਵੀ ਉਹ ਨੌਜਵਾਨਾਂ ਨੂੰ ਫਿਟਨੈਸ ਅਤੇ ਸਿਹਤ ਪ੍ਰਤੀ ਜਾਗਰੂਕ ਕਰਦੇ ਹਨ। ਉਹਨਾਂ ਦੁਆਰਾ ਬਣਾਏ ਗਏ ਫਿਟਨੈਸ ਵੀਡੀਓਜ਼ ਅਤੇ ਕੋਚਿੰਗ ਸੈਸ਼ਨ ਨੇ ਅਨੇਕ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਹੈ ਅਤੇ ਉਹਨਾਂ ਨੂੰ ਇੱਕ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਉਤਸ਼ਾਹਿਤ ਕੀਤਾ ਹੈ। ਲਵਲੀ ਸਰਾਂ ਦਾ ਖੇਡਾਂ ਨਾਲ ਸਬੰਧ ਬਚਪਨ ਤੋਂ ਹੀ ਬਹੁਤ ਡੂੰਘਾ ਰਿਹਾ ਹੈ। ਛੋਟੀ ਉਮਰ ਵਿੱਚ ਹੀ ਉਹਨਾਂ ਨੇ ਕਬੱਡੀ ਪ੍ਰਤੀ ਖਾਸ ਰੁਚੀ ਵਿਖਾਈ ਅਤੇ ਇਲਾਕੇ ਦੇ ਕਈ ਕਬੱਡੀ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਉਹਨਾਂ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਇਸ ਖੇਡ ਵਿੱਚ ਇੱਕ ਵੱਖਰੀ ਪਛਾਣ ਬਣਾਈ। ਪਰ ਇੱਕ ਸੱਟ ਨੇ ਉਹਨਾਂ ਦੇ ਕਬੱਡੀ ਕਰੀਅਰ ਨੂੰ ਰੋਕ ਦਿੱਤਾ। ਇਸ ਦੁਖਦਾਈ ਘਟਨਾ ਦੇ ਬਾਵਜੂਦ, ਉਹਨਾਂ ਨੇ ਆਪਣਾ ਹੌਂਸਲਾ ਨਹੀਂ ਛੱਡਿਆ। ਇਸ ਦੀ ਬਜਾਏ, ਉਹਨਾਂ ਨੇ ਆਪਣੀ ਊਰਜਾ ਨੂੰ ਨੌਜਵਾਨ ਖਿਡਾਰੀਆਂ ਨੂੰ ਤਿਆਰ ਕਰਨ ਅਤੇ ਖੇਡਾਂ ਦੇ ਮੈਦਾਨ ਵਿੱਚ ਨਵੀਆਂ ਪ੍ਰਤਿਭਾਵਾਂ ਨੂੰ ਅੱਗੇ ਲਿਆਉਣ ਵਿੱਚ ਲਗਾਇਆ। ਫਿਟਨੈਸ ਅਤੇ ਨਸ਼ਾ ਮੁਕਤੀ ਲਈ ਲਵਲੀ ਸਰਾਂ ਦੀਆਂ ਕੋਸ਼ਿਸ਼ਾਂ ਸਿਰਫ ਖੇਡ ਮੈਦਾਨ




ਤੱਕ ਸੀਮਤ ਨਹੀਂ ਹਨ। ਉਹ ਪਿੰਡ ਵਿੱਚ ਫਿਟਨੈਸ ਕੈਂਪ, ਖੂਨਦਾਨ ਕੈਂਪ ਅਤੇ ਖੇਡ ਟੂਰਨਾਮੈਂਟਾਂ ਦਾ ਆਯੋਜਨ ਕਰਦੇ ਹਨ। ਇਹਨਾਂ ਉਪਰਾਲਿਆਂ ਦਾ ਮਕਸਦ ਨੌਜਵਾਨਾਂ ਨੂੰ ਸਿਹਤਮੰਦ ਅਤੇ ਸਕਾਰਾਤਮਕ ਜੀਵਨ ਵੱਲ ਲਿਜਾਣਾ ਹੈ। ਉਹ ਨੌਜਵਾਨ ਖਿਡਾਰੀਆਂ ਨੂੰ ਵੱਖ-ਵੱਖ ਖੇਡ ਟੂਰਨਾਮੈਂਟਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੇ ਹਨ ਅਤੇ ਉਹਨਾਂ ਨੂੰ ਮੰਚ ਪ੍ਰਦਾਨ ਕਰਦੇ ਹਨ। ਇਸ ਦੇ ਨਾਲ ਹੀ, ਉਹ ਆਪਣੀ ਸਾਦਗੀ, ਮਿਲਣਸਾਰ ਸੁਭਾਅ ਅਤੇ ਸਮਾਜਿਕ ਸਰਗਰਮੀਆਂ ਕਾਰਨ ਆਪਣੇ ਇਲਾਕੇ ਵਿੱਚ ਇੱਕ ਸਤਿਕਾਰਤ ਸ਼ਖਸੀਅਤ ਵਜੋਂ ਜਾਣੇ ਜਾਂਦੇ ਹਨ। ਉਹਨਾਂ ਦੀਆਂ ਇਹਨਾਂ ਸਮਾਜਿਕ ਅਤੇ ਖੇਡ ਸੰਬੰਧੀ ਗਤੀਵਿਧੀਆਂ ਕਾਰਨ ਉਹਨਾਂ ਨੂੰ ਅਕਸਰ ਸਨਮਾਨਿਤ ਵੀ ਕੀਤਾ ਜਾਂਦਾ ਹੈ। ਇਹ ਸਨਮਾਨ ਉਹਨਾਂ ਲਈ ਨਾ ਸਿਰਫ ਮਾਣ ਦੀ ਗੱਲ ਹਨ, ਸਗੋਂ ਹੋਰ ਵੀ ਮਿਹਨਤ ਕਰਨ ਅਤੇ ਸਮਾਜ ਲਈ ਯੋਗਦਾਨ ਪਾਉਣ ਦੀ ਪ੍ਰੇਰਣਾ ਦਿੰਦੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਮੈਡਲ ਜਿੱਤਣ ਦੀ ਉਹਨਾਂ ਦੀ ਪ੍ਰਾਪਤੀ ਉਹਨਾਂ ਦੀ ਮਿਹਨਤ, ਸਮਰਪਣ ਅਤੇ ਜਜ਼ਬੇ ਦਾ ਸਬੂਤ ਹੈ। ਇਹ ਪ੍ਰਾਪਤੀ ਸਿਰਫ ਉਹਨਾਂ ਦੀ ਨਿੱਜੀ ਸਫਲਤਾ ਨਹੀਂ, ਸਗੋਂ ਪੂਰੇ ਪੰਜਾਬ ਅਤੇ ਭਾਰਤ ਦੇਸ਼ ਲਈ ਮਾਣ ਦੀ ਗੱਲ ਹੈ। ਲਵਲੀ ਸਰਾਂ ਦੀ ਜੀਵਨ ਯਾਤਰਾ ਨੂੰ ਦੇਖਦੇ ਹੋਏ ਬਾਬਾ ਨਾਜ਼ਮੀ ਦੇ ਸ਼ਬਦ ਸੱਚਮੁੱਚ ਸਾਰਥਕ ਜਾਪਦੇ ਹਨ: "ਬੇ-ਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ,
ਉੱਗਣ ਵਾਲੇ ਉੱਗ ਪੈਂਦੇ ਨੇ ਪਾੜ ਕੇ ਸੀਨਾ ਪੱਥਰਾਂ ਦਾ।
ਮੰਜਲ ਦੇ ਮੱਥੇ ਉੱਤੇ ਤਖਤੀ ਲਗਦੀ ਉਨ੍ਹਾਂ ਦੀ,
ਜਿਹੜੇ ਘਰੋਂ ਬਣਾ ਕੇ ਟੁਰਦੇ ਨਕਸ਼ਾ ਆਪਣੇ ਸਫਰਾਂ ਦਾ।"

ਇਹ ਸ਼ਬਦ ਲਵਲੀ ਸਰਾਂ ਦੀ ਜ਼ਿੰਦਗੀ 'ਤੇ ਪੂਰੀ ਤਰ੍ਹਾਂ ਲਾਗੂ ਹੁੰਦੇ ਹਨ। ਉਹਨਾਂ ਨੇ ਨਾ ਸਿਰਫ ਆਪਣੇ ਲਈ ਸਫਲਤਾ ਦੇ ਨਵੇਂ ਮੁਕਾਮ ਸਥਾਪਤ ਕੀਤੇ, ਸਗੋਂ ਆਪਣੇ ਇਲਾਕੇ, ਸੂਬੇ ਅਤੇ ਦੇਸ਼ ਦੀ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਬਣੇ। ਉਹਨਾਂ ਦੀ ਮਿਹਨਤ ਅਤੇ ਸੰਘਰਸ਼ ਦੀ ਕਹਾਣੀ ਸਾਬਤ ਕਰਦੀ ਹੈ ਕਿ ਜੇਕਰ ਜਜ਼ਬਾ ਅਤੇ ਸਮਰਪਣ ਹੋਵੇ, ਤਾਂ ਕੋਈ ਵੀ ਮੁਸ਼ਕਲ ਅੜਿਕਾ ਨਹੀਂ ਬਣ ਸਕਦੀ। ਲਵਲੀ ਸਰਾਂ ਦੀ ਸਫਲਤਾ ਦਾ ਸਫਰ ਅਜੇ ਜਾਰੀ ਹੈ। ਉਹਨਾਂ ਦੀ ਲਗਨ ਅਤੇ ਮਿਹਨਤ ਨੂੰ ਦੇਖਦੇ ਹੋਏ ਇਹ ਪੂਰਾ ਵਿਸ਼ਵਾਸ ਹੈ ਕਿ ਭਵਿੱਖ ਵਿੱਚ ਵੀ ਉਹ ਹੋਰ ਉਚਾਈਆਂ ਨੂੰ ਛੂਹਣਗੇ ਅਤੇ ਆਪਣੇ ਦੇਸ਼ ਦਾ ਨਾਮ ਹੋਰ ਵੀ ਰੌਸ਼ਨ ਕਰਨਗੇ। ਉਹਨਾਂ ਦੀ ਜੀਵਨ ਯਾਤਰਾ ਅਤੇ ਪ੍ਰਾਪਤੀਆਂ ਹਰ ਉਸ ਵਿਅਕਤੀ ਲਈ ਇੱਕ ਮਿਸਾਲ ਹਨ, ਜੋ ਮੁਸ਼ਕਲਾਂ ਦੇ ਬਾਵਜੂਦ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਹਿੰਮਤ ਰੱਖਦਾ ਹੈ। ਲਵਲੀ ਸਰਾਂ ਸਿਰਫ ਇੱਕ ਖਿਡਾਰੀ ਜਾਂ ਅਧਿਆਪਕ ਨਹੀਂ, ਸਗੋਂ ਇੱਕ ਅਜਿਹੀ ਸ਼ਖਸੀਅਤ ਹਨ, ਜੋ ਸਮਾਜ ਨੂੰ ਸਕਾਰਾਤਮਕ ਦਿਸ਼ਾ ਵਿੱਚ ਲਿਜਾਣ ਦਾ ਜਜ਼ਬਾ ਰੱਖਦੇ ਹਨ।

# ਚੇਤਿਆਂ ਦੀ ਤਾਕੀ, ਇੱਕ ਡਾਕਟਰ ਇੱਕ ਵਿਗਿਆਨੀ



ਰਾਜਵੰਤ ਕੌਰ ਪ੍ਰੀਤ ਮਾਨ

ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਅਰਵਿੰਦ ਅਪ੍ਰੈਲ ਵਿੱਚ ਕੈਲਗਰੀ ਆਏ ਤਾਂ ਰੈੱਡ ਐਫ ਐਮ ਰੇਡੀਉ ਤੇ ਕੁਐਂਟਮ ਫ਼ਿਜ਼ਿਕਸ ਦੇ ਵਿਸ਼ੇ ਉੱਤੇ ਸ਼ੁੱਧ ਪੰਜਾਬੀ ਵਿੱਚ ਵਿਚਾਰ ਸਾਂਝੇ ਕੀਤੇ।। ਫਿਰ ਜਦੋਂ ਉਹ ਸਾਡੇ ਘਰ ਮਿਲਣ ਆਏ ਤਾਂ ਪੁਰਾਣੀਆਂ ਯਾਦਾਂ ਦੀ ਰੀਲ ਇੱਕ ਦਮ ਦਿਮਾਗ ਵਿੱਚ ਘੁੰਮ ਗਈ। ਦਰਅਸਲ ਪ੍ਰੋ. ਅਰਵਿੰਦ ਦੇ ਪਿਤਾ ਡਾ. ਹਰਸਰਨ (ਸਿੰਘ) ਰਾਹੀਂ ਸਾਡੇ ਦੋਹਾਂ ਪਰਿਵਾਰਾਂ ਦੀਆਂ ਪਾਕਿਸਤਾਨ ਬਨਣ ਤੋਂ ਪਹਿਲਾਂ ਦੀਆਂ ਸਾਂਝਾਂ ਹਨ ਜੋ ਹੁਣ ਤੱਕ ਕਾਇਮ ਹਨ। ਯਾਦਾਂ ਦਿਲਾਂ ਵਿੱਚ ਤਾਜ਼ੀਆਂ ਹਨ। ਉਦੋਂ, ਨਿਰੰਜਣ ਅਤੇ ਹਰਸਰਨ ਦੋਵੇਂ ਖਾਲਸਾ ਸਕੂਲ, ਚੱਕ ਨੰਬਰ 41, (ਲਾਇਲਪੁਰ) ਵਿੱਚ ਪੜ੍ਹਦੇ ਸਨ। ਫਿਰ ਖਾਲਸਾ ਕਾਲਜ, ਲਾਇਲਪੁਰ ਵਿੱਚ ਦਾਖਲ ਹੋ ਗਏ - ਹਰਸਰਨ ਸਾਇੰਸ ਸਟੂਡੈਂਟ ਤੇ ਨਿਰੰਜਣ ਆਰਟਸ ਸਟੂਡੈਂਟ। ਕਾਲਜ ਦੀ ਪੜ੍ਹਾਈ ਦੌਰਾਨ 1945-46 ਵਿੱਚ ਦੋਵੇਂ ਗਰਮੀ ਦੀਆਂ ਛੁੱਟੀਆਂ ਕੱਟਣ ਪ੍ਰੀਤਨਗਰ ਆਉਂਦੇ ਸਨ। ਉੱਥੇ ਕਿਸੇ ਜਾਣਕਾਰ ਰਾਹੀਂ ਚੁਬਾਰਾ ਲੈ ਕੇ ਰਹਿੰਦੇ ਤੇ ਖੂਬ ਉੱਚੀ ਉੱਚੀ ਗਾਉਂਦੇ। ਹਰਸਰਨ ਦੀ ਆਵਾਜ਼ ਭਾਰੀ ਤੇ ਨਿਰੰਜਣ ਦੀ ਪਤਲੀ। ਦੋਵੇਂ ਸਹਿਗਲ ਦੇ ਗਾਣੇ ਗਾਉਂਦੇ। ਇਸੇ ਕਰ ਕੇ ਲੋਕੀ ਇਨ੍ਹਾਂ ਨੂੰ ਸਹਿਗਲ-ਸਹਿਗਣੀ ਕਹਿੰਦੇ ਖ਼ੁਸ਼ ਹੁੰਦੇ। ਜਦ ਗੁਰਬਖ਼ਸ਼ ਸਿੰਘ (ਪ੍ਰੀਤਲੜੀ) ਕੋਲ਼ ਖ਼ਬਰ ਪਹੁੰਚੀ ਤਾਂ ਉਹ ਆਪ ਇਹਨਾਂ ਨੂੰ ਮਿਲਣ ਆ ਗਏ। ਇਉਂ ਇਨ੍ਹਾਂ ਦਾ ਪ੍ਰੀਤਨਗਰ ਆਉਣਾ ਜਾਣਾ ਸ਼ੁਰੂ ਹੋ ਗਿਆ ਜਿੱਥੇ ਐਕਟਿਵਿਟੀ ਸਕੂਲ ਦੀਆਂ ਮਹਿਫ਼ਿਲਾਂ ਵਿੱਚ ਅਨੰਦ ਮਾਣਦੇ ਰਹੇ। ਉਦੋਂ ਹਿਰਦੇਪਾਲ ਸਿੰਘ ਤੇ ਬੇਟੀ ਅਨੁਸੂਯਾ ਇਸੇ ਸਕੂਲ ਵਿੱਚ ਪੜ੍ਹਦੇ ਸਨ। ਉਸ ਸਮੇਂ ਦੀਆਂ ਮਿਲਣੀਆਂ ਬਾਰੇ ਹਿਰਦੇਪਾਲ ਜੀ ਆਪ ਦਸਦੇ ਹੁੰਦੇ ਹਨ।

ਪੰਜਾਬ ਦੀ ਖ਼ੂਨੀ ਵੰਡ ਸਮੇਂ ਹਰਸਰਨ ਬੀ. ਐਸ ਸੀ. ਦਾ ਅਤੇ ਨਿਰੰਜਣ ਬੀ. ਏ. ਦਾ ਵਿਦਿਆਰਥੀ ਸੀ, ਦੋਵੇਂ ਅੰਮ੍ਰਿਤਸਰ ਆ ਗਏ। ਹਰਸਰਨ ਭਾਅ ਜੀ ਦੇ ਸਾਰੇ ਪਰੀਵਾਰਾਂ ਨੂੰ ਜੰਡਿਆਲਾ ਗੁਰੂ ਲਾਗੇ ਪਿੰਡ ਏਕਲਗੱਡਾ ਵਿੱਚ ਜ਼ਮੀਨ ਅਲਾਟ ਹੋ ਗਈ। ਹਰਸਰਨ ਮੈਡੀਕਲ ਕਾਲਜ, ਅੰਮ੍ਰਿਤਸਰ ਵਿੱਚ ਦਾਖਲ ਹੋ ਗਿਆ। ਨਿਰੰਜਣ ਨੇ ਐਮ. ਏ. ਕਰਨ ਲਈ ਕੈਂਪ ਕਾਲਜ, ਦਿੱਲੀ ਵਿੱਚ ਐਮ. ਐਸ. ਸੀ. ਸਾਈਕਾਲੋਜੀ (ਮਨੋਵਿਗਿਆਨ) ਵਿੱਚ ਦਾਖਲਾ ਲੈ ਲਿਆ। ਦੋ ਸਾਲ ਬਾਅਦ ਨਿਰੰਜਣ ਸਿੰਘ ਅੰਮ੍ਰਿਤਸਰ ਆ ਕੇ ਇਪਟਾ ਅਮਨ ਲਹਿਰਾਂ ਵਿੱਚ ਤੇਰਾ ਸਿੰਘ ਚੰਨ ਨਾਲ਼ ਮਿਲ ਕੇ ਇਨ੍ਹਾਂ ਲਹਿਰਾਂ ਨੂੰ ਪੰਜਾਬ ਵਿੱਚ ਮਜ਼ਬੂਤ ਕਰਨ ਵਿੱਚ ਜੁਟ ਗਏ। ਏਥੇ ਉਨ੍ਹਾਂ ਦਾ ਮੇਲ ਫਿਰ ਹਰਸਰਨ ਨਾਲ਼ ਹੋ ਗਿਆ। ਹਰਸਰਨ ਹੁਰੀਂ ਡਾਕਟਰੀ ਪੜ੍ਹਾਈ ਦੇ ਨਾਲ਼ ਕੁੱਲ ਹਿੰਦ ਵਿਦਿਆਰਥੀ ਪ੍ਰੀਸ਼ਦ (A. I. S. F.) ਦੇ ਮੈਂਬਰ ਬਣ ਗਏ ਅਤੇ ਮੈਡੀਕਲ ਪੜ੍ਹਦੇ ਹੋਰ ਮਿੱਤਰਾਂ ਨਾਲ਼ ਮਿਲ ਕੇ ਡਾ. ਪ੍ਰਿਥੀਪਾਲ ਸਿੰਘ ਮੈਣੀ, ਡਾ. ਰਾਜਵੰਤ ਸਿੰਘ ਵਗੈਰਾ ਨਾਲ਼ ਇਪਟਾ ਅਮਨ ਲਹਿਰਾਂ ਵਿੱਚ ਸਰਗਰਮ ਹੋ ਗਏ। ਡਾ. ਮੈਣੀ ਨੇ ਬਹੁਤ ਸਾਲਾਂ ਬਾਅਦ ਦੱਸਿਆ ਕਿ ਪੁਲੀਸ ਨੇ ਉਨ੍ਹਾਂ 'ਤੇ ਲਾਠੀਚਾਰਜ ਵੀ ਕੀਤਾ, ਪੜ੍ਹਾਈ ਦੌਰਾਨ ਕੁੱਝ ਚਿਰ ਜੇਲ੍ਹ-ਯਾਤਰਾ ਵੀ ਕਰਨੀ ਪਈ। ਕਿਵੇਂ ਨਾ ਕਿਵੇਂ ਐਮ. ਬੀ.ਬੀ. ਐਸ. ਦੀ ਡਿਗਰੀ ਪ੍ਰਾਪਤ ਕਰ ਕੇ ਸਾਰੇ ਆਪੋ-ਆਪਣੇ ਥਾਂ ਸੈੱਟ ਹੋ ਗਏ ਪਰ ਹਰਸਰਨ, ਅਲਬੇਲਾ ਇਨਸਾਨ ਕੁੱਝ ਅਰਸੇ ਬਾਅਦ ਆਦਮਪੁਰ ਸਿਵਿਲ ਹਸਪਤਾਲ ਦੀ ਨੌਕਰੀ ਤੋਂ ਅਸਤੀਫ਼ਾ ਦੇ



ਡਾਕਟਰ ਹਰਸ਼ਰਨ ਤੇ ਅਰਵਿੰਦ (ਦੋਵੇਂ ਪਿਉ ਪੁੱਤ)

ਗਿਆ ਕਿਉਂਕਿ ਉਸ ਨੂੰ ਪਿੰਡਾਂ ਤੋਂ ਆਉਣ ਵਾਲ਼ੇ ਲੜਾਈ-ਝਗੜੇ ਦੇ ਮਰੀਜ਼ਾਂ ਦੇ ਮਸਲਿਆਂ ਵਿੱਚ ਪੈਣਾ ਪਸੰਦ ਨਹੀਂ ਸੀ। ਉਹ ਤਾਂ ਲੋਕਾਂ ਦਾ ਨਰਮ-ਦਿਲ ਹਮਦਰਦੀ ਡਾਕਟਰ ਸੀ। ਆਪਣੇ ਪਿੰਡ ਏਕਲਗੱਡੇ ਆ ਕੇ ਘਰ ਵਿੱਚ ਇੱਕ ਛੋਟੀ ਜਿਹੀ ਡਿਸਪੈਂਸਰੀ ਬਣਾ ਕੇ ਪਿੰਡਾਂ ਦੇ ਲੋਕਾਂ ਦਾ ਮੁਫ਼ਤ ਇਲਾਜ ਕਰਨ ਲੱਗ ਪਿਆ ਤੇ ਗ਼ਰੀਬਾਂ ਦਾ ਮਸੀਹਾ ਬਣ ਗਿਆ। ਇਸ ਰੁਝੇਵੇਂ ਦੇ ਬਾਵਜੂਦ ਆਪਣੀ ਮਾਂ ਦੀ ਦੇਖਭਾਲ਼, ਦੋਵੇਂ ਧੀਆਂ ਅਤੇ ਪੁੱਤਰ ਅਰਵਿੰਦ ਦੀ ਪਰਵਰਿਸ਼ ਅਤੇ ਪੜ੍ਹਾਈ ਵੱਲ ਪੂਰੀ ਤਵੱਜੋ ਦਿੱਤੀ। ਪਤਨੀ ਰਮੇਸ਼ ਇੱਕ ਧੜੱਲੇਦਾਰ ਗਰਾਮ ਸੇਵਿਕਾ ਹੋਣ ਦੇ ਨਾਲ਼ ਨਾਲ਼ ਘਰ ਦੇ ਕੰਮਾਂ ਵਿੱਚ ਨਿਪੁੰਨ ਇਸਤਰੀ ਸੀ ਅਤੇ ਚੰਗੀ ਮਾਂ ਸੀ। ਜ਼ਮੀਨ ਦੀ ਆਮਦਨ ਨਾਲ਼ ਸੁਹਣਾ ਗੁਜ਼ਾਰਾ ਚਲਦਾ ਰਿਹਾ। ਬੱਚੇ ਪੜ੍ਹਾਈ ਵਿੱਚ ਮੱਲਾਂ ਮਾਰ ਕੇ ਆਪੋ-ਆਪਣੇ ਖੇਤਰ ਵਿੱਚ ਸੈੱਟ ਹੋ ਹਏ।

ਅਰਵਿੰਦ ਸਾਇੰਸ ਦੀ ਉੱਚੀ ਪੜ੍ਹਾਈ ਪ੍ਰਾਪਤ ਕਰ ਕੇ ਅੰਤਰ ਰਾਸ਼ਟਰੀ ਪੱਧਰ ਦਾ ਭੌਤਿਕ ਵਿਗਿਆਨੀ ਬਣ ਗਿਆ। ਦਿੱਖ ਵਿੱਚ ਅਲਬੇਲੇ ਬੰਗਾਲੀ ਕਵੀ ਟੈਗੋਰ ਵਾਂਗ। ਉਸ ਦਾ ਪੜ੍ਹਾਈ ਵਿੱਚ ਰਿਕਾਰਡ ਸ਼ਾਨਦਾਰ ਰਿਹਾ। ਸੰਨ 1997 ਵਿੱਚ ਬੰਗਲੌਰ ਤੋਂ ਇੰਡੀਅਨ ਇੰਸਟੀਚਿਉਟ ਆਫ ਸਾਇੰਸ ਤੋਂ ਥਿਉਰੈਟੀਕਲ ਫ਼ਿਜ਼ਿਕਸ ਦੀ ਪੀ.ਐਚ.ਡੀ ਕੀਤੀ। ਉਸ ਨੂੰ ਭੌਤਿਕ ਵਿਗਿਆਨ (ਫਿਜਿਕਸ) ਦੇ ਅਤੀ ਆਧੁਨਿਕ ਅਤੇ ਵਿਕਸਿਤ ਵਿਸ਼ੇ 'ਕੁਐਂਟਮ ਫ਼ਿਜ਼ਿਕਸ' ਬਾਰੇ ਮੁਹਾਰਤ ਹੈ ਅਤੇ ਭਾਰਤ ਦੀ ਇਸ ਬਾਰੇ ਸਰਬ ਉੱਚ ਕੌਂਸਲ ਦਾ ਮੈਂਬਰ ਹੈ। ਉਹ ਮੁਹਾਲੀ ਸਥਿਤ ਸਾਇੰਸ ਦੀ ਵੱਕਾਰੀ ਸੰਸਥਾ - 'ਇੰਡੀਅਨ ਇੰਸੀਚਿਊਟ ਆਫ ਸਾਇੰਸ ਐਜੂਕੇਸ਼ਨ ਐਂਡ ਰੀਸਰਚ' (I. I. S. E. R.) ਦਾ ਡਾਇਰੈਕਟਰ ਵੀ ਰਹਿ ਚੁੱਕਿਆ ਹੈ। ਉਸ ਦੀ ਇਸ ਵਿਸ਼ੇ ਉਪਰ ਤਾਂ ਪੂਰੀ ਪਕੜ ਹੈ ਹੀ ਪਰ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਉਹ ਇਸ ਔਖੇ ਵਿਗਿਆਨਕ ਵਿਸ਼ੇ ਬਾਰੇ ਨਿਰੋਲ ਪੰਜਾਬੀ ਵਿੱਚ ਬੋਲ ਕੇ ਸਮਝਾ ਜਾਂਦਾ ਹੈ। ਮੇਰੇ ਅਜ਼ੀਜ਼ ਜਗਦੇਵ ਸਿੱਧੂ ਨੇ ਮੈਨੂੰ ਦੱਸਿਆ ਕਿ ਪਿਛਲੇ ਸਾਲ ਉਸ ਨੂੰ ਖਡੂਰ ਸਾਹਿਬ ਦੇ ਕਾਲਜ ਵਿੱਚ ਫਿਜ਼ਿਕਸ ਦੇ ਇੱਕ ਮਰਹੂਮ ਪ੍ਰੋਫੈਸਰ ਦੀ ਯਾਦ ਵਿੱਚ ਕਰਵਾਏ ਪਹਿਲੇ ਸੈਮੀਨਾਰ ਸਮੇਂ ਪ੍ਰੋ. ਅਰਵਿੰਦ ਦਾ ਕੁਐਂਟਮ ਫ਼ਿਜ਼ਿਕਸ ਬਾਰੇ ਦਿੱਤਾ ਕੁੰਜੀਵਤ ਭਾਸ਼ਣ ਸੁਨਣ ਦਾ ਮੌਕਾ ਨਸੀਬ ਹੋਇਆ ਜਦੋਂ ਪ੍ਰੋ. ਸਾਹਿਬ ਨੇ ਪੂਰੇ ਭਾਸ਼ਣ ਵਿੱਚ ਕੁਐਂਟਮ ਸ਼ਬਦ ਤੋਂ ਇਲਾਵਾ ਕੋਈ ਵੀ ਅੰਗ੍ਰੇਜ਼ੀ ਦਾ ਸ਼ਬਦ ਨਹੀਂ ਸੀ ਵਰਤਿਆ। ਇਸ ਤੋਂ ਸਾਨੂੰ ਸ਼ੁੱਧ ਪੰਜਾਬੀ ਬੋਲਣ ਦੀ ਮੱਤ ਲੈਣੀ ਬਣਦੀ ਹੈ ।ਅਰਵਿੰਦ ਇਸ ਵਿਸ਼ੇ ਬਾਰੇ ਵਿਦੇਸ਼ਾਂ ਵਿੱਚ ਜਾ ਕੇ ਵੀ ਭਾਸ਼ਣ ਦਿੰਦਾ ਹੈ। ਕੈਨੇਡਾ ਵਿੱਚ ਕੈਲਗਰੀ ਤੋਂ ਇਲਾਵਾ ਵੈਨਕੂਵਰ ਅਤੇ ਟੋਰਾਂਟੋ ਵਰਗੇ ਮਹਾਂਨਗਰਾਂ ਵਿਖੇ ਵੀ ਆਪਣੇ ਪੰਜਾਬੀ ਭਾਈਚਾਰੇ ਨੂੰ ਇਸ ਤਕਨਾਲੋਜੀ ਦੀ ਵਰਤੋਂ ਅਤੇ ਇਸ ਦੇ ਫ਼ਾਇਦਿਆਂ ਬਾਰੇ ਜਾਣਕਾਰੀ ਦਿੱਤੀ ਸੀ। ਉਸ ਨੇ ਦੱਸਿਆ ਸੀ ਕਿ ਇਸ ਵਿਧੀ ਨਾਲ਼ ਸਾਇੰਸ ਦੇ ਗੁੱਝੇ ਭੇਤਾਂ ਨੂੰ ਸਮਝਣ ਵਿੱਚ ਮਦਦ ਮਿਲ ਰਹੀ ਹੈ, ਨਵੀਆਂ ਕਾਢਾਂ ਹੋ ਰਹੀਆਂ ਹਨ, ਬਹੁ-ਪ੍ਰਭਾਵੀ ਕੰਪਿਊਟਰ ਬਣ ਰਹੇ ਹਨ, ਹਰੇਕ ਖੇਤਰ ਵਿੱਚ ਕ੍ਰਾਂਤੀ ਆ ਰਹੀ ਹੈ। ਇਸ ਤੋਂ ਬਹੁਤ ਸੰਭਾਵਨਾਵਾਂ ਹਨ। ਆਸ ਕਰੀਏ ਕਿ ਨਵੀਨ ਕਾਢਾਂ ਮਨੁੱਖਤਾ ਲਈ ਅਮਨ ਤੇ ਖ਼ੁਸ਼ਹਾਲੀ ਦਾ ਸਬੱਬ ਬਨਣਗੀਆਂ ਨਾ ਕਿ ਦੁਨੀਆਂ ਦੀ ਤਬਾਹੀ ਕਰਨ ਵਾਲ਼ੇ ਪਰਮਾਣੂੰ ਬੰਬ ਵਰਗੇ ਵਿਨਾਸ਼ਕਾਰੀ ਜੰਤਰਾਂ ਦਾ ਸਾਧਨ ਬਨਣਗੀਆਂ। ਮੈਂ ਅਰਵਿੰਦ ਦਾ ਟੋਰਾਂਟੋ ਵਿੱਚ ਦਿੱਤਾ ਭਾਸ਼ਣ ਯੂ ਟਿਊਬ ਤੇ ਸੁਣਿਆਂ, ਉਸਦਾ ਸਿੱਧੀ-ਸਾਦੀ ਪੰਜਾਬੀ ਭਾਸ਼ਾ ਵਿੱਚ ਸਮਝਾਉਣ ਦਾ ਤਰੀਕਾ ਬੜਾ ਦਿਲਚਸਪ ਲੱਗਿਆ।

ਇੱਕ ਗੱਲ ਸਾਂਝੀ ਕਰਨ ਵਾਲ਼ੀ ਹੋਰ ਇਹ ਹੈ ਕਿ ਡਾ. ਹਰਸਰਨ ਜਮਾਂਦਰੂ ਕਵੀ ਸੀ। ਕੰਵਲਜੀਤ ਸੂਰੀ ਕੋਲ਼ ਉਸ ਦੀ ਕਵਿਤਾ ਦਾ ਇੱਕ ਫਟਿਆ ਹੋਇਆ ਸਫ਼ਾ ਐਨੇ ਸਾਲ ਸਾਂਭਿਆ ਰਿਹਾ, ਉਸ ਵੇਲ਼ੇ ਦਾ ਜਦੋਂ ਉਹ ਆਦਮਪੁਰ ਵਿੱਚ ਡਾਕਟਰ ਸੀ। ਸੂਰੀ ਨੇ ਇਸ ਸਫ਼ੇ ਦੇ ਟੁਕੜੇ ਜੋੜ ਕੇ ਪ੍ਰੋ. ਅਰਵਿੰਦ ਨੂੰ ਦੱਸਿਆ ਅਤੇ ਇਹ ਕਵਿਤਾ ਪ੍ਰੀਤਲੜੀ ਨੂੰ ਭੇਜ ਦਿੱਤੀ ਜਿਹੜੀ ਮਾਰਚ 2025 ਦੇ ਅੰਕ ਵਿੱਚ 'ਮੇਰੇ ਗ਼ਮ ਦੀ ਕਹਾਣੀ' ਦੇ ਸਿਰਲੇਖ ਹੇਠਾਂ ਸਫ਼ਾ 10 'ਤੇ ਛਪੀ ਹੈ। ਜੀਵਨ ਵਿੱਚ ਸਚਾਈ, ਨਰਮਦਿਲੀ, ਪਿਆਰ, ਦੋਸਤੀ ਕੀਮਤੀ ਤੋਹਫ਼ੇ ਹਨ, ਜਿਸ ਕੋਲ਼ ਵੀ ਹੋਣ ਉਹ ਲੋਕਾਂ ਦੇ ਦਿਲਾਂ ਵਿੱਚ ਵਸ ਜਾਂਦੇ ਹਨ। ਅੰਤ ਵਿੱਚ ਇਹ ਦੱਸਣ ਨੂੰ ਜੀਅ ਕਰਦਾ ਹੈ ਕਿ ਨਾਂ ਪੜ੍ਹ ਕੇ ਅਤੇ ਉਸ ਨੂੰ ਵੇਖ ਕੇ ਕੋਈ ਨਹੀਂ ਕਹਿ ਸਕਦਾ ਕਿ ਉਹ ਅਲਬੇਲਾ ਪੰਜਾਬੀ ਸਪੂਤ ਅਰਵਿੰਦ ਸਿੰਘ ਢਿੱਲੋਂ ਹੈ।

# ਕੈਨੇਡਾ ਵਿੱਚ ਬਿਸ਼ਨੋਈ ਗੈਂਗ ਦਾ ਖਾਤਮਾ ਕੈਨੇਡਾ ਦੇ ਲੋਕਾਂ ਦੀ ਸੁਰੱਖਿਆ ਵਾਸਤੇ ਬੇਹਦ ਲਾਜ਼ਮੀ- ਸਮਿਥ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪ੍ਰੀਮੀਅਰ ਡੇਵਿਡ ਈਬੀ ਤੋਂ ਬਾਅਦ ਹੁਣ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਨੇ ਵੀ ਫੈਡਰਲ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਭਾਰਤ ਦੇ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਜਥੇਬੰਦੀ ਐਲਾਨਿਆ ਜਾਵੇ ਉਹਨਾਂ ਆਖਿਆ ਕਿ ਕੈਨੇਡਾ ਵਿੱਚ ਬਿਸ਼ਨੋਈ ਗੈਂਗ ਦਾ ਖਾਤਮਾ ਕੈਨੇਡਾ ਦੇ ਲੋਕਾਂ ਦੀ ਸੁਰੱਖਿਆ ਵਾਸਤੇ ਬੇਹਦ ਲਾਜ਼ਮੀ ਹੈ। ਉਹਨਾਂ ਆਖਿਆ ਕਿ ਅਸੀਂ ਜਾਣਦੇ ਹਾਂ ਕਿ ਇਸ ਤਰ੍ਹਾਂ ਦੇ ਗਿਰੋਹਾਂ ਵਾਸਤੇ ਕੋਈ ਸਰਹੱਦ ਨਹੀਂ ਹੁੰਦੀ ਹੈ ਤੇ ਨਾ ਹੀ ਉਸ ਸਰਹੱਦਾਂ ਦੀ ਇੱਜ਼ਤ ਕਰਦੇ ਹਨ ਅਤੇ ਅਲਬਰਟਾ ਸਪਸ਼ਟ ਮੈਸੇਜ ਜਾਂ ਸੁਨੇਹਾ ਦੇਣਾ ਚਾਹੁੰਦਾ ਹੈ ਕਿ ਤੁਹਾਡਾ ਇੱਥੇ ਸਵਾਗਤ ਨਹੀਂ ਹੈ। ਪ੍ਰੀਮੀਅਰ ਡੈਨੀਅਲ ਸਮਿਥ ਵੱਲੋਂ ਇਹ ਬਿਆਨ ਪਬਲਿਕ ਸੇਫਟੀ ਮੰਤਰੀ ਮਾਈਕ ਐਲਿਸ ਦੇ ਨਾਲ ਸਾਂਝੇ ਤੌਰ ਤੇ ਜਾਰੀ ਕੀਤਾ ਗਿਆ ਹੈ। ਇਹ ਬਿਆਨ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਦੇ ਅਤੇ ਸਰੀ ਦੀ ਮੇਅਰ ਬ੍ਰੈਂਡਾ ਲੌਕ ਵੱਲੋਂ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਜਥੇਬੰਦੀ ਐਲਾਨੇ ਜਾਣ ਲਈ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਲਿਖੀ ਗਈ ਚਿੱਠੀ ਤੋਂ ਲਗਭਗ ਇੱਕ ਮਹੀਨੇ ਬਾਅਦ ਆਇਆ ਹੈ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਆਰਸੀਐਮਪੀ ਵੱਲੋਂ ਅਲਬਰਟਾ ਓਟਾਰੀਓ ਅਤੇ ਸਰੀ ਵਿੱਚ ਸਾਊਥ ਏਸ਼ੀਅਨ ਭਾਈਚਾਰੇ ਦੇ ਖਿਲਾਫ ਹੋ ਰਹੇ ਅਪਰਾਧਾਂ ਅਤੇ ਮੰਗੀਆਂ ਜਾ ਰਹੀਆਂ ਫਰੌਤੀਆਂ ਲਈ ਲਾਰੈਂਸ ਬਿਸ਼ਨੋਈ ਗੈਂਗ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ ਅਤੇ ਜੇਕਰ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਜਥੇਬੰਦੀ ਐਲਾਨ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਪੁਲਿਸ ਕੋਲ ਇਸ ਸੰਗਠਤ ਅਪਰਾਧਕ ਨੈਟਵਰਕ ਨੂੰ ਨੱਥ ਪਾਉਣ ਲਈ ਹੋਰ ਤਾਕਤਾਂ ਮਿਲ ਜਾਣਗੀਆਂ ਅਤੇ ਜੇਕਰ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਜਥੇਬੰਦੀ ਐਲਾਨ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਇਸ ਗਰੋਹ ਨਾਲ ਜੁੜੀਆਂ ਜਾਇਦਾਦਾਂ ਨੂੰ ਸਰਕਾਰ ਕੁਰਕ ਕਰ ਸਕਦੀ ਹੈ । ਅਤੇ ਇਸ ਤੋਂ ਇਲਾਵਾ ਹੋਰ ਜਿਆਦਾ ਵਸੀਲੇ ਵਰਤ ਕੇ ਇਸ ਗਰੋਹ ਨਾਲ ਸੰਬੰਧਿਤ ਫਾਇਨੈਂਸਿੰਗ , ਟਰੈਵਲ ਅਤੇ ਅਪਰਾਧੀਆਂ ਦੀ ਭਰਤੀ ਨੂੰ ਰੋਕਿਆ ਜਾ ਸਕਦਾ ਹੈ

# ਮਾਰਕ ਕਾਰਨੀ ਦੇ ਹੱਥ ਆਰਥਿਕਤਾ ਨੂੰ ਤਾਂ ਚੰਗੀ ਤਰ੍ਹਾਂ ਸੰਭਾਲ ਸਕਦੇ ਹਨ ਪਰ ਪੈਨ ਕੇਕ ਨੂੰ ਨਹੀਂ !



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਕੈਲਗਰੀ ਵਿਖੇ ਚੱਲ ਰਹੇ ਸਟੈਂਪੀਡ ਮੇਲੇ ਦੇ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੋਂ ਇਲਾਵਾ ਮੁੱਖ ਵਿਰੋਧੀ ਧਿਰ ਕੰਜ਼ਰਵਟਿਵ ਪਾਰਟੀ ਦੇ ਲੀਡਰ ਪੀਅਰ ਪੋਲੀਐਵ ਨੇ ਵੀ ਸ਼ਿਰਕਤ ਕੀਤੀ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸਟੈਂਪੀਡ ਵਿੱਚ ਪ੍ਰਧਾਨ ਮੰਤਰੀ ਦੇ ਆਉਣ ਦੀ ਪਰੰਪਰਾ ਨੂੰ ਮੁੜ ਤੋਂ ਸ਼ੁਰੂ ਕੀਤਾ ਕਿਉਂਕਿ ਪਿਛਲੀ ਸਟੈਂਪੀਡ ਵਿੱਚ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸ਼ਿਰਕਤ ਨਹੀਂ ਕੀਤੀ ਸੀ। ਪ੍ਰਧਾਨ ਮੰਤਰੀ ਮਾਰਕ ਕਾਰਨੀ ਜਿੱਥੇ ਲੋਕਾਂ ਨੂੰ ਮਿਲਦੇ ਹੋਏ ਅਤੇ ਸੈਲਫੀਆਂ ਕਰਵਾਉਂਦੇ ਨਜ਼ਰ ਆਏ ਉਸ ਤੋਂ ਇਲਾਵਾ ਉਹਨਾਂ ਨੇ ਇੱਕ ਸਟੈਂਪੀਡ ਬਰੇਕ ਫਾਸਟ ਵਿੱਚ ਸ਼ਿਰਕਤ ਕੀਤੀ ਅਤੇ ਪੈਨ ਕੇਕ ਬਣਾਉਣ ਦੀ ਕੋਸ਼ਿਸ਼ ਦੇ ਦੌਰਾਨ ਜਦੋਂ ਪੈਨ ਕੇਕ ਨੂੰ ਉਲਟਾਉਣ ਦਾ ਯਤਨ ਕੀਤਾ ਤਾਂ ਉਹਨਾਂ ਕੋਲੋਂ ਇਹ ਏਡੇ ਵਧੀਆ ਢੰਗ ਨਾਲ ਨਹੀਂ ਹੋਇਆ ਜਿਸ ਤੋਂ ਬਾਅਦ ਇਹ ਵੀ ਖਬਰਾਂ ਬਣੀਆਂ ਕਿ ਮਾਰਕ ਕਾਰਨੀ ਦੇ ਹੱਥ ਆਰਥਿਕਤਾ ਨੂੰ ਤਾਂ ਚੰਗੀ ਤਰ੍ਹਾਂ ਸੰਭਾਲ ਸਕਦੇ ਹਨ ਪਰ ਪੈਨ ਕੇਕ ਨੂੰ ਨਹੀਂ। ਇਸ ਦੌਰਾਨ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਨੇ ਆਖਿਆ ਕਿ ਉਹ ਤੇਲ ਪਾਈਪ ਲਾਈਨ ਨੂੰ ਫੈਡਰਲ ਸਰਕਾਰ ਦੇ ਮੇਜਰ ਪ੍ਰੋਜੈਕਟ ਲਿਸਟ ਵਿੱਚ ਸ਼ਾਮਿਲ ਕਰਨ ਦੇ ਚਾਹਵਾਨ ਹਨ।

# ਸੜਕਾਂ ਕਿਨਾਰੇ ਸੌਣ ਵਾਲੀ ਦਿਮਾਗੀ ਸੰਤੁਲਨ ਗੁਆ ਚੁੱਕੀ ਗੂੰਗੀ ਔਰਤ ਨੂੰ ਸਰਾਭਾ ਆਸ਼ਰਮ ਨੇ ਅਪਣਾਇਆ

"ਨਾ ਘਰ-ਬਾਰ ਨ ਕੌਡੀ ਖੀਸੇ,
ਨਾ ਕੋ ਸੁਣੇ ਪੁਕਾਰਾਂ। ਕੋਰਾ-
ਕੱਕਰ ਝੱਖੜ-ਝੋਲੇ, ਭੁੰਜੇ ਸੋਇ
ਗੁਜ਼ਾਰਾਂ ।"

ਇਹ ਪੰਕਤੀਆਂ ਇਸ ਦਿਮਾਗੀ ਸੰਤੁਲਨ ਗੁਵਾ ਚੁੱਕੀ ਬੇਘਰ ਔਰਤ 'ਤੇ ਪੂਰੀ ਤਰ੍ਹਾਂ ਢੁੱਕਦੀਆਂ ਹਨ। ਇਹ ਔਰਤ ਪਿਛਲੇ 8-9 ਸਾਲਾਂ ਤੋਂ ਬਠਿੰਡਾ ਸ਼ਹਿਰ ਦੇ ਬਾਹਰਵਾਰ ਮਲੋਟ ਸੜਕ ਕਿਨਾਰੇ ਪਲਾਸਟਿਕ ਦੀਆਂ ਬੋਰੀਆ ਨਾਲ ਬਣਾਈ ਝੁੱਗੀ ਵਿੱਚ ਰਹਿ ਰਹੀ ਸੀ। ਇਸ ਕੋਲੋਂ ਬਦਬੂ ਮਾਰ ਰਹੀ ਸੀ। ਹੱਥਾਂ, ਪੈਰਾਂ 'ਤੇ ਜਖਮ ਹੋਏ ਪਏ ਹਨ, ਵਾਲਾਂ ਵਿੱਚ ਜੂੰਆਂ, ਹੱਥਾਂ-ਪੈਰਾਂ ਦੇ ਵਧੇ ਹੋਏ ਨਹੁੰ ਇਹ ਬਿਆਨ ਕਰ ਰਹੇ ਸਨ ਕਿ ਪਤਾ ਨਹੀ ਕਿੰਨੇ ਚਿਰ ਤੋਂ ਇਸ ਨੇ ਇਸ਼ਨਾਨ ਵੀ ਨਹੀਂ ਕੀਤਾ ਹੋਣਾ।




**ਸੜਕ ਕਿਨਾਰੇ ਬੈਠੀ ਬੇਨਾਮ ਗੂੰਗੀ ਔਰਤ**

9 ਜੁਲਾਈ 2025 ਨੂੰ ਇਸ ਔਰਤ ਨੂੰ ਉਸ ਇਲਾਕੇ ਦੇ ਰਹਿਣ ਵਾਲੇ ਕੁਨਾਲ ਵਰਮਾ, ਗਿਸ਼ੂ ਖੱਤਰੀ ਤੇ ਉਹਨਾਂ ਦੇ ਸਾਥੀਆਂ ਨੇ ਵੇਖਿਆ ਅਤੇ ਇਹਨਾਂ ਰਹਿਮ ਦਿਲ ਇਨਸਾਨਾਂ ਵੱਲੋਂ ਇਸ ਔਰਤ ਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਪੁਚਾਇਆ ਗਿਆ। ਉਥੋਂ ਦੇ ਰਹਿਣ ਵਾਲੇ ਲੋਕਾਂ ਦੇ ਦੱਸਣ ਮੁਤਾਬਕ ਇਹ ਔਰਤ ਨਜ਼ਦੀਕ ਬਣੀ ਝੀਲ ਵਿੱਚੋਂ ਮੱਛੀਆਂ ਕੱਢ ਲੈਂਦੀ ਅਤੇ ਬਣਾ ਕੇ ਖਾ ਲੈਂਦੀ ਜਾਂ ਕੋਈ ਰਾਹਗੀਰ ਖਾਣ ਨੂੰ ਕੁੱਝ ਦੇ ਦਿੰਦਾ ਤਾਂ ਖਾ ਲੈਂਦੀ । ਕਈ ਵਾਰ ਤਾਂ ਭੁੱਖਣ-ਭਾਣੇ ਇੱਧਰ-ਉੱਧਰ ਘੁੰਮਦੀ ਰਹਿੰਦੀ । ਦਿਨ-ਰਾਤ ਗੰਦਗੀ ਵਿੱਚ ਰਹਿਣ ਕਰਕੇ ਇਸ ਦੀ ਹਾਲਤ ਦਿਨੋਂ-ਦਿਨ ਵਿਗੜ ਰਹੀ ਸੀ।

ਹੁਣ ਇਸਨੂੰ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਆਸ਼ਰਮ ਵਿੱਚ ਸ਼ੁੱਧ ਭੋਜਨ, ਸਾਫ-ਸੁਥਰੇ ਕੱਪੜੇ ਅਤੇ ਜਰੂਰਤ ਅਨੁਸਾਰ ਮੈਡੀਕਲ ਸਹੂਲਤ ਵੀ ਮਿਲੇਗੀ। ਆਸ ਕਰਦੇ ਹਾਂ ਕਿ ਆਉਣ ਵਾਲੇ ਦਿਨਾਂ ਵਿੱਚ ਇਸਦੀ ਹਾਲਤ ਵਿੱਚ ਸੁਧਾਰ ਜਾ ਜਾਵੇਗਾ ਅਤੇ ਇਹ ਆਪਣੀ ਆਉਣ ਵਾਲੀ ਜਿੰਦਗੀ ਵਧੀਆ ਬਤੀਤ ਕਰੇਗੀ । ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਸਵਾ ਦੋ ਸੌ (225) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿੰਨ੍ਹਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: (ਇੰਡੀਆ):95018-42505; ਕੈਨੇਡਾ: 403-401-8787 ।

# ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਧਰਤੀ 'ਤੇ ਪਰਤੇ



ਵਾਸ਼ਿੰਗਟਨ (ਪੰਜਾਬੀ ਅਖ਼ਬਾਰ ਬਿਊਰੋ ) - ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਸਮੇਤ ਚਾਰ ਪੁਲਾੜ ਯਾਤਰੀ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਧਰਤੀ ਤੇ ਪਰਤ ਆਏ ਹਨ । ਲਗਭਗ 23 ਘੰਟਿਆਂ ਦੀ ਯਾਤਰਾ ਤੋਂ ਬਾਅਦ, ਉਨ੍ਹਾਂ ਦਾ ਡ੍ਰੈਗਨ ਪੁਲਾੜ ਯਾਨ 15 ਜੁਲਾਈ ਨੂੰ ਸਮੁੰਦਰ ਵਿੱਚ ਉੱਤਰਿਆ । ਇਸਨੂੰ ਸਪਲੈਸ਼ਡਾਊਨ ਕਿਹਾ ਜਾਂਦਾ ਹੈ। ਪੁਲਾੜ ਯਾਨ 263 ਕਿਲੋਗ੍ਰਾਮ ਤੋਂ ਵੱਧ ਕਾਰਗੋ ਲੈ ਕੇ ਵਾਪਸ ਆਇਆ । ਇਸ ਵਿੱਚ ਨਾਸਾ ਦਾ ਹਾਰਡਵੇਅਰ ਅਤੇ 60 ਤੋਂ ਵੱਧ ਪ੍ਰਯੋਗਾਂ ਦਾ ਡੇਟਾ ਸ਼ਾਮਲ ਸੀ । ਇਹ ਪੁਲਾੜ ਖੋਜ ਲਈ ਬਹੁਤ ਮਹੱਤਵਪੂਰਨ ਹੈ। ਚਾਰੇ ਪੁਲਾੜ ਯਾਤਰੀ 25 ਜੂਨ ਨੂੰ ਐਕਸੀਅਮ ਮਿਸ਼ਨ 4 ਦੇ ਤਹਿਤ ਰਵਾਨਾ ਹੋਏ ਸਨ । ਉਨ੍ਹਾਂ ਨੇ ਸਪੇਸਐਕਸ ਦੇ ਫਾਲਕਨ-9 ਰਾਕੇਟ ਨਾਲ ਜੁੜੇ ਇੱਕ ਡ੍ਰੈਗਨ ਕੈਪਸੂਲ ਵਿੱਚ ਕੈਨੇਡੀ ਸਪੇਸ ਸੈਂਟਰ ਤੋਂ ਉਡਾਣ ਭਰੀ ਸੀ ।ਇਸ ਤੋਂ ਪਹਿਲਾਂ ਤਕਨੀਕੀ ਨੁਕਸ ਅਤੇ ਮੌਸਮੀ ਸਮੱਸਿਆਵਾਂ ਕਾਰਨ ਇਹ ਮਿਸ਼ਨ 6 ਵਾਰ ਮੁਲਤਵੀ ਕੀਤਾ ਗਿਆ ਸੀ।

# ਜੰਗਲੀ ਅੱਗਾਂ 'ਤੇ ਸਿਆਸਤ ਕਰਨਾ ਮੰਦਭਾਗਾ -ਵਾਬ ਕਨੂੰ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ ) ਮੈਨੀਟੋਬਾ ਸੂਬੇ ਵਿੱਚ ਲੱਗੀਆਂ ਜੰਗਲੀ ਅੱਗਾਂ ਉੱਪਰ ਅਮਰੀਕਾ ਦੇ ਕੁੱਝ ਸਿਆਸਤਦਾਨਾਂ ਜਿਨਾਂ ਵਿੱਚ ਕੁੱਝ ਕਾਂਗਰਸ ਮੈਨ ਵੀ ਸ਼ਾਮਿਲ ਹਨ ਵੱਲੋਂ ਇਹ ਕਹਿੰਦਿਆਂ ਕੈਨੇਡਾ ਦੀ ਆਲੋਚਨਾ ਕੀਤੀ ਗਈ ਕਿ ਇਹਨਾਂ ਅੱਗਾਂ ਨੂੰ ਸਹੀ ਢੰਗ ਨਾਲ ਕਾਬੂ ਕੀਤਾ ਜਾ ਸਕਦਾ ਸੀ ਅਤੇ ਉਹਨਾਂ ਨੇ ਨਾਲ ਹੀ ਇਹ ਵੀ ਦੋਸ਼ ਲਗਾਏ ਕਿ ਮੈਨੀਟੋਬਾ ਵਿੱਚ ਲੱਗੀਆਂ ਜੰਗਲੀ ਅੱਗਾਂ ਦੇ ਧੂਏ ਕਾਰਨ ਅਮਰੀਕਾ ਵਿੱਚ ਇਸਦਾ ਖਤਰਨਾਕ ਪ੍ਰਭਾਵ ਪੈ ਰਿਹਾ ਹੈ ਤੇ ਬਾਹਰ ਨਿਕਲਣਾ ਔਖਾ ਹੋ ਗਿਆ ਹੈ ਅਤੇ ਇਸ ਸਬੰਧੀ ਕੁੱਝ ਸਿਆਸਤਦਾਨਾਂ ਵੱਲੋਂ ਡੀਸੀ ਵਿੱਚ ਕਨੇਡੀਅਨ ਐਂਬੈਸੀ ਨੂੰ ਇੱਕ ਚਿੱਠੀ ਵੀ ਲਿਖੀ ਗਈ ਹੈ, ਜਿਸ ਤੇ ਪਲਟਵਾਰ ਕਰਦਿਆਂ ਮੈਨੀਟੋਬਾ ਦੇ ਪ੍ਰੀਮੀਅਰ ਵਾਬ ਕਨੂੰ ਨੇ ਇਹਨਾਂ ਸਿਆਸਤਦਾਨਾਂ ਦੀ ਸਖ਼ਤ ਆਲੋਚਨਾ ਕਰਦਿਆਂ ਆਖਿਆ ਹੈ ਕਿ ਜੰਗਲੀ ਅੱਗਾਂ ਵਰਗੇ ਦੁਖਾਂਤ ਜਿਸ ਵਿੱਚ ਕਈ ਲੋਕਾਂ ਦੀ ਜ਼ਿੰਦਗੀ ਜਾ ਚੁੱਕੀ ਹੈ ਉੱਪਰ ਸਿਆਸਤ ਕਰਨਾ ਬੇਹਦ ਮੰਦਭਾਗਾ ਹੈ। ਉਹਨਾਂ ਆਖਿਆ ਕਿ ਇਹਨਾਂ ਸਿਆਸਤਦਾਨਾਂ ਵੱਲੋਂ ਸਿਰਫ ਇੰਸਟਾਗਰਾਮ ਉੱਪਰ ਲਾਈਕ ਪ੍ਰਾਪਤ ਕਰਨ ਵਾਸਤੇ ਅਜਿਹੇ ਬਿਆਨ ਦਿੱਤੇ ਜਾ ਰਹੇ ਹਨ। ਇੱਥੇ ਇਹ ਵੀ ਦੱਸ ਦਈਏ ਕਿ ਮੈਨੀਟੋਬਾ ਦੀਆਂ ਲੱਗੀਆਂ ਜੰਗਲੀ ਅੱਗਾਂ ਕਾਰਨ ਲਗਭਗ ਇੱਕ ਮਿਲੀਅਨ ਹੈਕਟੇਅਰ ਰਕਬਾ ਸੜ ਕੇ ਸੁਆਹ ਹੋਇਆ ਹੈ ਅਤੇ ਸਰਕਾਰ ਵੱਲੋਂ ਦੂਜੀ ਵਾਰ ਸਟੇਟ ਆਫ ਐਮਰਜੈਂਸੀ ਲਗਾਈ ਗਈ।



# ਸਟੈਂਪੀਡ ਦੇ ਆਖ਼ਰੀ ਦਿਨ ਕੈਲਗਰੀ ਡਾਊਨ ਟਾਊਨ ਵਿੱਚ ਗੋਲੀਬਾਰੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਕੈਲਗਰੀ ਵਿਖੇ ਮੁਕੰਮਲ ਹੋਈ ਸਟੈਂਪੀਡ ਦੇ ਆਖ਼ਰੀ ਦਿਨ ਕੈਲਗਰੀ ਡਾਊਨ ਟਾਊਨ ਵਿੱਚ ਗੋਲੀਬਾਰੀ ਦੀ ਵਾਰਦਾਤ ਵਾਪਰੀ ਹੈ ਜਿਸ ਵਿੱਚ ਇੱਕ ਰਾਹਗੀਰ ਜ਼ਖਮੀਂ ਹੋਇਆ ਹੈ। ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 6 ਐਵਨਿਊ ਸਾਊਥ ਵੈਸਟ ਦੇ 600 ਬਲਾਕ ਤੇ ਇੱਕ ਰੈਸਟੋਰੈਂਟ ਤੇ ਬਾਹਰ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ। ਪੁਲਿਸ ਦਾ ਮੰਨਣਾ ਹੈ ਕਿ ਕੁਝ ਲੋਕਾਂ ਦੇ ਦੋ ਛੋਟੇ ਗਰੁੱਪਾਂ ਵਿਚਕਾਰ ਰੈਸਟੋਰੈਂਟ ਦੇ ਬਾਹਰ ਝਗੜਾ ਹੋਇਆ ਸੀ ਅਤੇ ਇਹ ਵਧ ਕੇ ਗੋਲੀਬਾਰੀ ਤੱਕ ਪਹੁੰਚ ਗਿਆ ਅਤੇ ਇੱਕ ਰਾਹਗੀਰ ਨੂੰ ਇਹ ਗੋਲੀ ਜਾ ਲੱਗੀ , ਜਿਸ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਪੁਲਿਸ ਨੇ ਇਸ ਮਾਮਲੇ ਵਿੱਚ ਤਿੰਨ ਸ਼ਕੀਆਂ ਦੀ ਪਹਿਚਾਣ ਕੀਤੀ ਹੈ ਪਰ ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਜਾਂਚ ਕਰਤਾਵਾਂ ਦਾ ਮੰਨਣਾ ਹੈ ਕਿ ਜਿਸ ਵਕਤ ਗੋਲੀਬਾਰੀ ਹੋਈ ਉੱਥੇ ਕਈ ਲੋਕ ਮੌਜੂਦ ਸਨ ਅਤੇ ਉਨਾਂ ਦੇ ਮੋਬਾਈਲਾਂ ਵਿੱਚ ਇਸ ਵਾਰਦਾਤ ਦੀ ਫੁਟੇਜ ਹੋ ਸਕਦੀ ਹੈ , ਇਸ ਲਈ ਪੁਲਿਸ ਨੇ ਆਖਿਆ ਹੈ ਕਿ ਜਿਸ ਕਿਸੇ ਕੋਲ ਵੀ ਇਸ ਵਾਰਦਾਤ ਦੀ ਵੀਡੀ? ਫੁਟੇਜ ਜਾਂ ਕੋਈ ਜਾਣਕਾਰੀ ਹੋਵੇ ਤਾਂ ਪੁਲਿਸ ਨੂੰ ਫੋਨ ਨੰਬਰ 403-266-1234 ਤੇ ਕਾਲ ਕੀਤੀ ਜਾਵੇ।















# ਅਪਰਾਧਿਕ ਪਿਛੋਕੜ ਵਾਲੇ 17,600 ਲੋਕ ਕੈਨੇਡਾ ਵਿੱਚ ਦਾਖਿਲ ਹੋਏ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਹਜ਼ਾਰਾਂ ਅਪਰਾਧੀਆਂ ਨੂੰ ਦਾਖਲ ਕੀਤੇ ਜਾਣ ਸਬੰਧੀ ਇੱਕ ਰਿਪੋਰਟ ਨਸ਼ਰ ਹੋਈ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਇੱਕ ਦਹਾਕੇ ਦੇ ਦੌਰਾਨ ਅਪਰਾਧਿਕ ਪਿਛੋਕੜ ਵਾਲੇ 17,600 ਲੋਕਾਂ ਨੂੰ ਕੈਨੇਡਾ ਵਿੱਚ ਐਂਟਰੀ ਦਿੱਤੀ ਗਈ ਇਸ ਦੀ ਪੁਸ਼ਟੀ ਇਮੀਗਰੇਸ਼ਨ ਰਿਫਿਊਜੀ ਐਂਡ ਸਿਟੀਜਨਸ਼ਿਪ ਕੈਨੇਡਾ ਯਾਨੀ ਆਈਆਰਸੀਸੀ ਵੱਲੋਂ ਕੀਤੀ ਗਈ ਹੈ। ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਸਾਲ 2014 ਤੋਂ ਲੈ ਕੇ 2024 ਤੱਕ 25 ਹਜਾਰ ਤੋਂ ਵੱਧ ਅਪਰਾਧਿਕ ਪਿਛੋਕੜ ਵਾਲੇ ਵਿਦੇਸ਼ੀਆਂ ਨੇ ਕੈਨੇਡਾ ਵਿੱਚ ਦਾਖਲ ਹੋਣ ਲਈ ਅਰਜ਼ੀਆਂ ਦਿੱਤੀਆਂ ਸਨ ਜਿਨਾਂ ਚੋਂ 70 ਫੀਸ ਦੇ ਕਰੀਬ ਮਨਜ਼ੂਰ ਕਰ ਲਈਆਂ ਗਈਆਂ ਅਤੇ 20 ਫੀਸਦੀ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਅਤੇ ਇਹਨਾਂ ਵਿੱਚੋਂ 10 ਫੀਸਦੀ ਅਰਜੀਆਂ ਵਾਪਸ ਲੈ ਲਈਆਂ ਗਈਆਂ ਸਨ ਆਈਆਰਸੀਸੀ ਦੀ ਸਪੋਕਸ ਪਰਸਨ ਰੇਮੀ ਲਾਰੀਵੀਅਰ ਨੇ ਇੱਕ ਈਮੇਲ ਰਾਹੀਂ ਦਿੱਤੀ ਜਾਣਕਾਰੀ ਵਿੱਚ ਦੱਸਿਆ ਹੈ ਕਿ ਸਾਡੀ ਪਹਿਲ ਹਮੇਸ਼ਾ ਕੈਨੇਡਾ ਵਾਸੀਆਂ ਦੀ ਸੁਰੱਖਿਆ ਵੱਲ ਰਹੀ ਹੈ ਅਤੇ ਇਹ ਜੋ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਦੀਆਂ ਅਰਜ਼ੀਆਂ ਮਨਜ਼ੂਰ ਜਾਂ ਰੱਦ ਕੀਤੀਆਂ ਗਈਆਂ ਹਨ ਇਹ ਆਈਆਰਸੀਸੀ ਦੇ ਤਜਰਬੇਕਾਰ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਕਾਨੂੰਨੀ ਪੱਖਾਂ ਅਤੇ ਬਾਕੀ ਤੱਥਾਂ ਦੀ ਜਾਂਚ ਤੋਂ ਬਾਅਦ ਹੀ ਕੀਤੀਆਂ ਗਈਆਂ ਹਨ ਅਤੇ ਇਹਨਾਂ ਤੱਥਾਂ ਦਾ ਪਤਾ ਲੱਗਣ ਤੇ ਕਿ ਜਿਹੜੇ ਅਪਰਾਧਕ ਪਿਛੋਕੜ ਵਾਲੇ ਲੋਕ ਹਨ ਉਹ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ ਅਤੇ ਕਨੇਡੀਅਨ ਸੋਸਾਇਟੀ ਵਾਸਤੇ ਖਤਰਾ ਨਹੀਂ ਹਨ ਤੋਂ ਬਾਅਦ ਹੀ ਅਰਜ਼ੀਆਂ ਮਨਜ਼ੂਰ ਕੀਤੀਆਂ ਗਈਆਂ ਹਨ ਹਾਲਾਂਕਿ ਆਈਆਰਸੀਸੀ ਵੱਲੋਂ ਉਹਨਾਂ ਵਿਅਕਤੀਆਂ ਵੱਲੋਂ ਕਿਸ ਤਰ੍ਹਾਂ ਦੇ ਅਪਰਾਧ ਕੀਤੇ ਗਏ ਹਨ ਉਹਨਾਂ ਨੂੰ ਵੱਖ ਕਰਨ ਵਾਸਤੇ ਕੋਈ ਢੰਗ ਤਰੀਕਾ ਨਹੀਂ ਅਪਣਾਇਆ ਗਿਆ ਅਤੇ ਇਸ ਦੇ ਨਾਲ ਹੀ ਡਿਪਾਰਟਮੈਂਟ ਨੇ ਇਹ ਵੀ ਨਹੀਂ ਦੱਸਿਆ ਕਿ ਅਜਿਹੀਆਂ ਅਰਜੀਆਂ ਵਾਲੇ ਲੋਕਾਂ ਵਿੱਚੋਂ ਕਿੰਨੇ ਲੋਕ ਕੈਨੇਡਾ ਵਿੱਚ ਸਿਰਫ ਥੋੜੀ ਦੇਰ ਲਈ ਆਉਣਾ ਚਾਹੁੰਦੇ ਸਨ ਮਤਲਬ ਬਤੌਰ ਵਿਜਟਰ ਆਉਣਾ ਚਾਹੁੰਦੇ ਸਨ ਕੰਮ ਕਰਨ ਲਈ ਆਉਣਾ ਚਾਹੁੰਦੇ ਸਨ ਪੜਨ ਲਈ ਆਉਣਾ ਚਾਹੁੰਦੇ ਸਨ ਜਾਂ ਫਿਰ ਪੀਆਰ ਹੋਣ ਲਈ ਆਉਣਾ ਚਾਹੁੰਦੇ ਸਨ ਇਸ ਤੋਂ ਇਲਾਵਾ ਆਈਆਰਸੀਸੀ ਵੱਲੋਂ ਇਸ ਤਰ੍ਹਾਂ ਦਾ ਵੀ ਕੋਈ ਫਿਲਟਰ ਨਹੀਂ ਲਗਾਇਆ ਗਿਆ ਕਿ ਅਰਜ਼ੀਆਂ ਦੇਣ ਵਾਲੇ ਕਿਸ ਦੇਸ਼ ਜਾਂ ਕਿਸ ਖਿੱਤੇ ਤੋਂ ਆ ਰਹੇ ਹਨ ਇੱਕ ਇਮੀਗ੍ਰੇਸ਼ਨ ਮਾਹਰ ਨੇ ਦੱਸਿਆ ਹੈ ਕਿ ਅਜਿਹੀਆਂ ਅਰਜ਼ੀਆਂ ਦੇਣ ਵਾਲੇ ਵਿਅਕਤੀਆਂ ਨੂੰ ਰੀਹੈਬਰੀਟੇਸ਼ਨ ਐਪਲੀਕੇਸ਼ਨ ਦਾਖਲ ਕਰਨ ਵਾ ਲਾਜ਼ਮੀ ਹੈ

# ਬ੍ਰਿਕਸ ਸਹਿਯੋਗ ਅਤੇ ਵਿਕਾਸ ਲਈ ਇੱਕ ਪਲੇਟਫਾਰਮ ਹੈ

## ਇਹ ਕਿਸੇ ਵੀ ਦੇਸ਼ ਦੇ ਵਿਰੁੱਧ ਨਹੀਂ-ਚੀਨ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਚੀਨ ਨੇ ਕਿਹਾ ਕਿ ਬ੍ਰਿਕਸ ਸਮੂਹ ਕਿਸੇ ਵੀ ਤਰ੍ਹਾਂ ਦਾ ਟਕਰਾਅ ਨਹੀਂ ਚਾਹੁੰਦਾ। ਇਹ ਬਿਆਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਧਮਕੀ ਤੋਂ ਬਾਅਦ ਆਇਆ ਹੈ। ਟਰੰਪ ਨੇ ਟਰੂਥ ਸੋਸ਼ਲ 'ਤੇ ਲਿਖਿਆ ਸੀ ਕਿ ਜੋ ਵੀ ਦੇਸ਼ ਅਮਰੀਕਾ ਵਿਰੋਧੀ ਬ੍ਰਿਕਸ ਨੀਤੀਆਂ ਨਾਲ ਜੁੜਦਾ ਹੈ, ਉਸ 'ਤੇ 10% ਵਾਧੂ ਟੈਰਿਫ ਲਗਾਇਆ ਜਾਵੇਗਾ। ਇਸ ਵਿੱਚ ਕਿਸੇ ਨੂੰ ਵੀ ਛੋਟ ਨਹੀਂ ਮਿਲੇਗੀ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਓ ਨਿੰਗ ਨੇ ਕਿਹਾ ਕਿ ਬ੍ਰਿਕਸ ਸਹਿਯੋਗ ਅਤੇ ਵਿਕਾਸ ਲਈ ਇੱਕ ਪਲੇਟਫਾਰਮ ਹੈ, ਇਹ ਕਿਸੇ ਵੀ ਦੇਸ਼ ਦੇ ਵਿਰੁੱਧ ਨਹੀਂ ਹੈ। ਰਾਜਨੀਤਿਕ ਦਬਾਅ ਲਈ ਟੈਰਿਫ ਦੀ ਵਰਤੋਂ ਕਰਨਾ ਗਲਤ ਹੈ। ਵਪਾਰ ਯੁੱਧ ਤੋਂ ਕੋਈ ਜੇਤੂ ਨਹੀਂ ਹੁੰਦਾ ਅਤੇ ਟੈਰਿਫ ਇੱਕ ਰਸਤਾ ਨਹੀਂ ਹੁੰਦੇ। ਦਰਅਸਲ, ਐਤਵਾਰ ਨੂੰ ਬ੍ਰਾਜ਼ੀਲ ਵਿੱਚ ਹੋਏ ਬ੍ਰਿਕਸ ਸੰਮੇਲਨ ਦੌਰਾਨ, ਮੈਂਬਰ ਦੇਸ਼ਾਂ ਨੇ ਜਿੰਨ੍ਹਾਂ ਵਿਚ Braizl, Rusisa, Inida, Cihna South Afirca ਤੋਂ ਇਲਾਵਾ Egypt, Etihoipa, Indoneisa, Iran, Sauid Araiba, Uinted Arab Eimrates ਸ਼ਾਮਿਲ ਹਨ ਨੇ ਅਮਰੀਕਾ ਦਾ ਨਾਮ ਲਏ ਬਿਨਾਂ ਟੈਰਿਫ਼ਾਂ ਦੀ ਆਲੋਚਨਾ ਕੀਤੀ ਸੀ । ਇਸ ਦੇ ਨਾਲ ਹੀ, ਵਿਸ਼ਵ ਵਪਾਰ ਨੂੰ ਹੋਣ ਵਾਲੇ ਨੁਕਸਾਨ 'ਤੇ ਚਿੰਤਾ ਪ੍ਰਗਟ ਕੀਤੀ ਗਈ। ਸਮੂਹ ਨੇ ਕਿਹਾ ਕਿ ਟੈਰਿਫ ਸਪਲਾਈ ਚੇਨ ਨੂੰ ਅਸਥਿਰ ਕਰ ਦੇਣਗੇ। ਟਰੰਪ ਨੇ ਇਸ ਬਿਆਨ ਨੂੰ ਅਮਰੀਕਾ ਦੇ ਖਿਲਾਫ ਮੰਨਿਆ ਅਤੇ ਬ੍ਰਿਕਸ ਦੇਸ਼ਾਂ ਨੂੰ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ 'ਤੇ ਆਰਥਿਕ ਨਤੀਜਿਆਂ ਦਾ ਸਾਹਮਣਾ ਕਰਨ ਦੀ ਚੇਤਾਵਨੀ ਦਿੱਤੀ।

# ਕੈਲਗਰੀ ਦੀ 16 ਸਾਲਾ ਲੜਕੀ ਦੀ ਕਾਰ ਵਿਚੋਂ ਲਾਸ਼ ਮਿਲੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਆਰਸੀਐਮਪੀ ਨੂੰ ਅਲਬਰਟਾ ਦੇ ਸ਼ਹਿਰ ਗਲੈਨਵੁਡ ਤੋਂ ਬਾਹਰਲੇ ਪਾਸੇ ਸੁਨਸਾਨ ਥਾਂ ਦੇ ਖੜੀ ਇੱਕ ਕਾਰ ਵਿੱਚੋਂ ਕੈਲਗਰੀ ਦੀ ਰਹਿਣ ਵਾਲੀ ਇੱਕ 16 ਸਾਲਾ ਲੜਕੀ ਦੀ ਲਾਸ਼ ਮਿਲੀ ਹੈ ਜਿਸ ਤੋਂ ਬਾਅਦ ਹੁਣ ਆਰਸੀਐਮਪੀ ਵੱਲੋਂ ਇਸ ਸਬੰਧੀ ਲੋਕਾਂ ਤੋਂ ਮਦਦ ਮੰਗੀ ਜਾ ਰਹੀ ਹੈ। ਆਰਸੀਐਮਪੀ ਨੇ ਆਖਿਆ ਕਿ ਪੁਲਿਸ ਅਧਿਕਾਰੀਆਂ ਨੂੰ ਗਲੈਨਵੁਡ ਤੋਂ ਡੇਢ ਕਿਲੋਮੀਟਰ ਦੂਰ ਖੜੀ ਇੱਕ ਕਾਰ ਵਿੱਚੋਂ ਚਾਰ ਜੁਲਾਈ ਨੂੰ ਇਸ ਲੜਕੀ ਦੀ ਲਾਸ਼ ਮਿਲੀ ਸੀ ਜਿਸ ਦੀ ਪਹਿਚਾਣ ਕੈਲਗਰੀ ਦੀ 16 ਸਾਲਾ ਜੌਰਡਿਨ "ਰਾਈਲੀ" ਡਾਇਨਜ਼ ਦੇ ਤੌਰ ਤੇ ਹੋਈ ਹੈ ਅਤੇ ਪੁਲਿਸ ਉਸਦੀ ਮੌਤ ਨੂੰ ਸ਼ੱਕੀ ਮੰਨ ਰਹੀ ਹੈ ਅਤੇ ਇਸ ਮਾਮਲੇ ਦੀ ਜਾਂਚ ਹੁਣ ਅਲਬਰਟਾ ਆਰਸੀਆਪੀ ਦੇ ਮੇਜਰ ਕਰਾਈਮ ਯੂਨਿਟ ਵੱਲੋਂ ਸ਼ੁਰੂ ਕੀਤੀ ਗਈ ਹੈ। ਪੁਲਿਸ ਨੇ ਦੱਸਿਆ ਕਿ ਡਾਇਨਜ਼ ਨੂੰ ਆਖਰੀ ਵਾਰ ਤਿੰਨ ਜੁਲਾਈ ਨੂੰ ਬਾਅਦ ਦੁਪਹਿਰ ਪੌਣੇ 3 ਵਜੇ ਦੇ ਕਰੀਬ ਸ਼ਨੂਕ ਸੈਂਟਰ ਮਾਲ ਦੇ ਵਿੱਚ ਦੇਖਿਆ ਗਿਆ ਸੀ ਜਿਸ ਕਾਰ ਵਿੱਚੋਂ ਇਸ ਲੜਕੀ ਦੀ ਲਾਸ਼ ਮਿਲੀ ਹੈ ਉਹ 2009 ਦੀ ਟੋਇਟਾ ਕੈਮਰੀ ਕਾਰ ਹੈ ਹਾਲਾਂਕਿ ਇਸ ਕਾਰ ਦੇ ਚੋਰੀ ਹੋਣ ਬਾਰੇ ਤਾਂ ਰਿਪੋਰਟ ਦਰਜ ਨਹੀਂ ਹੋਈ ਪਰ ਕਾਰ ਦੇ ਮਾਲਕ ਨੇ ਕਿਹਾ ਹੈ ਕਿ ਉਸ ਦੀ ਕਾਰ 4 ਜੁਲਾਈ ਦੀ ਸਵੇਰ ਤੋਂ ਗੁੰਮ ਹੈ। ਆਰਸੀਐਮਪੀ ਨੇ ਮਾਰੀ ਗਈ ਲੜਕੀ ਅਤੇ ਕਾਰ ਦੀਆਂ ਫੋਟੋਆਂ ਵੀ ਜਾਰੀ ਕੀਤੀਆਂ ਹਨ। ਅਤੇ ਉਸਦੀ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੁਲਿਸ ਨੇ ਆਖਿਆ ਹੈ ਕਿ ਜੇਕਰ ਕਿਸੇ ਕੋਲ ਇਸ ਲੜਕੀ ਅਤੇ ਇਸ ਕਾਰ ਨਾਲ ਸੰਬੰਧਿਤ ਕੋਈ ਵੀ ਜਾਣਕਾਰੀ ਹੋਵੇ ਤਾਂ ਪੁਲਿਸ ਦੇ ਫੋਨ ਨੰਬਰ 403-653-4931 ਤੇ ਸੂਚਨਾ ਦਿੱਤੀ ਜਾਵੇ।

# ਅਲਬਰਟਾ ਸੂਬੇ ਵਿੱਚ ਨਵੀਂ ਪੁਲਿਸ ਦੇ ਪਹਿਲੇ ਮੁਖੀ ਸਤਪਾਲ ਸਿੰਘ ਪਰਹਾਰ ਬਣੇ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਨੇ ਸੂਬੇ ਦੀ ਨਵੀਂ ਪੁਲਿਸ ਦਾ ਐਲਾਨ ਕੀਤਾ ਹੈ ।ਪਬਲਿਕ ਸੇਫਟੀ ਮੰਤਰੀ ਮਾਈਕ ਐਲਿਸ ਦੇ ਨਾਲ ਕੈਲਗਰੀ ਵਿੱਚ ਇਹ ਐਲਾਨ ਕਰਦਿਆਂ ਪ੍ਰੀਮੀਅਰ ਨੇ ਆਖਿਆ ਕਿ ਮਿਊਂਸੀਪੈਲਟੀਆਂ ਆਰਸੀਐਮਪੀ ਦੀ ਥਾਂ ਤੇ ਸੂਬਾਈ ਪੁਲਿਸ ਦੀਆਂ ਸੇਵਾਵਾਂ ਲੈ ਸਕਣਗੀਆਂ ਭਾਵੇਂ ਕਿ ਅਲਬਰਟਾ ਦੀ ਆਪਣੀ ਸੂਬਾਈ ਪੁਲਿਸ ਹੋਵੇਗੀ ਪਰ ਆਰਸੀਐਮਪੀ ਸੂਬੇ ਦੀ ਅਧਿਕਾਰਤ ਜਾਂ ਆਫੀਸ਼ੀਅਲ ਏਜੰਸੀ ਹੀ ਵੱਜੋਂ ਹੀ ਬਰਕਰਾਰ ਰਹੇਗੀ । ਇਸ ਪੁਲਿਸ ਨੂੰ ਅਲਬਰਟਾ ਸ਼ੈਰਫ਼ਸ ਪੁਲਿਸ ਸਰਵਿਸ ਨਾਮ ਦਿੱਤਾ ਗਿਆ ਹੈ ਅਤੇ ਇਸ ਨਵੀਂ ਪੁਲਿਸ ਦੇ ਪਹਿਲੇ ਮੁਖੀ ਸਤਪਾਲ ਸਿੰਘ ਪਰਹਾਰ ਨੂੰ ਬਣਾਇਆ ਗਿਆ ਹੈ। ਜਿਨਾਂ ਦੀ ਪੁਲਿਸ ਵਿੱਚ 25 ਸਾਲ ਦੀ ਸਰਵਿਸ ਹੈ। ਪ੍ਰੀਮੀਅਰ ਨੇ ਆਖਿਆ ਕਿ ਸੂਬੇ ਦੀ ਆਪਣੀ ਪੁਲਿਸ ਬਣਾਉਣ ਦਾ ਮੰਤਬ ਫੈਡਰਲ ਸਰਕਾਰ ਵੱਲੋਂ ਆਰਸੀਐਮਪੀ ਵਿੱਚ ਕੁੱਝ ਤਬਦੀਲੀਆਂ ਦੇ ਮੱਦੇ ਨਜ਼ਰ ਆਪਣੀ ਪੁਲੀਸ ਬਣਾਉਣਾ ਹੈ ਪਰ ਨਾਲ ਹੀ ਪ੍ਰੀਮੀਅਰ ਨੇ ਸਪਸ਼ਟ ਕੀਤਾ ਕਿ ਅਲਬਰਟਾ ਸੈਰਫਸ ਪੁਲਿਸ ਸਰਵਿਸ ਕਿਸੇ ਵੀ ਪੁਲਿਸ ਦਾ ਬਦਲ ਨਹੀਂ ਹੋਵੇਗੀ ਯਾਨੀ ਕੋਈ ਵੀ ਪੁਲਿਸ ਸਰਵਿਸ ਖਤਮ ਨਹੀਂ ਕੀਤੀ ਜਾਵੇਗੀ । ਇਸ ਮੌਕੇ ਤੇ ਸੰਬੋਧਨ ਕਰਦਿਆਂ ਸਤਪਾਲ ਸਿੰਘ ਪਰਹਾਰ ਨੇ ਕਿਹਾ ਕਿ ਉਹ ਇਸ ਵੱਡੀ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।


















ਆਖਿਰੀ ਫੇਸ ਛੇਤੀ ਆ ਰਿਹਾ ਹੈ !

ਉਮਰ ਭਰ ਰਹਿਣ ਵਾਲੀ ਜ਼ਿੰਦਗੀ ਇੱਥੋਂ ਸ਼ੁਰੂ ਹੁੰਦੀ ਹੈ

ਆਪਣੀ ਵਧੀ ਹੋਈ ਕੁਦਰਤੀ ਸੈਟਿੰਗ, ਵਿਲੱਖਣ ਥਾਵਾਂ ਅਤੇ ਦ੍ਰਿਸ਼ਾਂ ਦੇ ਨਾਲ, ਐਂਬਲਟਨ ਉੱਤਰੀ-ਪੱਛਮੀ ਕੈਲਗਰੀ ਦੇ ਸਭ ਤੋਂ ਵਧੀਆ ਦ੍ਰਿਸ਼ਾਂ ਨੂੰ ਦਰਸਾਉਂਦਾ ਹੈ। ਖੇਡ ਦੇ ਖੇਤਰ, ਅਤੇ ਸਥਾਨਕ ਅਤੇ ਖੇਤਰੀ ਮਾਰਗ ਨੈੱਟਵਰਕ ਭਾਈਚਾਰੇ ਦੀ ਪੜਚੋਲ ਕਰਨਾ ਆਸਾਨ ਬਣਾਉਂਦੇ ਹਨ। ਨੇੜੇ-ਤੇੜੇ ਕਾਫ਼ੀ ਪ੍ਰਚੂਨ ਅਤੇ ਸਕੂਲਾਂ, ਅਤੇ ਭਵਿੱਖ ਦੀ ਹਾਈ ਸਕੂਲ ਸਾਈਟ ਦੇ ਨਾਲ, ਐਂਬਲਟਨ ਵਿੱਚ ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ।

ਲੇਨਡ ਹੋਮ
FROM THE HIGH $500s

ਫਰੰਟ ਗੈਰਾਜ
FROM THE MID $700s

ਆਖਿਰੀ ਫੇਸ ਕਦੋਂ ਰਿਲੀਜ ਹੁੰਦਾ ਹੈ
ਇਹ ਜਾਣਨ ਵਾਲੇ ਪਹਿਲੇ ਵਿਅਕਤੀ ਬਣਨ ਲਈ ਰਜਿਸਟਰ ਕਰੋ।

liveinambleton.com

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO communities



**Bains Vision Centre**

ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ

**Dr.Jaswinder S Bains**
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1



**ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ**

ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:
All Type of Residential & Commercial Woodwork
Interior Finishing: Kitchen Cabinets:
Railing & Decorating

Manpreet Thind
Ph: (403) 455-1000
www.perfectfinishing.ca

Perfect Finishing Corp.
NewStar Cabinets Ltd.
3341 19 St NE Calgary AB T2E 6S8



**Sidhu Accounting & Financial Services**

Accounting Services
Personal Tax Returns
- Corporate Tax Returns
- Computerized Bookkeeping
- T4's
- Record of Employment

Financial Services
- RRSP
- Life Insurance
  Term Life
  Universal Life
- Critical Illness Insurance
- Segregated Funds

IQBAL SIDHU
(403) 568-2667

ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।

#202, 4656 Weswinds Drive NE. Calgary AB T3J 3Z5



**Asia Pacific Immigration Consulting Ltd.**
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ

ਇਮੀਗ੍ਰੇਸ਼ਨ ਸੇਵਾਵਾਂ
- ਮਾਪਿਆਂ ਲਈ ਸੁਪਰ ਵੀਜ਼ਾ
- ਪਰਿਵਾਰਕ ਸਪਾਂਸਰਸ਼ਿਪ
- ਐਲ ਐਮ ਓ ਐਪਲੀਕੇਸ਼ਨ
- ਵਰਕ ਪਰਮਿਟ
- ਰੱਦ ਕੀਤੇ ਕੇਸਾਂ ਵਾਸਤੇ ਅਪੀਲ

Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001

iccrc crcic
Call for an appointment
403-225-1111
Toll Free 1-855-723-0001

Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

**Delta-A Stucco Ltd.**
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com



**NORTHEAST AUTOMOTIVE**
Bring your vehicle into NorthEast Automotive and be on smoother, stress free roads
First Choice for Engine Repair

ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।

Contact:
DEEP
4205-17 Ave SE
Calgary (AB)

Fax: 403 313 9993
Email: deep@neauto.ca

www.neauto.ca Ph. 403-263-1000, 403-250-7038


BHINDER EXTERIORS LTD.
BHINDER
EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com


Vermilion Hill
New Phase Now Selling
ਸਾਊਥ ਵੈਸਟ ਕੈਲਗਰੀ ਵਿੱਚ ਨਵਾਂ ਨਕੋਰ ਭਾਈਚਾਰਾ
ਵਰਮਿਲੀਅਨ ਹਿੱਲ ਦੇ ਫੇਜ਼ 4 ਵਿੱਚ ਦਿਲਚਸਪ ਘਰੇਲੂ ਵਿਕਲਪ ਹਨ ਭਵਿੱਖ ਦੇ ਸਕੂਲ ਸਾਈਟ ਦੇ ਨਾਲ ਲੱਗਦੇ ਖੇਡ ਦੇ ਮੈਦਾਨਾਂ ਵਿੱਚ ਚੁਣੇ ਹੋਏ ਲਾਟ ਹਨ। ਇਸ ਸ਼ਾਨਦਾਰ ਸਾਊਥ-ਵੈਸਟ ਭਾਈਚਾਰੇ ਵਿੱਚ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਨਵੇਂ ਸ਼ੋਅ ਹੋਮਾਂ ਵਿੱਚੋਂ ਇੱਕ 'ਤੇ ਜਾਓ ਜੋ ਕੈਲਗਰੀ ਦੇ ਸ਼ਹਿਰ ਅਤੇ ਰੌਕੀ ਪਹਾੜਾਂ ਦੇ ਸ਼ਾਨਦਾਰ ਦ੍ਰਿਸ਼ ਪੇਸ਼ ਕਰਦਾ ਹੈ।
ਟਾਊਨ ਹੋਮਜ
From the Mid $500s
ਲੇਨਡ ਹੋਮਜ
From the Low $600s
ਫਰੰਟ ਗੈਰਾਜ ਹੋਮਜ
From the Mid $700s
Award-Winning Builders
• NuVista Homes • Genesis Builders • Shane Homes
• Homes by Avi • Sterling Homes • Broadview Homes
ਆਪਣੀ ਲਾਟ ਲੱਭੋ!
liveinvermilionhill.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


ਚੈਸਟਰਮੀਅਰ ਵਿੱਚ ਅਜਿਹਾ ਭਾਈਚਾਰਾ ਜਿੱਥੇ ਤੁਹਾਨੂੰ ਆਪਣਾ ਘਰ ਕਹਿਣ 'ਤੇ ਮਾਣ ਹੋਵੇਗਾ
ਝੀਲ ਦੇ ਕਿਨਾਰੇ ਸਥਿਤ ਸ਼ਹਿਰ ਚੈਸਟਰਮੇਰ ਵਿੱਚ, ਡਾਸਨਜ਼ ਲੈਂਡਿੰਗ ਇੱਕ ਸਥਾਪਿਤ ਭਾਈਚਾਰਾ ਹੈ ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁੱਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਨੇੜਲੇ ਭਵਿੱਖ ਲਈ ਯੋਜਨਾਬੱਧ ਇੱਕ ਡੌਗ ਪਾਰਕ ਅਤੇ ਈਕੋ ਪਾਰਕ ਦੇ ਨਾਲ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।
• Broadview Homes • Sterling Homes • NuVista Homes
• Truman Homes • Trico Homes • Genesis Builders
DAWSON'S LANDING CHESTERMERE
ਬੰਗਲੋ ਘਰ
ਫਰੰਟ ਗੈਰਾਜ ਡੁਪਲੈਕਸ
ਸਿੰਗਲ ਫਰੰਟ ਗੈਰਾਜ ਘਰ
Introducing Semi-Estates
/ Wide Lots* / Triple Garages / Walkout Homes / Mountain Views
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


PAINTED SKY LANGDON
ਲੈਂਗਡਨ ਦੇ ਪ੍ਰੇਰੀ ਹੈਮਲੇਟ ਵਿੱਚ ਜੀ ਆਇਆਂ ਨੂੰ
ਨਵੀਆਂ ਸਹੂਲਤਾਂ ਸੌਖਾਲਿਆਂ ਹੀ ਲਵੋ
ਪੇਂਟਿਡ ਸਕਾਈ ਕਮਿਉਨਿਟੀ ਵਿੱਚ ਤੁਹਾਡਾ ਸਵਾਗਤ ਹੈ,ਲੈਂਗਡਨ ਦੇ ਪ੍ਰੇਰੀ ਹੈਮਲੇਟ ਵਿੱਚ ਇੱਕ ਜੀਵੰਤ ਭਾਈਚਾਰਾ,ਜਿੱਥੇ ਛੋਟੇ ਸਹਿਰ ਦਾ ਸੁਹਜ ਆਧੁਨਿਕ ਸਹੂਲਤਾਂ ਨੂੰ ਪੂਰਾ ਕਰਦਾ ਹੈ। ਕੈਲਗਰੀ ਤੋਂ ਸਿਰਫ 20 ਮਿੰਟ ਦੀ ਦੂਰੀ ਉੱਪਰ ਪੇਂਟਿਡ ਸਕਾਈ ਪਰਿਵਾਰਾਂ ਲਈ ਡਿਜ਼ਾਇਨ ਕੀਤੇ ਗਏ ਵਿਸ਼ਾਲ ਘਰ ਪੇਸ਼ ਕਰਦਾ ਹੈ। ਪੇਂਟਿਡ ਸਕਾਈ ਵਿਖੇ ਜਗ੍ਹਾ,ਭਾਈਚਾਰੇ ਅਤੇ ਸਹੂਲਤਾਂ ਦੇ ਸੰਪੂਰਨ ਸੰਤੁਲਨ ਦੀ ਖੋਜ ਕਰੋ।
ਜਲਦੀ ਆ ਰਿਹਾ ਹੈ!
ਖੇਡ ਮੈਦਾਨ,ਪਰਿਵਾਰਾਂ ਲਈ ਮਜ਼ੇਦਾਰ ਜਗ੍ਹਾ ਵਾਲੀ ਪਹਿਲੀ ਕਮਿਊਨਿਟੀ
ਆਈ ਜੀ ਏ, ਡੌਲਰਾਮਾ,ਮੈਕਡੋਨਲਡ ਅਤੇ ਹੋਰ ਬਹੁਤ ਨਵੀਆਂ ਸਹੂਲਤਾਂ
ਤੁਹਾਡੇ ਨਵੇਂ ਘਰ ਤੋਂ ਸਾਰਾ ਕੁੱਝ ਤੁਹਾਡੀ ਪੈਦਲ ਪਹੁੰਚ ਵਿੱਚ
ਫਰੰਟ ਗੈਰਾਜ ਹੋਮਜ
ਫਰੋਮ ਦੀ ਮਿੱਡ
$700s
ਬੰਗਲੋਅ ਹੋਮਜ
ਫਰੋਮ ਦੀ ਲੋਅ
$700s
ਆਓ ਦੇਖੋ
paintedskyinlangdon.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities